B.Com. III Year Punjabi – B

Paper – XV : Punjabi Compulsory
Punjabi Drama : RANI JINDAN
Study Material : 2



SCHOOL OF OPEN LEARNING
(Campus of Open Learning)
University of Delhi

Department of Punjabi

Graduate Course

PAPER XV : Punjabi Compulsory 'B'
Punjabi Drama:' RANI JINDAN'
By Harcharan Singh
Study material:2

CONTENTS:

Lesson 1	:	Modern Punjabi Drama,its background and Dramatist Harcharan Singh
Lesson 2	:	Summary of drama 'Rani Jindan'
Lesson 3	:	Theam of drama 'Rani Jindan'
Lesson 4	:	Characterisation in the Drama
Lesson 5	:	'Rani Jindan' A Critical Study

Prepared by :
Dr. Vinayneet Kaur

SCHOOL OF OPEN LEARNING
University of Delhi
5, Cavalry Lane, Delhi -110007

Academic Session 2011-2012 (500 Copies)

© School of Open Learning

Published by: Executive Director, School of open Learning, 5, Cavalry Lane, Delhi-110007
Printed at : Samira Printing Press, F-7/15, Krishna Nagar, Delhi-110051, Ph. 22001751

ਪਾਠ–1

ਆਧੁਨਿਕ ਪੰਜਾਬੀ ਨਾਟਕ ਦੀ ਪਿਠਭੂਮੀ ਅਤੇ ਨਾਟਕਕਾਰ ਹਰਚਰਨ ਸਿੰਘ

ਭੂਮਿਕਾ:

ਆਪਣੇ ਇਸ ਪਾਠਕ੍ਰਮ ਵਿਚ ਤੁਸੀਂ ਡਾ: ਹਰਚਰਨ ਸਿੰਘ ਦਾ ਨਾਟਕ 'ਪੰਜਾਬ 'ਚ ਇਕੋ ਮਰਦ-ਰਾਣੀ ਜਿੰਦਾਂ ਪੜ੍ਹਨਾ ਹੈ। ਨਾਟਕ ਨਾਲ ਸੰਬੰਧਿਤ ਤੁਹਾਡੇ ਕੋਲੋਂ ਕਈ ਤਰ੍ਹਾਂ ਦੇ ਪ੍ਰਸ਼ਨ ਪੁੱਛੇ ਜਾ ਸਕਦੇ ਹਨ, ਜਿਨ੍ਹਾਂ ਬਾਰੇ ਵਿਸਤਾਰ ਸਹਿਤ ਚਰਚਾ ਅਸੀਂ ਬਾਅਦ ਵਿਚ ਕਰਾਂਗੇ ਪਰ, ਉਨ੍ਹਾਂ ਪ੍ਰਸ਼ਨਾਂ ਨੂੰ ਅਤੇ ਉਨ੍ਹਾਂ ਦੇ ਉੱਤਰਾਂ ਨੂੰ ਸਹੀ ਤਰ੍ਹਾਂ ਸਮਝਣ ਲਈ ਤੁਹਾਨੂੰ ਆਪਣੀ ਨਾਟਕ ਪਰੰਪਰਾ ਬਾਰੇ ਥੋੜ੍ਹੀ-ਬਹੁਤ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ। ਇਸ ਲਈ ਸਭ ਤੋਂ ਪਹਿਲਾਂ ਅਸੀਂ ਪੰਜਾਬੀ ਦੀ ਉਸ ਨਾਟਕ ਪਰੰਪਰਾ ਬਾਰੇ ਵਿਚਾਰ ਕਰਾਂਗੇ ਜਿਹੜੀ ਹਰਚਰਨ ਸਿੰਘ ਦੇ ਲਿਖਣ ਕਾਲ ਤੋਂ ਪਹਿਲਾਂ ਵਿਕਾਸ ਕਰ ਚੁੱਕੀ ਸੀ। ਇਸ ਪਰੰਪਰਾ ਉਪਰ ਵਿਚਾਰ ਕਰ ਲੈਣ ਤੋਂ ਬਾਅਦ ਅਸੀਂ ਆਪਣੇ ਇਸ ਪਾਠ ਵਿਚ ਹਰਚਰਨ ਸਿੰਘ ਅਤੇ ਉਸਦੇ ਨਾਟਕਾਂ ਸੰਬੰਧੀ ਹਲਕਾ ਜਿਹਾ ਗਿਆਨ ਦੇਣ ਦੀ ਕੋਸ਼ਿਸ਼ ਕਰਾਂਗੇ। 'ਰਾਣੀ ਜਿੰਦਾਂ' ਨਾਟਕ ਕਾਲ ਸੰਬੰਧਿਤ ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣ ਸਮੇਂ ਤੁਹਾਨੂੰ ਇਸ ਪਾਠ ਦੀ ਸਾਰੀ ਸਮਗਰੀ ਦਾ ਪੂਰਾ ਗਿਆਨ ਹੋਣਾ ਚਾਹੀਦਾ ਹੈ, ਅਜਿਹਾ ਕਰਨ ਨਾਲ ਤੁਹਾਨੂੰ ਸੰਬੰਧਤ ਪ੍ਰਸ਼ਨਾਂ ਦੇ ਉੱਤਰ ਬਹੁਤ ਸਰਲ ਲੱਗਣਗੇ।

ਭਾਰਤੀ ਨਾਟਕ ਪਰੰਪਰਾ

ਹਰਚਰਨ ਸਿੰਘ ਨਾਲ ਸੰਬੰਧਤ ਆਧੁਨਿਕ ਪੰਜਾਬੀ ਨਾਟਕ ਦਾ ਅਰੰਭ ਵੀਹਵੀਂ ਸਦੀ ਦੇ ਸ਼ੁਰੂ ਤੋਂ ਮੰਨਿਆ ਜਾਂਦਾ ਹੈ। ਪਰ ਭਾਰਤੀ ਨਾਟਕ ਦੀ 'ਸੰਸਕ੍ਰਿਤ ਨਾਟ-ਪਰੰਪਰਾ' ਜੋ ਇਸ ਤੋਂ ਬਹੁਤ ਪਹਿਲਾਂ ਸਾਡੇ ਕੋਲ ਮੌਜੂਦ ਸੀ, ਸਿਰਫ਼ ਭਾਰਤ ਵਿਚ ਹੀ ਨਹੀਂ ਸਗੋਂ ਦੁਨੀਆਂ ਦੇ ਨਾਟਕ-ਇਤਿਹਾਸ ਵਿਚ ਮਾਣਯੋਗ ਸਥਾਨ ਰੱਖਦੀ ਹੈ। ਇਸ ਤਰ੍ਹਾਂ ਪੁਰਾਤਨ ਭਾਰਤੀ ਨਾਟਕ ਉਪਰ ਪੰਜਾਬੀ ਦਾ ਵੀ ਉਨਾ ਹੀ ਹੱਕ ਹੈ ਜਿੰਨਾ ਕਿ ਬਾਕੀ ਭਾਰਤੀ ਭਾਸ਼ਾਵਾਂ ਦਾ। ਕਿਸੇ ਸਮੇਂ ਭਾਰਤ ਦੀ ਨਾਟਕ ਪਰੰਪਰਾ ਬਹੁਤ ਉੱਨਤ ਸੀ। ਤੁਸੀਂ ਕਾਲੀਦਾਸ ਦਾ ਨਾਮ ਤਾਂ ਜ਼ਰੂਰ ਸੁਣਿਆ ਹੋਵੇਗਾ, ਉਹ ਭਾਰਤ ਦੀ ਨਾਟਕ ਪਰੰਪਰਾ ਨਾਲ ਸੰਬੰਧਤ ਇਕ ਬਹੁਤ ਪ੍ਰਸਿੱਧ ਨਾਮ ਹੈ। ਇਸ ਤੋਂ ਇਲਾਵਾ ਵੀ ਇਸ ਸਮੇਂ ਸੰਸਕ੍ਰਿਤ ਨਾਟਕ ਲਿਖਣ ਵਾਲੇ ਹੋਰ ਕਈ ਪ੍ਰਸਿੱਧ ਨਾਟਕਕਾਰ ਹਨ। ਭਾਰਤ ਦੇ ਇਤਿਹਾਸ ਵਿਚ ਜਿਸ ਨੂੰ ਅਸੀਂ ਗੁਪਤ ਸਮਰਾਟਾਂ ਦਾ ਸਮਾਂ ਕਹਿੰਦੇ ਹਾਂ ਉਹ ਤਾਂ ਇਸ ਨਾਟਕ ਪਰੰਪਰਾ ਲਈ ਬਹੁਤ ਪ੍ਰਸਿੱਧ ਅਤੇ ਮਹੱਤਵਪੂਰਨ ਸਮਾਂ ਰਿਹਾ ਹੈ। ਪਰੰਤੂ ਇਸ ਤੋਂ ਬਾਅਦ ਵਾਲੇ ਸਮਿਆਂ ਵਿਚ ਭਾਰਤੀ ਨਾਟਕ ਦੀ ਇਹ ਅਮੀਰ ਪਰੰਪਰਾ ਨਿਰੰਤਰ ਚਲਦੀ ਨਾ ਰਹਿ ਸਕੀ, ਇਸਦੇ ਕਾਰਣਾ ਬਾਰੇ ਅਸੀਂ ਹਲਕੀ ਜਿਹੀ ਚਰਚਾ ਕਰਾਂਗੇ। ਇਥੇ ਇਹ ਵੀ ਜਾਣ ਲੈਣਾ ਬਹੁਤ ਜ਼ਰੂਰੀ ਹੈ ਕਿ ਸਾਡੀ ਮਿੱਟੀ ਵਿਚ ਨਾਟਕ ਦੇ ਬੀਜ ਮੌਜੂਦ ਸਨ, ਜਿਸਨੂੰ ਸਹੀ ਸਮੇਂ ਅਤੇ ਸਹੀ ਵਿਅਕਤੀਆਂ ਦੀ ਲੋੜ ਸੀ, ਤਾਂ ਜੋ ਉਹ ਵਿਕਸਿਤ ਹੋ ਸਕੇ।

ਭਾਰਤੀ ਨਾਟਕ ਉਪਰ ਮੁਸਲਮਾਨੀ ਪ੍ਰਭਾਵ :

ਉਪਰ ਅਸੀਂ ਕਿਹਾ ਹੈ ਕਿ ਇਸ ਸਮੇਂ ਭਾਰਤੀ ਨਾਟਕ ਪਰੰਪਰਾ ਆਪਣੇ ਸਿਖਰਾਂ ਤੇ ਸੀ, ਫਿਰ ਇਸ ਦੇ ਦਬ ਜਾਣ ਦੇ ਕੀ ਕਾਰਣ ਸਨ? ਮੁਸਲਮਾਨੀ ਸੱਭਿਅਤਾ ਇਸਦੇ ਵਿਕਾਸ ਦੇ ਰਾਹ ਦੀ ਰੁਕਾਵਟ ਸੀ। ਜਦੋਂ ਮੁਸਲਮਾਨਾਂ ਨੇ ਭਾਰਤ ਵਿਚ ਪ੍ਰਵੇਸ਼ ਕੀਤਾ ਤਾਂ ਉਨ੍ਹਾਂ ਦੀ ਸਭਿਅਤਾ ਨੇ ਅਨੇਕਾਂ ਰੂਪਾਂ ਵਿਚ ਪ੍ਰਭਾਵਿਤ ਕੀਤਾ। ਮੁਸਲਮਾਨ ਧਾਰਮਿਕ ਤੌਰ ਤੇ ਹੀ ਨਾਟਕ ਕਲਾ ਦੇ ਖਿਲਾਫ਼ ਸਨ। ਕੋਈ ਵੀ ਕਲਾ ਰਾਜ ਦੀ ਸਰਪ੍ਰਸਤੀ ਨਾਲ ਹੀ ਵਿਕਾਸ ਕਰ ਸਕਦੀ ਹੈ। ਪਰ, ਇੱਥੇ ਦੇ ਹਾਲਾਤ ਇਹ ਸਨ ਕਿ ਬਜਾਏ ਨਾਟਕ-ਕਲਾ ਨੂੰ ਸਰਪ੍ਰਸਤੀ ਮਿਲਦੀ, ਉਸ ਰਾਜ ਦੇ ਵਿਰੋਧ ਨੇ ਉਸਨੂੰ ਦਬਾ ਦਿੱਤਾ। ਨਤੀਜਾ ਇਹ ਹੋਇਆ ਕਿ ਸਿਰਫ਼ ਪੰਜਾਬ ਵਿਚ ਹੀ ਨਹੀਂ ਸਗੋਂ ਸਾਰੇ ਉੱਤਰ ਭਾਰਤ ਵਿਚ ਹੀ ਨਾਟਕ-ਕਲਾ ਲਗਭਗ ਗਵਾਚ ਗਈ ਪ੍ਰਤੀਤ ਹੋਣ ਲੱਗੀ। ਫਲਸਰੂਪ ਪੰਜਾਬ ਵਿਚ ਕੋਈ 1500 ਸਾਲਾਂ ਤਕ ਨਾਟਕ ਜਾਂ ਰੰਗਮੰਚ ਪੈਦਾ ਨਾਂ ਹੋ ਸਕਿਆ ਅਤੇ ਬਹੁਤ ਲੰਮੇ ਅਰਸੇ ਬਾਅਦ ਜਦੋਂ ਪੰਜਾਬ ਵਿਚ ਨਾਟ-ਪਰੰਪਰਾ ਦਾ ਉਦੈ ਹੋਣ ਲੱਗਾ ਤਾਂ ਉਸਦਾ ਸਰੂਪ ਆਪਣੀ ਪੁਰਾਣੀ ਪਰੰਪਰਾ ਨਾਲੋਂ ਅਸਲੋਂ ਵਖਰਾ ਸੀ, ਕਿਉਂਕਿ ਇਹ ਨਾਟਕ ਆਪਣੀ ਅਮੀਰ ਪਰੰਪਰਾ ਤੋਂ ਪ੍ਰਭਾਵਿਤ ਹੋਣ ਦੀ ਬਜਾਏ ਪੱਛਮ ਤੋਂ ਪ੍ਰਭਾਵਿਤ ਹੋਇਆ।

ਮੁਸਲਮਾਨਾ ਦੇ ਆਉਣ ਨਾਲ ਕੇਵਲ ਨਾਟਕ ਹੀ ਨਹੀਂ ਸਗੋਂ ਦੂਜਾ ਸਾਹਿਤ ਵੀ ਪ੍ਰਭਾਵਿਤ ਹੋਇਆ। ਗੁਰੂਆਂ ਦੇ ਸਮੇਂ ਤੋਂ ਪਹਿਲਾਂ ਜਾਂ ਤਾਂ ਸਾਹਿਤ ਲਗਭਗ ਨਾ ਦੇ ਬਰਾਬਰ ਹੀ ਲਿਖਿਆ ਗਿਆ ਜਾਂ ਰਾਜਸੀ ਉੱਥਲ ਪੁੱਥਲ ਵਿਚ ਗੁੰਮ-ਗੁਮਾ ਗਿਆ। ਪੰਜਾਬੀ ਵਿਚ ਸਾਹਿਤ ਦਾ ਪੁਨਰ ਆਰੰਭ ਸਿੱਖ ਗੁਰੂਆਂ ਦੀ ਬਾਣੀ ਤੋਂ ਹੋਇਆ ਪਰ, ਇਸ ਸਮੇਂ ਵੀ ਨਾਟਕ ਦੀ ਰਚਨਾ ਮੁੜ ਨਾ ਹੋਈ, ਕਿਉਂਕਿ ਵਾਤਾਵਰਣ ਅਜੇ ਵੀ ਉਨ੍ਹਾਂ ਦੇ ਹੱਕ ਵਿਚ ਨਹੀਂ ਸੀ, ਪਰ ਜਿਸ ਅਮੀਰ ਨਾਟ-ਪਰੰਪਰਾ ਦਾ ਅਸੀਂ ਉੱਪਰ ਜ਼ਿਕਰ ਕੀਤਾ ਹੈ, ਉਸਦਾ ਪ੍ਰਭਾਵ ਪੰਜਾਬੀ ਲੇਖਕਾਂ ਦੇ ਮਨਾਂ ਉਪਰ ਅਜੇ ਪ੍ਰਤੱਖ ਸੀ। ਜਿਸ ਦਾ ਪਤਾ ਸਾਨੂੰ

ਉਨ੍ਹਾਂ ਦੀਆਂ ਉਨ੍ਹਾਂ ਲਿਖਤਾਂ ਤੋਂ ਲਗਦਾ ਹੈ ਜਿਹੜੀਆਂ ਮੂਲ ਵਿਚ ਨਾਟਕੀ ਬਿਰਤੀ ਵਾਲੀਆਂ ਨਹੀਂ ਤਾਂ ਵੀ ਉਨ੍ਹਾਂ ਦੇ ਲੇਖਕਾਂ ਨੂੰ ਨਾਟਕ ਦੇ ਨਾਮ ਨਾਲ ਸੰਬੰਧਤ ਕਰਨਾ ਵਧੇਰੇ ਯੋਗ ਸਮਝਿਆ। ਕਵਿਤਾ ਵਿਚ ਰਚੀਆਂ ਗਈਆਂ ਅਜਿਹੀਆਂ ਰਚਨਾਵਾਂ ਹਨੁਮਾਨ ਨਾਟਕ ਅਤੇ ਬਚਿਤ੍ਰ ਨਾਟਕ ਇਸ ਪ੍ਰਕਾਰ ਦੀਆਂ ਹੀ ਰਚਨਾਵਾਂ ਸਨ। ਇਹ ਹੀ ਨਹੀਂ ਪੰਜਾਬੀਆਂ ਦੇ ਇਸ ਰੂਪ ਪ੍ਰਤੀ ਮੋਹ ਦੀ ਸੂਚਨਾ ਰਾਸਾਂ, ਭੰਡਾਂ ਦੀਆਂ ਨਕਲਾਂ ਅਤੇ ਸਾਂਗ ਵੀ ਦਿੰਦੇ ਹਨ। ਇਸ ਰੂਪ ਦੇ ਅੰਸ਼ ਕਿਸੇ ਹੱਦ ਤਕ ਗਿੱਧੇ , ਨਾਚ, ਬੋਲੀਆਂ ਆਦਿ ਵਿਚ ਵੀ ਮਲਦੇ ਹਨ। ਰਾਮ ਲੀਲਾ ਅਤੇ ਕ੍ਰਿਸ਼ਨ ਲੀਲਾ ਵੀ ਇਸ ਨਾਲ ਸੰਬੰਧਿਤ ਕੀਤੇ ਜਾ ਸਕਦੇ ਹਨ। ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਨਾਟਕ-ਕਲਾ ਭਾਵੇਂ ਬੜੇ ਲੰਮੇ ਅਰਸੇ ਤਕ ਅਨੁਸਾਰੀ ਹਾਲਾਤ ਦੀ ਗੈਰਹਾਜ਼ਰੀ ਕਾਰਣ ਵਿਕਸਿਤ ਨਾ ਹੋ ਸਕੀ ਤਾਂ ਵੀ ਇਸਦਾ ਅਸਲੋਂ ਬੀਜ ਕਦੇ ਖ਼ਤਮ ਨਹੀਂ ਸੀ ਹੋ ਸਕਿਆ। ਇਸ ਕਲਾ ਪ੍ਰਤੀ ਰੁਚੀ ਪੰਜਾਬੀਆਂ ਵਿਚ ਸਦਾ ਕਾਇਮ ਰਹੀ।

ਪੰਜਾਬੀ ਨਾਟਕ ਉੱਪਰ ਪੱਛਮੀ ਪ੍ਰਭਾਵ

ਪੰਜਾਬ ਉਪਰ ਅੰਗ੍ਰੇਜ਼ੀ ਰਾਜ ਦੀ ਸਥਾਪਤੀ ਤੋਂ ਬਾਅਦ ਪੰਜਾਬੀ ਸਭਿਅਤਾ ਉਪਰ ਅੰਗ੍ਰੇਜ਼ੀ ਸਭਿਅਤਾ ਦਾ ਪ੍ਰਭਾਵ ਪੈਣਾ ਸ਼ੁਰੂ ਹੋ ਗਿਆ। ਇਹ ਪ੍ਰਭਾਵ ਸਾਡੇ ਸਾਹਿਤ ਉੱਤੇ ਪੈਣਾ ਵੀ ਸੁਭਾਵਕ ਸੀ। ਇਸੇ ਪ੍ਰਭਾਵ ਅਧੀਨ ਬਹੁਤ ਸਾਰੇ ਸਾਹਿਤ ਰੂਪਾਂ ਵਿਚ ਸਾਹਿਤ ਰਚਨਾ ਹੋਣੀ ਸ਼ੁਰੂ ਹੋਈ। ਅੰਗ੍ਰੇਜ਼ੀ ਰਾਜ ਦੀ ਪੰਜਾਬ ਵਿਚ ਪੂਰਨ ਸਥਾਪਤੀ ਤੋਂ ਬਾਅਦ ਪੰਜਾਬ ਦੇ ਸਕੂਲਾਂ ਕਾਲਜਾਂ ਵਿਚ ਪੜ੍ਹਾਈ ਜਾ ਰਹੀ ਵਿਦਿਆ ਰਾਹੀਂ ਪੰਜਾਬੀ ਵਿਦਿਆਰਥੀਆਂ ਅਤੇ ਵਿਦਵਾਨਾਂ ਦਾ ਵਾਹ ਅੰਗ੍ਰੇਜ਼ੀ ਸਾਹਿਤ ਦੇ ਭਿੰਨ-ਭਿੰਨ ਰੂਪਾਂ ਦੇ ਨਾਲ-ਨਾਲ ਅੰਗ੍ਰੇਜ਼ੀ ਵਿਚ ਲਿਖੇ ਨਾਟਕਾਂ ਨਾਲ ਵੀ ਪਿਆ। ਨਤੀਜੇ ਵਜੋਂ ਉਨ੍ਹਾਂ ਦੇ ਮਨਾਂ ਅੰਦਰ ਪੰਜਾਬੀ ਵਿਚ ਨਾਟਕ ਲਿਖਣ ਅਤੇ ਅੰਗ੍ਰੇਜ਼ੀ ਨਾਟਕਾਂ ਨੂੰ ਪੰਜਾਬੀ ਵਿਚ ਅਨੁਵਾਦ ਕਰਨ ਦੀ ਰੁਚੀ ਪੈਦਾ ਹੋਈ। ਇਸ ਸਮੇਂ ਦੇ ਪੰਜਾਬੀ ਨਾਟਕਾਂ ਦਾ ਸਾਰੇ ਦਾ ਸਾਰਾ ਝੁਕਾਓ ਹੀ ਪੱਛਮੀ ਨਾਟ ਪਰੰਪਰਾ ਵਲ ਰਿਹਾ ਹੋਵੇ ਇਸ ਬਾਰੇ ਨਿਸ਼ਚਿਤ ਤੌਰ ਤੇ ਨਹੀਂ ਕਹਾ ਜਾ ਸਕਦਾ, ਕਿਉਂਕਿ ਇਸ ਸਮੇਂ ਦੌਰਾਨ ਲਿਖੇ ਗਏ ਨਾਟਕਾਂ ਤੋਂ ਇਹ ਸਾਫ਼ ਪਤਾ ਲਗਦਾ ਹੈ ਕਿ ਇਹ ਨਾਟਕ ਪੱਛਮੀ ਨਾਟ-ਕਲਾ ਤੋਂ ਪ੍ਰਭਾਵਿਤ ਤਾਂ ਸਨ, ਪਰ ਇਨ੍ਹਾਂ ਨੇ ਸੰਸਕ੍ਰਿਤ ਨਾਟ-ਪਰੰਪਰਾ ਤੋਂ ਵੀ ਲੋੜੀਂਦੀ ਮਦਦ ਲਈ, ਇਥੇ ਇਹ ਗੱਲ ਵਿਸ਼ੇਸ਼ ਤੌਰ ਤੇ ਜਾਣ ਲੈਣੀ ਜਰੂਰੀ ਹੈ ਕਿ ਪੱਛਮੀ-ਪ੍ਰਭਾਵ ਨਾਲ ਪੰਜਾਬੀਆਂ ਵਿਚ ਨਾਟਕੀ-ਚੇਤਨਾ ਦਾ ਉਦੈ ਤਾਂ ਬੇਸ਼ੱਕ ਹੋ ਚੁੱਕਾ ਸੀ, ਪਰ ਵੀਹਵੀਂ ਸਦੀ ਦੇ ਅਰੰਭਲੇ ਦੋ ਦਹਾਕਿਆਂ ਤਕ ਵੀ ਪੰਜਾਬੀ ਵਿਚ ਕਿਸੇ ਮਹੱਤਵਪੂਰਨ ਨਾਟਕ ਦੀ ਰਚਨਾ ਨਾ ਹੋ ਸਕੀ। ਇਸ ਸਮੇਂ ਤਕ ਪੰਜਾਬੀ ਵਿਚ ਕੇਵਲ ਅਨੁਵਾਦਿਤ ਨਾਟਕ ਹੀ ਮਿਲਦੇ ਹਨ, ਅਤੇ ਇਹ ਅਨੁਵਾਦ ਉਨ੍ਹਾਂ ਨੇ ਅੰਗ੍ਰੇਜ਼ੀ ਅਤੇ ਸੰਸਕ੍ਰਿਤ ਦੋਹਾਂ ਤੋਂ ਕੀਤੇ। ਜਿਵੇਂ ਕਿ ਡਾ: ਚਰਨ ਸਿੰਘ ਦੁਆਰਾ ਅਨੁਵਾਦਿਤ ਕਾਲੀਦਾਸ ਦਾ ਸੰਸਕ੍ਰਿਤ ਨਾਟਕ 'ਸ਼ਕੁੰਤਲਾ', ਭਾਈ ਮੋਹਨ ਸਿੰਘ ਵੈਦ ਦੁਆਰਾ ਸ਼ੇਕਸਪੀਅਰ ਦੇ ਨਾਟਕ 'ਕਾਮੇਡੀ ਆਫ਼ਐਰਰ' ਦਾ ਪੰਜਾਬੀ ਅਨੁਵਾਦ 'ਭੁੱਲ ਭੁਲਈਆਂ' ਸ਼ਮਸ਼ੇਰ ਸਿੰਘ ਅਸ਼ੋਕ ਕਾ ਕਾਲੀਦਾਸ ਦੇ ਸੰਸਕ੍ਰਿਤ ਨਾਟਕ 'ਮੁਦਰਾ ਰਾਖਸ਼ ਨਾਟਕ' ਦਾ ਪੰਜਾਬੀ ਅਨੁਵਾਦ ਆਦਿ। ਪਰ, ਅਨੁਵਾਦ ਤਾਂ ਆਖਰ ਅਨੁਵਾਦ ਹੀ ਹੁੰਦਾ ਹੈ, ਉਸ ਪਾਸੋਂ ਪੰਜਾਬੀ ਜੀਵਨ ਦੀ ਸਹੀ ਤਸਵੀਰ ਪੇਸ਼ ਕਰ ਸਕਣੀ ਬਹੁਤ ਕਠਿਨ ਸੀ। ਇਸ ਅਨੁਵਾਦ ਕਾਰਜ ਦੇ ਨਾਲ-ਨਾਲ ਕੁਝ ਅਜਿਹੇ ਯਤਨ ਵੀ ਹੋਏ ਜਿਥੇ ਦੂਸਰੀਆਂ ਭਾਸ਼ਾਵਾਂ ਦੇ ਨਾਟਕਾਂ ਉਪਰ ਆਧਾਰਿਤ ਪੰਜਾਬੀ ਵਿਚ ਨਾਟਕ ਲਿਖੇ ਗਏ। ਪੰਜਾਬੀ ਦੇ ਪਹਿਲੇ ਨਾਟਕਕਾਰ ਈਸ਼ਵਰ ਚੰਦਰ ਨੰਦਾ ਦਾ ਨਾਟਕ 'ਸ਼ਾਮੂ ਸ਼ਾਹ' ਇਸੇ ਪ੍ਰਕਾਰ ਦੀ ਆਧਾਰਿਤ ਨਾਟਕ-ਰਚਨਾ ਹੈ। ਇਹ ਨਾਟਕ ਮੂਲ ਰੂਪ ਵਿਚ ਸ਼ੈਕਸਪੀਅਰ ਦੇ ਪ੍ਰਸਿੱਧ ਨਾਟਕ 'ਮਰਚੈਂਟ ਔਫ਼ ਵੀਨਸ' ਉਪਰ ਆਧਾਰਿਤ ਹੈ।

ਇਸ ਸਮੇਂ ਦੌਰਾਨ ਰਚੇ ਗਏ ਮੌਲਿਕ ਨਾਟਕਾਂ ਨੂੰ ਵੀ ਅਸੀਂ ਦੋ ਭਾਗਾਂ ਵਿਚ ਵੰਡ ਸਕਦੇ ਹਾਂ। ਪੰਜਾਬੀ ਦਾ ਰੰਗਮੰਚ ਕਿਉਂਕਿ ਅਜੇ ਪੂਰੀ ਤਰ੍ਹਾਂ ਵਿਕਸਿਤ ਨਹੀਂ ਸੀ ਹੋਇਆ, ਇਸ ਕਰਕੇ ਰੰਗਮੰਚ ਦੀ ਪਰਵਾਹ ਕੀਤੇ ਬਿਨਾਂ ਹੀ ਨਾਟਕਕਾਰਾਂ ਨੇ ਕੁਝ ਨਾਟਕਾਂ ਦੀ ਰਚਨਾ ਕੀਤੀ। ਇਹ ਨਾਟਕ ਉਸ ਸਮੇਂ ਦੇ ਸਟੇਜ ਤੇ ਖੇਡੇ ਤਾਂ ਨਹੀਂ ਜਾ ਸਕਦੇ ਸਨ ਪਰ ਪੜ੍ਹੇ ਜ਼ਰੂਰ ਜਾ ਸਕਦੇ ਸਨ। ਦੂਜੇ ਪਾਸੇ ਕੁਝ ਅਜਿਹੇ ਨਾਟਕਕਾਰ ਵੀ ਸਾਹਮਣੇ ਆਏ ਜਿਨ੍ਹਾਂ ਨੇ ਰੰਗਮੰਚ ਦੀਆਂ ਮਜਬੂਰੀਆਂ ਨਾਲ ਪੂਰੀ ਤਰ੍ਹਾਂ ਮੁਕਾਬਲਾ ਕੀਤਾ ਅਤੇ ਉਨ੍ਹਾਂ ਨਾਟਕਾਂ ਦੀ ਰਚਨਾ ਕੀਤੀ ਜੋ ਰੰਗਮੰਚ ਦੇ ਨਿਯਮਾਂ ਅਨੁਸਾਰ ਸਟੇਜਾਂ 'ਤੇ ਖੇਡੇ ਜਾ ਸਕਣ ਅਤੇ ਹਰ ਸੰਭਵ ਕੋਸ਼ਿਸ਼ ਕੀਤੀ ਕਿ ਪੰਜਾਬੀ ਰੰਗਮੰਚ ਨੂੰ ਇਤਨਾ ਵਿਕਸਿਤ ਕੀਤਾ ਜਾ ਸਕੇ ਕਿ ਉਸ ਉਪਰ ਨਾਟਕ ਦੇ ਸਹੀ ਰੂਪ ਵਿਚ ਆਪਣੀ ਗਲ ਕਹਿ ਸਕਣੀ ਸੰਭਵ ਹੋ ਸਕੇ। ਇਹ ਤਾਂ ਅਸੀਂ ਜਾਣਦੇ ਹੀ ਹਾਂ ਕਿ ਨਾਟਕ, ਮੂਲ ਰੂਪ ਵਿਚ ਸਟੇਜ ਦੀ ਵਸਤੂ ਹੈ, ਜਿਸ ਦਾ ਸੰਬੰਧ ਪੜ੍ਹਨ ਨਾਲ ਘਟ ਤੇ ਵੇਖਣ ਨਾਲ ਜਿਆਦਾ ਹੈ। ਇਸ ਸਮੇਂ ਦੌਰਾਨ ਨਾਟਕ ਨੂੰ ਕਵਿਤਾ ਦੇ ਰੂਪ ਵਿਚ ਲਿਖਕੇ, ਸੰਸਕ੍ਰਿਤ ਡਰਾਮੇ ਵਿਚ ਢਾਲਣ ਦੀ ਰੁਚੀ ਵੀ ਪ੍ਰਗਟ ਹੋਈ। ਇਹ ਦੌਰ 1930 ਤੱਕ ਰਿਹਾ। ਪਰ ਧਿਆਨ ਰਹੇ ਕਿ ਨਾਟਕ ਦੀ ਸਫ਼ਲਤਾ ਦਾ ਅੰਦਾਜ਼ਾ, ਉਸਦੇ ਰੰਗਮੰਚ ਉਪਰ ਖੇਡੇ ਜਾਣ ਮਗਰੋਂ ਹੀ ਲਗਾਇਆ ਜਾ ਸਕਦਾ ਹੈ। ਇਸ ਗੱਲ ਨੂੰ ਸਮਝਦਿਆਂ ਹੋਇਆਂ ਜਿੰਨ੍ਹਾਂ ਨਾਟਕਕਾਰਾਂ ਨੇ ਸਟੇਜ ਲਈ ਨਾਟਕ ਲਿਖੇ ਅਤੇ ਖੇਡੇ ਉਨ੍ਹਾਂ ਵਿਚੋਂ ਆਈ. ਸੀ. ਨੰਦਾ ਅਤੇ ਹਰਚਰਨ ਸਿੰਘ ਦੇ ਨਾਮ ਵਿਸ਼ੇਸ਼ ਤੌਰ ਤੇ ਲਏ ਜਾ ਸਕਦੇ ਹਨ। ਇਨ੍ਹਾਂ ਤੋਂ ਇਲਾਵਾ ਉਨ੍ਹਾਂ ਆਰੰਭਲੇ ਨਾਟਕਕਾਰਾਂ ਵਿਚੋਂ ਜਿਨ੍ਹਾਂ ਦੇ ਨਾਟਕ ਉਸ ਸਮੇਂ ਦੀ ਸਟੇਜ ਦੇ ਅਨੁਕੂਲ ਨਹੀਂ ਸਨ-ਭਾਈ ਵਿੱਤ ਸਿੰਘ, ਭਾਈ ਵੀਰ

ਸਿੰਘ, ਬਾਵਾ ਬੁੱਧ ਸਿੰਘ, ਬ੍ਰਿਜ ਲਾਲ ਸ਼ਾਸਤਰੀ, ਕਿਰਪਾ ਸਾਗਰ ਆਦਿ। ਭਾਈ ਦਿੱਤ ਸਿੰਘ ਦਾ ਨਾਟਕ 'ਰਾਜਾ ਪ੍ਰਬੋਧ ਨਾਟਕ' ਭਾਈ ਵੀਰ ਸਿੰਘ ਦਾ 'ਰਾਜਾ ਲਖਦਾਤਾ ਸਿੰਘ, ਬਾਵਾ ਬੁੱਧ ਸਿੰਘ ਦੇ ਨਾਟਕ 'ਮੁੰਦਰੀ ਛੱਲ', 'ਨਾਰ ਨਵੇਲੀ', ਤੇ ਚੰਦਰ ਹਰੀ', ਬ੍ਰਿਜ ਲਾਲ ਸ਼ਾਸਤਰੀ ਦੇ ਨਾਟਕ 'ਪੂਰਨ', 'ਸਾਵਿੱਤਰੀ', 'ਸੁਕੰਨਿਆ', ਫ਼ੀਰੋਜ਼ਦੀਨ ਸ਼ਰਫ਼ ਦਾ 'ਹੀਰ ਸਿਆਲ' ਆਦਿ ਨਾਟਕ ਇਸ ਪੱਖੋਂ ਵਿਸ਼ੇਸ਼ ਤੌਰ ਤੇ ਵਰਣਨਯੋਗ ਹਨ। ਇਸ ਤਰ੍ਹਾਂ ਅਸੀਂ ਇਹ ਕਹਿ ਸਕਦੇ ਹਨ ਕਿ ਆਰੰਭਗ ਪੰਜਾਬੀ ਨਾਟਕ ਪੱਛਮ ਤੋਂ ਪ੍ਰਭਾਵਿਤ ਸੀ ਅਤੇ ਸ਼ੁਰੂ-ਸ਼ੁਰੂ ਵਿਚ ਜਿਹੜੇ ਇਸ ਪਾਸੇ ਵਲ ਯਤਨ ਕੀਤੇ ਗਏ ਉਨ੍ਹਾਂ ਵਿਚ ਵੱਡੀ ਗਿਣਤੀ ਉਨ੍ਹਾਂ ਨਾਟਕਾਂ ਦੀ ਸੀ ਜਿਹੜੇ ਰੰਗਮੰਚ ਦੀਆਂ ਸੀਮਾਵਾਂ ਵਿਚ ਰਹਿ ਕੇ ਨਹੀਂ ਸਨ ਲਿਖੇ ਗਏ।

ਆਰੰਭਕ ਪੰਜਾਬੀ ਨਾਟਕਾਂ ਦਾ ਸਰੂਪ

ਪੰਜਾਬ ਵਿਚ ਅੰਗ੍ਰੇਜ਼ਾਂ ਨੇ ਆਪਣਾ ਰਾਜ ਸਥਾਪਿਤ ਕਰਦਿਆਂ ਹੀ ਸਭ ਤੋਂ ਪਹਿਲਾਂ ਇਸਾਈ ਧਰਮ ਦੇ ਪ੍ਰਚਾਰ ਦਾ ਕੰਮ ਪੂਰੇ ਜ਼ੋਰ ਸ਼ੋਰ ਨਾਲ ਆਰੰਭ ਕੀਤਾ। ਆਪਣੇ ਧਰਮ ਦੇ ਪ੍ਰਚਾਰ ਲਈ ਉਨ੍ਹਾਂ ਨੇ ਛਾਪੇਖਾਨੇ ਲਗਾਏ ਅਤੇ ਆਪਣੇ ਧਰਮ ਨਾਲ ਸੰਬਧਤ ਸਾਹਿਤ ਨੂੰ ਵੱਖ-ਵੱਖ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ ਕਰਵਾ ਕੇ ਛਪਵਾਇਆ ਅਤੇ ਮੁਫ਼ਤ ਵੰਡਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦੇ ਇਸ ਧਰਮ ਪ੍ਰਚਾਰ ਦੇ ਨਤੀਜੇ ਤਾਂ ਸਾਹਮਣੇ ਆਉਣੇ ਹੀ ਸਨ ਅਤੇ ਭਾਰਤੀ ਧਰਮ ਵੀ ਇਸਦੇ ਪ੍ਰਭਾਵ ਤੋਂ ਬਚ ਨਾ ਸਕੇ। ਸਾਡੇ ਧਾਰਮਿਕ ਨੇਤਾ ਇਸ ਧਰਮ ਪ੍ਰਚਾਰ ਅਤੇ ਇਸਦੇ ਆਪਣੇ ਧਰਮ ਉਪਰ ਪੈ ਰਹੇ ਪ੍ਰਭਾਵਾਂ ਤੋਂ ਬਹੁਤ ਚਿੰਤਤ ਹੋਏ। ਇਸ ਕਰਕੇ ਉਨ੍ਹਾਂ ਨੇ ਈਸਾਈ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਨੂੰ ਰੋਕਣ ਲਈ ਭਾਰਤੀ ਧਰਮਾਂ ਦੀਆਂ ਲਹਿਰਾਂ ਚਲਾਉਣ ਦਾ ਵਿਚਾਰ ਕੀਤਾ। ਇਸਲਾਮ ਧਰਮ ਨਾਲ ਸੰਬੰਧਤ 'ਅਹਿਮਦੀਆ ਲਹਿਰ' , ਸਿੱਖ ਧਰਮ ਨਾਲ ਸੰਬੰਧਤ 'ਸਿੰਘ ਸਭਾ ਲਹਿਰ' ਅਤੇ ਹਿੰਦੂ ਧਰਮ ਨਾਲ ਸੰਬੰਧਤ 'ਬ੍ਰਹਮੋ ਸਮਾਜ' ਤੇ 'ਆਰਿਆ ਸਮਾਜ ਲਹਿਰ', ਇਸ ਪੱਖੋਂ ਵਿਸ਼ੇਸ਼ ਵਰਣਨਯੋਗ ਹਨ। ਇਨ੍ਹਾਂ ਲਹਿਰਾਂ ਨੇ ਇਕ ਪਾਸੇ ਆਪਣੇ ਧਰਮ ਦਾ ਪ੍ਰਚਾਰ ਕੀਤਾ ਅਤੇ ਦੂਜੇ ਪਾਸੇ ਵਿਦਿਆ ਦੇ ਪ੍ਰਚਾਰ-ਪ੍ਰਸਾਰ ਅਤੇ ਸਮਾਜ-ਸੁਧਾਰ ਵਲ ਵੀ ਯੋਗ ਹਿੱਸਾ ਪਾਇਆ। ਪਰ, ਨਾਟਕ ਵੱਲੋਂ ਇਨ੍ਹਾਂ ਆਪਣਾ ਮੂੰਹ ਮੋੜੀ ਰੱਖਿਆ। ਨਾਟਕ ਪ੍ਰਤੀ ਇਸ ਅਵੇਸਲੇਪਨ ਅਤੇ ਕਿਸੇ ਹੱਦ ਤਕ ਵਿਰੋਧ ਦੇ ਬਾਵਜੂਦ ਵੀ ਸਾਡੀ ਮਿੱਟੀ ਵਿਚ ਪਈ ਨਾਟਕੀ ਚੇਤਨਾ ਨੂੰ ਪੂਰੀ ਤਰ੍ਹਾਂ ਰੋਕ ਨਾ ਲਗਾਈ ਜਾ ਸਕੀ। ਫਲਸਰੂਪ ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿਚ ਸਾਨੂੰ ਨਾਟਕ ਵੱਲ ਰੁਚੀ ਦਾ ਪ੍ਰਤੱਖ ਪ੍ਰਮਾਣ ਮਿਲਦਾ ਹੈ। ਇਸ ਸਮੇਂ ਦੌਰਾਨ ਬਹੁਤ ਉੱਚ ਪਾਏ ਦੇ ਨਾਟਕ ਤਾਂ ਪੈਦਾ ਨਹੀਂ ਹੋਏ ਪਰ ਇਨ੍ਹਾਂ ਨਾਟਕਾਂ ਜਾਂ ਨਾਟਕਾਂ ਵਰਗੀਆਂ ਲਿਖਤਾਂ ਨੇ ਅੱਗੇ ਆਉਣ ਵਾਲੇ ਸਮੇਂ ਵਿਚ ਇਸ ਰੂਪ ਦੀ ਸੰਭਾਵਨਾ ਵਲ ਸੰਕੇਤ ਜ਼ਰੂਰ ਕੀਤਾ। ਇਸ ਕਲਾ-ਰੂਪ ਨਾਲ ਸੰਬੰਧਤ ਜਿੰਨ੍ਹਾਂ ਸੰਸਥਾਵਾਂ ਨੇ ਇਸ ਪਾਸੇ ਵਲ ਧਿਆਨ ਦਿੱਤਾ ਉਨ੍ਹਾਂ ਵਿਚੋਂ ਕੁਝ ਇਸ ਪ੍ਰਕਾਰ ਹਨ :

1. ਟੈਂਪਰੈਸ ਸੁਸਾਇਟੀ
2. ਪਾਰਸੀ ਥਿਏਟਰ
3. ਯੂਨੀਵਰਸਿਟੀ ਦੀ ਪੜ੍ਹਾਈ ਨਾਲ ਪੱਛਮੀ-ਨਾਟਕਾਂ ਨਾਲ ਜਾਣ-ਪਛਾਣ
4. ਵਿਦੇਸ਼ਾਂ ਵਿਚ ਜਾਣ ਵਾਲੇ ਉਹ ਲੋਕ ਜਿਨ੍ਹਾਂ ਨੇ ਉਥੋਂ ਦੇ ਥੀਏਟਰ ਨੂੰ ਵੇਖਿਆ

ਇਸ ਸਮੇਂ ਰਚੇ ਗਏ ਨਾਟਕਾਂ ਦੀ ਪ੍ਰਮੁੱਖ ਰੁਚੀ ਸੁਧਾਰ ਦੀ ਹੀ ਰਹੀ ਹੈ। ਜਿਸ ਤਰ੍ਹਾਂ ਕਿ ਪਹਿਲਾਂ ਗੱਲ ਕੀਤੀ ਗਈ ਹੈ ਕਿ ਈਸਾਈ ਪ੍ਰਚਾਰਕਾਂ ਨੇ ਪੰਜਾਬ ਵਿਚ ਆਪਣੇ ਧਰਮ ਦਾ ਪ੍ਰਚਾਰ ਬੜੇ ਜ਼ੋਰਾਂ ਨਾਲ ਆਰੰਭ ਕੀਤਾ ਸੀ। ਇਸ ਪ੍ਰਚਾਰ ਨੂੰ ਰੋਕਣ ਲਈ ਪੰਜਾਬੀ ਧਾਰਮਿਕ ਜੱਥੇਬੰਦੀਆਂ ਵਿਚੋਂ ਸਿੰਘ ਸਭਾ ਲਹਿਰ ਦੇ ਯਤਨ ਵੀ ਵਿਸ਼ੇਸ਼ ਰਹੇ ਹਨ। ਈਸਾਈ ਧਰਮ ਦੇ ਪ੍ਰਚਾਰ ਦੇ ਵਿਰੋਧ ਲਈ ਜਿਨ੍ਹਾਂ ਕੁਝ ਰਸਾਲਿਆਂ ਦੀ ਸਥਾਪਨਾ ਹੋਈ, ਉਨ੍ਹਾਂ ਵਿਚ ਪੰਜਾਬੀ ਦੀਆਂ ਨਾਟਕੀ ਕਿਸਮ ਦੀਆਂ ਲਿਖਤਾਂ ਪ੍ਰਕਾਸ਼ਿਤ ਹੋਈਆਂ। ਕਿਹਾ ਜਾਂਦਾ ਹੈ ਕਿ ਪਹਿਲਾ ਪੰਜਾਬੀ ਨਾਟਕ **ਸੁਪਨ ਨਾਟਕ** ਜਿਸਦਾ ਲੇਖਕ ਗਿਆਨੀ ਦਿੱਤ ਸਿੰਘ ਸੀ, 1886 ਵਿਚ 'ਖਾਲਸਾ' ਨਾਮ ਦੇ ਇਕ ਸਪਤਾਹਿਕ ਰਸਾਲੇ ਵਿਚ ਛਪਿਆ। ਇਸ ਨਾਟਕ ਦਾ ਵਿਸ਼ਾ ਧਰਮ ਵਿਚ ਆਈ ਗਿਰਾਵਟ ਨੂੰ ਪੇਸ਼ ਕਰਦਾ ਸੀ ਅਤੇ ਉਸ ਸਮੇਂ ਦੇ ਮਹੰਤਾਂ ਅਤੇ ਮਸੰਦਾਂ ਉਪਰ ਵਿਅੰਗ ਕੱਸਦਾ ਸੀ। ਇਸੇ ਪ੍ਰਕਾਰ ਦੇ ਹੋਰ ਵੀ ਕਈ ਨਾਟਕ ਇਸ ਸਮੇਂ ਰਚੇ ਗਏ। ਇਨ੍ਹਾਂ ਨਾਟਕਕਾਰਾਂ ਵਿਚ **ਗਿਆਨੀ ਦਿੱਤ ਸਿੰਘ** ਤੋਂ ਇਲਾਵਾ ਦੂਜਾ ਵਿਸ਼ੇਸ਼ ਨਾਮ **ਡਾਕਟਰ ਚਰਨ ਸਿੰਘ** ਦਾ ਹੈ। ਇਨ੍ਹਾਂ ਦੇ ਨਾਟਕ ਸੁਧਾਰਕ ਰੁਚੀਆਂ ਵਾਲੇ ਸਨ ਅਤੇ ਇਹ ਸੁਧਾਰ ਕਈ ਤਰ੍ਹਾਂ ਦੇ ਪੇਸ਼ ਹੋਏ। ਧਾਰਮਿਕ, ਸਮਾਜਕ, ਨੈਤਿਕ, ਰਾਜਨੀਤਕ ਖੇਤਰਾਂ ਵਿਚ ਸੁਧਾਰ ਲਿਆਉਣ ਵਿਚ ਇਨ੍ਹਾਂ ਨਾਟਕਾਂ ਦੀ ਵਿਸ਼ੇਸ਼ ਰੁਚੀ ਸੀ।

ਇਸ ਸਮੇਂ ਭਾਵੇਂ ਨਾਟਕ ਵਰਗੀ ਲਿਖਤ ਦੀ ਰਚਨਾ ਹੋਈ ਪਰ ਇਹ ਸਹੀ ਅਰਥਾਂ ਵਿਚ ਨਾਟਕ ਨਹੀਂ ਮੰਨੇ ਜਾ ਸਕਦੇ ਸਨ। ਪਰ, ਇਨ੍ਹਾਂ ਰਚਨਾਵਾਂ ਦੀ ਦੇਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹ ਅਨੁਵਾਦ ਅਤੇ ਆਧਾਰਿਤ ਨਾਟਕਾਂ ਤੋਂ ਅਗਲਾ ਕਦਮ ਸੀ। ਇਹ ਮੌਲਿਕ ਪ੍ਰਕਾਰ ਦੀਆਂ ਲਿਖਤਾਂ ਸਨ ਅਤੇ ਸਾਡੇ ਆਪਣੇ ਰਹਿਣ ਸਹਿਣ ਨੂੰ ਪ੍ਰਤਿਬਿੰਬਤ ਕਰਦੀਆਂ ਸਨ। ਇਨ੍ਹਾਂ ਰਚਨਾਵਾਂ ਦਾ ਵਿਸ਼ੇਸ਼ ਮਹੱਤਵ ਇਸ ਲਈ ਵੀ ਹੈ ਕਿ ਇਨ੍ਹਾਂ ਨੇ ਪੰਜਾਬੀ ਨਾਟਕ ਨਾਲ ਸਾਡੀ ਜਾਣ ਪਛਾਣ ਕਰਵਾਈ ਅਤੇ ਇਸ ਪ੍ਰਕਾਰ ਦੇ ਕਲਾ-ਰੂਪ ਵਿਚ ਸਾਡੀ ਰੁਚੀ ਪੈਦਾ ਕੀਤੀ। ਇਸ ਸਭ ਦੇ ਨਤੀਜੇ ਵਜੋਂ ਇਕ ਅਜਿਹਾ

ਥਿਏਟਰ ਸਾਹਮਣੇ ਆਇਆ ਜਿਸ ਵਿਚ ਲੋਕਾਂ ਦੀ ਵੀ ਰੁਚੀ ਪੈਦਾ ਹੋ ਚੁਕੀ ਸੀ। ਇਸ ਪ੍ਰਕਾਰ ਦੇ ਕਲਾ ਰੂਪ ਨੂੰ ਪਸੰਦ ਕਰਨ ਵਾਲਿਆਂ ਵਿਚ ਸਹਿਜੇ ਸਹਿਜੇ ਉਹ ਲੋਕ ਵੀ ਸ਼ਾਮਲ ਹੋਣ ਲਗ ਪਏ ਜਿਹੜੇ ਕਿਸੇ ਸਮੇਂ ਇਸਦੇ ਵਿਰੋਧੀ ਸੀ। ਇਸ ਤਰ੍ਹਾਂ ਨਾਟਕ-ਕਲਾ ਦੇ ਕੱਟੜ ਵਿਰੋਧੀ ਵੀ ਇਸ ਦੀ ਸ਼ਕਤੀ ਵਲ ਖਿੱਚੇ ਗਏ। ਇਸ ਤਰ੍ਹਾਂ ਇਸ ਸਮੇਂ ਪੰਜਾਬੀ ਰੁਚੀਆਂ ਦੇ ਪ੍ਰਸਾਰ ਦਾ ਸਮਾਂ ਕਿਹਾ ਜਾ ਸਕਦਾ ਹੈ। ਇਸ ਸਮੇਂ ਨੂੰ ਧਾਰਮਿਕ ਅਤੇ ਸੁਧਾਰਕ ਨਾਟਕਾਂ ਤੋਂ ਇਲਾਵਾ ਕੁਝ ਨਾਟਕ ਅਜਿਹੇ ਵੀ ਸਨ ਜਿਨ੍ਹਾਂ ਨੂੰ ਰੁਮਾਂਚਿਕ ਨਾਟਕ ਕਿਹਾ ਜਾ ਸਕਦਾ ਹੈ, ਇਹ ਨਾਟਕ ਪੰਜਾਬੀ ਦੇ ਪ੍ਰਸਿੱਧ ਪ੍ਰੇਮ-ਕਿੱਸਿਆਂ ਉਪਰ ਅਧਾਰਿਤ ਸਨ। ਪਰ, ਇਥੇ ਇਹ ਗੱਲ ਸਪਸ਼ਟ ਕਰ ਦੇਣੀ ਜ਼ਰੂਰੀ ਹੈ ਕਿ ਇਸ ਪ੍ਰਕਾਰ ਦੀ ਨਾਟਕ ਚੇਤਨਾ ਦੇ ਉਦੈ ਹੋ ਜਾਣ ਦੇ ਬਾਵਜੂਦ ਵੀ ਉਸ ਸਮੇਂ ਤਕ ਬਹੁਤੇ ਵੱਡੀ ਉਮਰ ਦੇ ਵਿਅਕਤੀ ਇਸ ਕਲਾ-ਰੂਪ ਨੂੰ ਨੌਜਵਾਨਾਂ ਦੀ ਚਰਿਤ੍ਰ-ਉਸਾਰੀ ਲਈ ਭੈੜਾ ਹੀ ਸਮਝਦੇ ਰਹੇ। ਪਰ, ਫਿਰ ਵੀ ਇਸ ਕਲਾ ਰੂਪ ਦੇ ਵਿਕਾਸ ਨੂੰ ਬਹੁਤੀ ਦੇਰ ਤਕ ਰੋਕਿਆ ਨਾ ਜਾ ਸਕਿਆ। ਇਸ ਤਰ੍ਹਾਂ ਪੰਜਾਬੀ ਨਾਟਕ ਲਈ ਇਕ ਸ਼ਕਤੀਸ਼ਾਲੀ ਪਿੱਠਭੂਮੀ ਤਿਆਰ ਕਰਨ ਵਿਚ, ਅਨੁਵਾਦਿਤ, ਆਧਾਰਿਤ ਅਤੇ ਨਾਟਕ ਵਰਗੀਆਂ ਇਨ੍ਹਾਂ ਰਚਨਾਵਾਂ ਦਾ ਮਹੱਤਵਪੂਰਨ ਯੋਗਦਾਨ ਮੰਨਿਆ ਗਿਆ।

ਆਧੁਨਿਕ ਪੰਜਾਬੀ ਨਾਟਕ ਦਾ ਆਰੰਭ

ਜਿਸ ਤਰ੍ਹਾਂ ਕਿ ਅਸੀਂ ਉਪਰ ਵੀ ਚਰਚਾ ਕਰ ਆਏ ਹਾਂ ਕਿ ਸਾਡੇ ਕੋਲ ਨਾਟਕ ਦੀ ਭਰਪੂਰ ਪਰੰਪਰਾ ਸੀ, ਜਿਹੜੀ ਬਹੁਤ ਸਮੇਂ ਤਕ ਦੱਬੀ ਰਹੀ ਅਤੇ ਪੰਜਾਬ ਵਿਚ ਵਿਦੇਸ਼ੀ ਸ਼ਾਸਕਾਂ ਨੇ ਇਸਨੂੰ ਵਿਕਸਿਤ ਨਾ ਹੋਣ ਦਿਤਾ। ਪੰਜਾਬ ਵਿਚ ਅੰਗ੍ਰੇਜ਼ੀ ਰਾਜ ਦੀ ਸਥਾਪਤੀ ਤੋਂ ਬਾਅਦ ਇਸ ਪਾਸੇ ਵਲ ਸਾਡਾ ਧਿਆਨ ਗਿਆ ਅਤੇ ਕੁਝ ਨਾਟਕੀ ਪ੍ਰਕਾਰ ਦੀਆਂ ਰਚਨਾਵਾਂ ਵੀ ਰਚੀਆਂ ਗਈਆਂ, ਜਿਹੜੀਆਂ ਇਸ ਪਾਸੇ ਵਲ ਕੀਤੇ ਗਏ ਆਰੰਭਕ ਉਧਮਾਂ ਦੀ ਸੂਚਨਾ ਦਿੰਦੀਆਂ ਹਨ। ਪਰ, ਇਨ੍ਹਾਂ ਨੂੰ ਅਸੀਂ ਨਾਟਕ ਦਾ ਨਾਮ ਨਹੀਂ ਦੇ ਸਕਦੇ, ਕਿਉਂਕਿ ਇਨ੍ਹਾਂ ਦੀ ਰਚਨਾ ਰੰਗਮੰਚ ਜਾਂ ਥੀਏਟਰ ਦੀ ਦ੍ਰਿਸ਼ਟੀ ਤੋਂ ਨਹੀਂ ਕੀਤੀ ਗਈ ਸੀ। ਪੰਜਾਬ ਵਿਚ ਸਹੀ ਪ੍ਰਕਾਰ ਦੇ ਆਧੁਨਿਕ ਨਾਟਕ ਦਾ ਮੁੱਢ ਉਦੋਂ ਬੱਝਾ ਜਦੋਂ ਇਥੇ ਲਾਹੌਰ ਵਿਚ ਗੌਰਮਿੰਟ ਕਾਲਜ ਅਤੇ ਪੰਜਾਬ ਯੂਨੀਵਰਸਿਟੀ ਦੀ ਸਥਾਪਨਾ ਹੋਈ। ਇਹ ਸਮਾਂ ਉਨ੍ਹੀਵੀਂ ਸਦੀ ਦੇ ਨੌਵੇਂ ਦਹਾਕੇ ਦੇ ਆਰੰਭ ਦਾ ਸੀ। ਇਨ੍ਹਾਂ ਵਿਦਿਅਕ ਸੰਸਥਾਵਾਂ ਦੀ ਸਥਾਪਤੀ ਦੇ ਨਾਲ ਕੁਝ ਵਿਦੇਸ਼ੀ ਅਧਿਆਪਕ ਵੀ ਸਾਡੇ ਦੇਸ਼ ਵਿਚ ਆਏ ਅਤੇ ਉਨ੍ਹਾਂ ਨੇ ਪੱਛਮ ਦੀ ਵਿਕਸਿਤ ਨਾਟਕ ਪਰੰਪਰਾ ਦਾ ਸਾਨੂੰ ਗਿਆਨ ਕਰਵਾਇਆ। ਵੈਸੇ ਵੀ ਲੋਕਾਂ ਉਪਰ ਬੜੀ ਤੇਜ਼ੀ ਨਾਲ ਪੱਛਮੀ ਪ੍ਰਭਾਵ ਪੈਣਾ ਸ਼ੁਰੂ ਹੋਇਆ ਅਤੇ ਸਹਿਜੇ ਸਹਿਜੇ ਨਾਟਕੀ ਕਲਾ-ਰੂਪ ਨੂੰ ਹਲਕੀ ਹਲਕੀ ਸਵੀਕ੍ਰਿਤੀ ਵੀ ਪ੍ਰਾਪਤ ਹੋਣ ਲਗੀ। ਪਰ, ਪੰਜਾਬੀ ਵਿਚ ਆਧੁਨਿਕ ਨਾਟਕ ਦੇ ਆਰੰਭ ਲਈ ਅਸੀਂ ਸਦਾ **ਨੌਰਾ ਰਿਚਰਡਜ਼** ਦੀ ਦੇਣ ਨੂੰ ਯਾਦ ਰੱਖਾਂਗੇ।

ਨੌਰਾ ਰਿਚਰਡਜ਼ ਆਪਣੇ ਪਤੀ ਨਾਲ 1911 ਵਿਚ ਲਾਹੌਰ ਆਈ ਤਾਂ ਉਸਨੂੰ ਮਹਿਸੂਸ ਹੋਇਆ ਕਿ ਉਸ ਸਮੇਂ ਰੰਗਮੰਚ ਉਪਰ ਖੇਡੇ ਜਾਣ ਵਾਲੇ ਨਾਟਕਾਂ ਵਿਚ ਕਈ ਕਮੀਆਂ ਸਨ। ਉਸਨੇ ਦਿਆਲ ਸਿੰਘ ਕਾਲਜ ਲਾਹੌਰ ਵਿਚ ਰੰਮਮੰਚ ਸਥਾਪਿਤ ਕੀਤਾ ਅਤੇ ਉੱਥੇ ਸ਼ੈਕਸਪੀਅਰ ਅਤੇ ਗਰੈਮੋਰੀ ਦੇ ਨਾਟਕ ਖਿਡਵਾਏ। ਦੋ ਸਾਲ ਬਾਅਦ ਉਸਨੇ ਇਕ ਪੰਜਾਬੀ ਨਾਟਕ ਲਿਖਣ ਦਾ ਮੁਕਾਬਲਾ ਕਰਵਾਇਆ, ਜਿਸ ਵਿਚ ਪੰਜਾਬੀ ਦੇ ਪ੍ਰਥਮ ਨਾਟਕਕਾਰ **ਆਈ. ਸੀ. ਨੰਦਾ** ਦਾ ਨਾਟਕ **ਦੁਲਹਨ** ਪਹਿਲੇ ਨੰਬਰ ਉੱਤੇ, **ਸ. ਸ. ਭਟਨਾਗਰ** ਦਾ **ਕਰਮਾਤ** ਦੂਜੇ ਨੰਬਰ ਉੱਤੇ ਅਤੇ **ਰਾਜਿੰਦਰ ਲਾਲ ਸਾਹਨੀ** ਦਾ **ਦੀਨੇ ਦੀ ਬਰਾਤ** ਤੀਜੇ ਨੰਬਰ ਤੇ ਆਇਆ। ਇਹ ਤਿੰਨੇ ਨਾਟਕ ਹੀ ਸਹੀ ਅਰਥਾਂ ਵਿਚ ਆਧੁਨਿਕ ਪੰਜਾਬੀ ਨਾਟਕ ਦੇ ਆਰੰਭਕ ਨਾਟਕ ਕਹੇ ਜਾ ਸਕਦੇ ਹਨ। ਇਸ ਨਾਟਕ ਮੁਕਾਬਲੇ ਤੋਂ ਉਤਸਾਹਿਤ ਹੋ ਕੇ ਅਗਲੇ ਤਿੰਨ ਦਹਾਕਿਆਂ ਵਿਚ ਹੋਰ ਵੀ ਕਈ ਨਾਟਕ ਕਈ ਵਖਰੇ-ਵਖਰੇ ਝੁਕਾਅ ਵਾਲੇ ਮਿਲਦੇ ਹਨ। ਇਸ ਤਰ੍ਹਾਂ ਹੁਣ ਪੰਜਾਬੀ ਨਾਟਕ ਆਧੁਨਿਕਤਾ ਦੇ ਰਾਹ ਪੈ ਚੁਕਾ ਸੀ।

ਇਸ ਤਰ੍ਹਾਂ ਉਪਰੋਕਤ ਅਧਿਐਨ ਦੇ ਆਧਾਰ ਤੇ ਅਸੀਂ ਇਹ ਕਹਿ ਸਕਦੇ ਹਾਂ ਕਿ ਆਈ. ਸੀ. ਨੰਦਾ ਦੇ ਨਾਟਕ ਲਿਖਣ ਤੋਂ ਪਹਿਲਾਂ ਵੀ ਕਈ ਨਾਟਕ ਲਿਖੇ ਜਾ ਚੁਕੇ ਸਨ ਅਤੇ ਉਨ੍ਹਾਂ ਨੂੰ ਸਟੇਜ ਤੇ ਖੇਡਿਆ ਵੀ ਜਾ ਚੁਕਿਆ ਸੀ। ਪਰ, ਇਹ ਸਾਰੇ ਨਾਟਕ ਆਧੁਨਿਕ ਨਾਟਕਾਂ ਦੀ ਗਿਣਤੀ ਵਿਚ ਸ਼ਾਮਿਲ ਨਹੀਂ ਕੀਤੇ ਜਾ ਸਕਦੇ ਕਿਉਂਕਿ ਇਨ੍ਹਾਂ ਵਿਚੋਂ ਕੁਝ ਨਾਟ ਕੇਵਲ ਮਨਪਰਚਾਵੇ ਜਾਂ ਪ੍ਰਚਾਰ ਲਈ ਸਨ ਅਤੇ ਕੁਝ ਇਕ ਦੂਜੇ ਦੇ ਵਿਰੋਧ ਲਈ। ਇਨ੍ਹਾ ਨਾਟਕਾਂ ਨੂੰ ਵਿਅਕਤੀਆਂ ਦੇ ਉਧਮ ਦਾ ਨਾਮ ਹੀ ਦੇ ਸਕਦੇ ਹਾਂ। ਪਰ, ਆਧੁਨਿਕ ਪੰਜਾਬੀ ਨਾਟਕ ਦੀ ਪਰੰਪਰਾ ਨੂੰ ਕਾਇਮ ਕਰਨ ਵਾਲਾ ਸਹੀ ਅਰਥਾਂ ਵਿਚ ਪੰਜਾਬੀ ਦਾ ਪਹਿਲਾ ਆਧੁਨਿਕ ਨਾਟਕਕਾਰ ਆਈ. ਸੀ. ਨੰਦਾ ਹੀ ਕਿਹਾ ਜਾ ਸਕਦਾ ਹੈ। ਉਸਨੇ ਨਾਟਕ ਰਚਨਾ ਸਮੇਂ ਪੰਜਾਬੀ ਰੰਗਮੰਚ ਦੀਆਂ ਸੀਮਾਵਾਂ ਨੂੰ ਸਦਾ ਧਿਆਨ ਵਿਚ ਰਖਿਆ ਕਿਉਂਕਿ ਨਾਟਕ ਮੂਲ ਰੂਪ ਵਿਚ ਦਰਸ਼ਨੀ ਕਲਾ ਹੈ ਅਤੇ ਉਸਦੀ ਸਾਰਥਕਤਾ ਸਟੇਜ ਉਪਰ ਸਫ਼ਲਤਾ ਨਾਲ ਖੇਡੇ ਜਾਣ ਵਿਚ ਹੈ। ਆਈ. ਸੀ. ਨੰਦਾ ਦੇ ਨਾਟਕ ਇਸੇ ਦ੍ਰਿਸ਼ਟੀ ਨੂੰ ਮੁੱਖ ਰੱਖਕੇ ਹੀ ਲਿਖੇ ਗਏ। ਉਸ ਨੇ ਆਪਣੇ ਨਾਟਕਾਂ ਦੇ ਵਿਸ਼ੇ ਆਪਣੇ ਸਮਕਾਲੀ ਸਮਾਜ ਵਿਚੋਂ ਲਏ। ਨੰਦਾ ਨੇ ਪਹਿਲੀ ਵਾਰੀ ਪੰਜਾਬੀ ਜੀਵਨ ਦੀਆਂ ਸਮੱਸਿਆਵਾਂ ਜਿਵੇਂ ਵਿਧਵਾ-ਵਿਆਹ, ਪ੍ਰੇਮ-ਵਿਆਹ ਆਦਿ ਨੂੰ ਵਿਸ਼ੇ ਵਾਂਗ ਸਵੀਕਾਰ ਕੀਤਾ। ਇਸੇ ਕਾਰਣ ਅਸੀਂ ਆਈ. ਸੀ. ਨੰਦਾ ਨੂੰ ਆਧੁਨਿਕ ਪੰਜਾਬੀ ਨਾਟ-ਪਰੰਪਰਾ ਦਾ ਮੋਢੀ ਮੰਨਦੇ ਹਾਂ।

ਹਰਚਰਨ ਸਿੰਘ ਦਾ ਪੰਜਾਬੀ ਨਾਟਕ ਵਿਚ ਯੋਗਦਾਨ ਅਤੇ ਨਾਟਕ ਰਾਣੀ ਜਿੰਦਾਂ

ਆਧੁਨਿਕ ਪੰਜਾਬੀ ਨਾਟਕ ਨੂੰ ਹਰਚਰਨ ਸਿੰਘ ਤੋਂ ਪਹਿਲਾਂ ਆਈ. ਸੀ. ਨੰਦਾ ਜਿਹਾ ਸਮਰਥ ਨਾਟਕਕਾਰ ਪ੍ਰਾਪਤ ਹੋ ਚੁਕਿਆ ਸੀ। ਹਰਚਰਨ ਸਿੰਘ ਨੇ ਆਪਣਾ ਨਾਟਕੀ ਜੀਵਨ ਨੰਦਾ ਦੇ ਨਾਟਕਾਂ ਤੋਂ ਪ੍ਰਭਾਵਿਤ ਹੋ ਕੇ ਚੁਣਿਆ। ਇਸੇ ਕਰਕੇ ਕਈ ਪੰਜਾਬੀ ਵਿਦਵਾਨ ਹਰਚਰਨ ਸਿੰਘ ਨੂੰ ਆਈ. ਸੀ. ਨੰਦਾ ਦਾ ਉਤਰਾਧਿਕਾਰੀ ਮੰਨਦੇ ਹਨ ਅਤੇ ਇਹ ਵੀ ਮੰਨਦੇ ਹਨ ਕਿ ਉਸਨੇ ਨੰਦਾ ਦੀ ਪਰੰਪਰਾ ਨੂੰ ਅੱਗੇ ਤੋਰਿਆ। ਕਿਉਂਕਿ ਜਿਸ ਆਧੁਨਿਕ ਪੰਜਾਬੀ ਨਾਟਕ ਨੂੰ ਨੰਦਾ ਨੇ ਪੱਛਮੀ ਲੀਹਾਂ 'ਤੇ ਤੋਰਿਆ, ਉਸਨੂੰ ਇਨ੍ਹਾਂ ਲੀਹਾਂ ਤੇ ਪੱਕਿਆਂ ਕਰਨ ਅਤੇ ਉਸ ਦਾ ਮੂੰਹ-ਮੁਹਾਂਦਰਾ ਨਿਖਾਰਨ ਦਾ ਕੰਮ ਹਰਚਰਨ ਸਿੰਘ ਨੇ ਕੀਤਾ। ਹਰਚਰਨ ਸਿੰਘ ਦੀ ਨਾਟਕ ਸਮਰਥਾ ਬਾਰੇ ਗੱਲ ਅਸੀਂ ਉਸ ਦੇ ਨਾਟਕ ਰਾਣੀ ਜਿੰਦਾਂ ਦੇ ਵਿਸਥਾਰ ਸਹਿਤ ਚਰਚਾ ਸਮੇਂ ਕਰਾਂਗੇ ਇਸ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਹਰਚਰਨ ਸਿੰਘ ਬਾਰੇ ਕੁਝ ਆਰੰਭਕ ਜਾਣਕਾਰੀ ਦਿੱਤੀ ਜਾਵੇ ਤਾਂ ਜੋ ਉਸ ਨੂੰ ਇਕ ਨਾਟਕਕਾਰ ਦੇ ਤੌਰ ਤੇ ਅਤੇ ਉਸਦੇ ਨਾਟਕਾਂ ਬਾਰੇ ਜਾਣਕਾਰੀ ਹਾਸਲ ਹੋ ਜਾਵੇ।

ਹਰਚਰਨ ਸਿੰਘ ਦਾ ਰਚਨਾ ਕਾਰਜ 1930 ਤੋਂ ਬਾਅਦ ਸ਼ੁਰੂ ਹੁੰਦਾ ਹੈ। ਉਸਦਾ ਪਹਿਲਾ ਨਾਟਕ 'ਕਮਲਾ ਕੁਮਾਰੀ' ਸੰਨ 1937 ਵਿਚ ਲਿਖਿਆ ਗਿਆ। ਉਹ ਮੂਲ ਰੂਪ ਵਿਚ ਮੱਧ-ਸ਼੍ਰੇਣੀ ਦਾ ਲੇਖਕ ਹੈ ਅਤੇ ਇਸ ਗੱਲੋਂ ਉਹ ਨੰਦਾ ਨਾਲ ਮਿਲਦਾ ਹੈ। ਪਰ, ਨੰਦਾ ਦੇ ਰਚਨਾ-ਕਾਰਜ ਦੇ ਸਮੇਂ ਅਤੇ ਹਰਚਰਨ ਸਿੰਘ ਦੇ ਰਚਨਾ ਕਾਰਜ ਦੇ ਸਮੇਂ ਵਿਚ ਅੰਤਰ ਸੀ। ਨੰਦਾ ਨੇ ਜਦੋਂ ਰਚਨਾ ਕਾਰਜ ਆਰੰਭਿਆ ਤਾਂ ਮੱਧ-ਸ਼੍ਰੇਣੀ ਹਾਲੇ ਉਪਜ ਹੀ ਰਹੀ ਸੀ। ਉਸਦੇ ਭਵਿੱਖ ਬਾਰੇ ਅਜੇ ਪੂਰਾ ਪਤਾ ਨਹੀਂ ਸੀ, ਪਰ ਉਹ ਆਪਣੇ ਆਪ ਵਿਚ ਪੂਰੀ ਤਰ੍ਹਾਂ ਆਸ਼ਾਵਾਦੀ ਸੀ। ਹਰਚਰਨ ਸਿੰਘ ਦੇ ਸਮੇਂ ਤਕ ਇਹ ਸਥਿਤੀ ਬਦਲ ਚੁੱਕੀ ਸੀ। ਨਵੀਂ ਉਪਜੀ ਮੱਧ ਸ਼੍ਰੇਣੀ ਲਗਭਗ ਟਕਰਾਓ ਦੀ ਅਵਸਥਾ ਤਕ ਪਹੁੰਚ ਚੁੱਕੀ ਸੀ। ਇਸੇ ਕਾਰਣ ਹੀ ਦੋਵੇਂ ਨਾਟਕਕਾਰਾਂ ਦੇ ਲਗਭਗ ਇਕੋ ਜਿਹੀ ਸਮੱਸਿਆ ਨੂੰ ਅਧਾਰ ਬਣਾਉਣ ਦੇ ਬਾਵਜੂਦ ਉਨ੍ਹਾਂ ਦੀ ਪੇਸ਼ਕਾਰੀ ਸਮੇਂ ਉਨ੍ਹਾਂ ਸਮੱਸਿਆਵਾਂ ਨੂੰ ਵਖੋ ਵਖਰੇ ਦ੍ਰਿਸ਼ਟੀਕੋਣ ਤੋਂ ਵੇਖਿਆ ਜਾਂਦਾ ਹੈ। ਨੰਦਾ ਦੀ ਦ੍ਰਿਸ਼ਟੀ ਆਸ਼ਾਵਾਦੀ ਹੈ, ਜਿਸਦਾ ਪਤਾ ਉਸ ਦੇ ਨਾਟਕਾਂ ਅਤੇ ਪਾਤਰਾਂ ਦੀ ਜਿੱਤ ਤੋਂ ਲਗਦਾ ਹੈ। ਇਸਦੇ ਉਲਟ ਹਰਚਰਨ ਸਿੰਘ ਦੇ ਨਾਟਕਾਂ ਵਿਚ ਸਾਨੂੰ ਨਿਰਾਸ਼ਾ ਦਾ ਗਿਆਨ ਹੁੰਦਾ ਹੈ। ਉਸਦੇ ਪਾਤਰ ਜਿੱਤ ਕੇ ਵੀ ਹਾਰ ਜਾਂਦੇ ਹਨ। ਇਹ ਗੱਲ ਇਨ੍ਹਾਂ ਦੋਹਾਂ ਨਾਟਕਾਰਾਂ ਦੇ ਸਾਰੇ ਨਾਟਕਾਂ ਬਾਰੇ ਬੇਸ਼ਕ ਨਹੀਂ ਕੀਤੀ ਜਾ ਸਕਦੀ, ਪਰ ਉਨ੍ਹਾਂ ਦੇ ਬਹੁਤੇ ਨਾਟਕਾਂ ਉਪਰ ਲਾਗੂ ਹੁੰਦੀ ਹੈ। ਉਨ੍ਹਾ ਦੇ ਨਾਟਕਾਂ ਦੇ ਤੁਲਨਾਤਮਕ ਅਧਿਐਨ ਰਾਹੀਂ ਇਸ ਗੱਲ ਨੂੰ ਸਹਿਜੇ ਹੀ ਸਪਸ਼ਟ ਕੀਤਾ ਜਾ ਸਕਦਾ ਹੈ। ਨੰਦਾ ਅਤੇ ਹਰਚਰਨ ਸਿੰਘ ਦੋਹਾਂ ਨੇ ਹੀ ਪ੍ਰੇਮ-ਵਿਵਾਹ ਦੇ ਵਿਸ਼ੇ ਉਪਰ ਲਿਖਿਆ ਹੈ। ਦੋਹਾਂ ਦਾ ਹੀ ਮੱਤ ਹੈ ਕਿ ਨਵੀਂ ਪੀੜ੍ਹੀ ਸਾਥੀ ਦੀ ਚੋਣ ਦੀ ਸੁਤੰਤਰਤਾ ਮੰਗਣਾ ਚਾਹੁੰਦੀ ਹੈ, ਪਰ ਪੁਰਾਣੀ ਪੀੜ੍ਹੀ ਉਨ੍ਹਾਂ ਨੂੰ ਇਹ ਸੁਤੰਤਰਤਾ ਦੇਣ ਲਈ ਤਿਆਰ ਨਹੀਂ। ਇਹ ਗੱਲ ਨੰਦਾ ਦੇ ਨਾਟਕ **'ਲਿੱਲੀ ਦਾ ਵਿਆਹ'** ਵਿਚ ਅਤੇ ਹਰਚਰਨ ਸਿੰਘ ਨੇ ਨਾਟਕ **"ਸ਼ੋਭਾ ਸ਼ਕਤੀ"** ਵਿਚ ਪੇਸ਼ ਕੀਤੀ ਹੈ। ਦੋਹਾਂ ਨਾਟਕਕਾਰਾਂ ਦੇ ਨਾਟਕਾਂ ਦੇ ਨਾਇਕ-ਨਾਇਕਾ ਪ੍ਰੇਮ ਵਿਆਹ ਕਰਾਉਣ ਵਿਚ ਸਫ਼ਲ ਹੋ ਜਾਂਦੇ ਹਨ। ਨੰਦਾ ਬਜ਼ੁਰਗਾਂ ਦੇ ਵਿਰੋਧ ਦੇ ਬਾਵਜੂਦ ਨਾਇਕ-ਨਾਇਕਾਵਾਂ ਦੀ ਚਲਾਕੀ ਨਾਲ ਉਨ੍ਹਾਂ ਨੂੰ ਆਪਣੀ ਮਰਜ਼ੀ ਦਾ ਵਿਆਹ ਕਰਾਉਣ ਵਿਚ ਸਫ਼ਲਤਾ ਦੇ ਦਿੰਦਾ ਹੈ। ਨੰਦਾ ਪਾਤਰਾਂ ਦੀ ਇਸ ਜਿੱਤ ਦੇ ਨਾਲ ਆਪਣੇ ਇਸ ਨਾਟਕ ਦਾ ਅੰਤ ਕਰਦਾ ਹੈ, ਪਰ ਹਰਚਰਨ ਸਿੰਘ ਦੇ ਨਾਟਕ ਦਾ ਆਰੰਭ ਇਸ ਜਿੱਤ ਦੀ ਸਥਿਤੀ ਤੋਂ ਹੁੰਦਾ ਹੈ। ਇਸ ਤੋਂ ਬਾਅਦ ਨਾਟਕ ਇਸ ਵਿਆਹੁਤਾ ਜੋੜੇ ਦੇ ਪ੍ਰੇਮ-ਵਿਆਹ ਕਰਾਉਣ ਵਾਲੇ ਜੀਵਨ ਉਪਰ ਝਾਤ ਪਵਾਉਂਦਾ ਹੈ। ਇਹ ਪ੍ਰੇਮ ਵਿਆਹ ਕਰਾਉਣ ਵਾਲੇ ਪਾਤਰ, ਵਿਆਹ ਕਰਾਉਣ ਵਿਚ ਜਿੱਤ ਕੇ ਵੀ ਹਾਰੇ ਹੋਏ ਪ੍ਰਤੀਤ ਹੁੰਦੇ ਹਨ ਕਿਉਂਕਿ ਉਹ ਆਪਣੇ ਵਿਆਹੁਤਾ ਜੀਵਨ ਵਿਚ ਸਫ਼ਲ ਨਹੀਂ ਹੁੰਦੇ। ਇਸ ਅਸਫ਼ਲਤਾ ਦਾ ਕਾਰਣ ਨਾਇਕਾ ਦਾ ਜ਼ਿੱਦੀ ਸੁਭਾਅ ਹੈ ਜਾਂ ਉਨ੍ਹਾਂ ਦੀ ਇਕ ਦੂਜੇ ਦੀ ਚੋਣ ਕਰਨ ਸਮੇਂ ਵਰਤੀ ਗਈ ਕਾਹਲੀ ਅਤੇ ਭਾਵੁਕਤਾ। ਇਸ ਤਰ੍ਹਾਂ ਇਨ੍ਹਾਂ ਦੋਵਾਂ ਨਾਟਕਕਾਰਾਂ ਵਿਚ ਵਿਸ਼ੇ ਦੀ ਸਮਾਨਤਾ ਹੋਣ ਦੇ ਬਾਵਜੂਦ, ਵਿਸ਼ੇ ਦੇ ਨਿਭਾਓ ਵਿਚ ਬਹੁਤ ਭਿੰਨਤਾ ਹੈ।

ਹਰਚਰਨ ਸਿੰਘ ਦੇ ਪੰਜਾਬੀ ਨਾਟਕ ਦੇ ਖੇਤਰ ਵਿਚ ਪ੍ਰਵੇਸ਼ ਦੇ ਨਾਲ ਹੀ ਸੰਨ 1937 ਤੋਂ 1943 ਤਕ ਦੇ ਵਰ੍ਹੇ ਪੰਜਾਬੀ ਨਾਟਕ ਤੇ ਰੰਗਮੰਚ ਦੇ ਵਿਕਾਸ ਦੇ ਵਰ੍ਹੇ ਸਨ। ਇਸੇ ਸਮੇਂ ਦੌਰਾਨ ਹੀ ਹਰਚਰਨ ਸਿੰਘ, ਸੰਤ ਸਿੰਘ ਸੇਖੋਂ, ਬਲਵੰਤ ਗਾਰਗੀ, ਗੁਰਦਿਆਲ ਸਿੰਘ ਖੋਸਲਾ, ਕਰਤਾਰ ਸਿੰਘ ਦੁੱਗਲ ਤੇ ਗੁਰਦਿਆਲ ਸਿੰਘ ਫੁੱਲ ਆਦਿ ਕੁਝ ਜਾਣੇ-ਪਛਾਣੇ ਲੇਖਕ ਪੰਜਾਬੀ ਨਾਟਕ ਦੇ ਖੇਤਰ ਵਿਚ ਉਭਰੇ। ਇਸ ਸਮੇਂ ਦੌਰਾਨ ਲਿਖੇ ਗਏ ਨਾਟਕਾਂ ਦੀ ਗਿਣਤੀ ਆਪਣੇ ਆਪ ਵਿਚ ਇਕ ਮਿਸਾਲ ਹੈ।

ਹਰਚਰਨ ਸਿੰਘ ਨੇ ਪਿਛਲੇ ਛੇ-ਸਾਢੇ ਛੇ ਦਹਾਕਿਆਂ ਵਿਚ ਕਈ ਨਾਟਕ ਤੇ ਇਕਾਂਗੀ ਪੰਜਾਬੀ ਸਾਹਿਤ ਨੂੰ ਦਿੱਤੇ। ਇਨ੍ਹਾਂ ਨਾਟਕਾਂ ਦੇ ਵਿਸ਼ਿਆਂ ਵਿਚ ਬਹੁਤ ਵੰਨਗੀਆਂ ਹਨ, ਜਿਵੇਂ : ਦੁਖਾਂਤ ਨਾਟਕ, ਸੁਖਾਂਤ ਨਾਟਕ, ਰੁਮਾਂਟਿਕ ਤੇ ਇਤਿਹਾਸਕ ਨਾਟਕ ਆਦਿ। ਮੂਲ ਰੂਪ ਵਿਚ ਉਹ ਮੱਧ ਸ਼੍ਰੇਣੀ ਦਾ ਨਾਟਕਕਾਰ ਹੈ। ਉਸਦੇ ਬਹੁਤੇ ਨਾਟਕਾਂ ਦੀ ਰੁਚੀ ਸੁਧਾਰਕ ਰਹੀ ਹੈ। 'ਦੂਰ ਦੁਰਾਡੇ ਸ਼ਹਿਰੋਂ', 'ਅਨਜੋੜ-ਜੋੜ', 'ਤੇਰਾ ਘਰ ਸੋ ਮੇਰਾ ਘਰ' ਅਤੇ 'ਰੱਤਾ ਸਾਲੂ' ਹਰਚਰਨ ਸਿੰਘ ਦੇ ਕੁਝ ਸੁਧਾਰਵਾਦੀ ਨਾਟਕ ਹਨ। 'ਦੂਰ ਦੁਰਾਡੇ ਸ਼ਹਿਰੋਂ' ਨਾਟਕ ਵਿਚ ਉਸਨੇ ਪੇਂਡੂ ਜੀਵਨ ਨਾਲ ਸੰਬੰਧਤ ਸਮੱਸਿਆਵਾਂ ਜਿਵੇਂ ਅਨਪੜ੍ਹਤਾ,

ਗਰੀਬੀ, ਰੋਗ, ਵਹਿਮ-ਭਰਮ ਅਤੇ ਰਸਮਾਂ ਦੀ ਗੁਲਾਮੀ ਆਦਿ ਉਪਰ ਭਰਪੂਰ ਰੌਸ਼ਨੀ ਪਾਈ ਹੈ। ਇਸ ਤਰ੍ਹਾਂ ਦੂਸਰੇ ਨਾਟਕਾਂ ਵਿਚ ਇਸਤਰੀ ਮਰਦ ਦੇ ਅਨੋਜੜ ਸੰਬੰਧਾਂ ਦੇ ਵਿਰੋਧ ਵਿਚ ਅਤੇ ਆਰਥਕ-ਸੁਤੰਤਰਤਾ ਦੇ ਹੱਕ ਵਿਚ ਲਿਖਿਆ। 'ਰੱਤਾ ਸਾਲੂ' ਨਾਟਕ ਦਾ ਸੰਬੰਧ ਜਾਗੀਰਦਾਰੀ ਪ੍ਰਥਾ ਨਾਲ ਹੈ। 'ਅਜ ਕਲ੍ਹ ਤੇ ਭਲਕ' ਨਾਟਕ ਵਿਚ ਸਾਡੇ ਸਮਕਾਲੀ ਸਮਾਜ ਵਿਚ ਫੈਲੇ ਭ੍ਰਿਸ਼ਟਾਚਾਰ ਦਾ ਪਰਦਾ ਫਾਸ਼ ਕਰਦਾ ਹੈ। ਇਸ ਸਾਰੇ ਸਮੇਂ ਵਿਚ ਇਨ੍ਹਾਂ ਸਾਰੀਆਂ ਨਾਟ-ਰਚਨਾਵਾਂ ਦਾ ਪ੍ਰਮੁੱਖ ਪ੍ਰਯੋਜਨ ਸੁਧਾਰ ਹੀ ਰਿਹਾ ਹੈ, ਪਰ ਇਹ ਕਹਿਣਾ ਗਲਤ ਨਹੀਂ ਕਿ ਇਸ ਦੌਰਾਨ ਨਾਟਕ-ਕਲਾ ਨੇ ਨਿਰੰਤਰ ਵਿਕਾਸ ਕੀਤਾ ਹੈ।

ਸੁਧਾਰਵਾਦ ਤੋਂ ਇਲਾਵਾ ਵੀ ਹਰਚਰਨ ਸਿੰਘ ਦਾ ਮਨਭਾਉਂਦਾ ਵਿਸ਼ਾ ਇਤਿਹਾਸ ਨਾਲ ਸੰਬੰਧਤ ਹੈ। ਉਸਨੇ ਸਿੱਖ ਇਤਿਹਾਸ ਨੂੰ ਵਿਸ਼ਾ ਬਣਾ ਕੇ ਵੀ ਕੁਝ ਨਾਟਕਾਂ ਦੀ ਰਚਨਾ ਕੀਤੀ ਹੈ, ਜਿਵੇਂ ਕਿ 'ਇਤਿਹਾਸ ਜਵਾਬ ਮੰਗਦਾ ਹੈ', 'ਚਮਕੌਰ ਦੀ ਗੜ੍ਹੀ', 'ਮਿੱਟੀ ਧੁੰਦ ਜਗ ਜਾਨਣ ਹੋਇਆ', 'ਪੁੰਨਿਆ ਦਾ ਚੰਨ' ਅਤੇ 'ਰਾਣੀ ਜਿੰਦਾਂ' ਆਦਿ। 'ਰਾਜਾ ਪੋਰਸ', 'ਖੇਡਣ ਦੇ ਚਾਰ ਦਿਨ', 'ਕੰਚਨ ਮਿੱਟੀ' ਅਤੇ 'ਹਿੰਦ ਦੀ ਚਾਦਰ' ਹਰਚਰਨ ਸਿੰਘ ਦੇ ਕੁਝ ਹੋਰ ਵਰਣਨਯੋਗ ਨਾਟਕ ਹਨ। ਇਸ ਤਰ੍ਹਾਂ ਉਸ ਦੇ ਪੂਰੇ ਨਾਟਕਾਂ ਦੀ ਗਿਣਤੀ ਇਕ ਦਰਜਨ ਤੋਂ ਜ਼ਿਆਦਾ ਹੈ। ਇਨ੍ਹਾਂ ਪੂਰੇ ਨਾਟਕਾਂ ਤੋਂ ਇਲਾਵਾ ਵੀ ਉਸਨੇ ਕੋਈ ਅੱਧੀ ਦਰਜਨ ਇਕਾਂਗੀ-ਸੰਗ੍ਰਹਿ ਵੀ ਲਿਖੇ, ਜਿਵੇਂ : 'ਜੀਵਨ ਲੀਲਾ', 'ਸਪਤ ਰਿਸ਼ੀ', 'ਪੰਜ ਗੀਟੜਾ', 'ਪੰਚ ਪ੍ਰਧਾਨ', 'ਮੁੜਕੇ ਦੀ ਖੁਸ਼ਬੋ' ਅਤੇ 'ਮੇਰੇ ਚੋਣਵੇਂ ਇਕਾਂਗੀ'। ਸਿੱਖ ਇਤਿਹਾਸ ਉਪਰ ਲਿਖੇ ਗਏ ਉਸ ਦੇ ਨਾਟਕਾਂ ਨੂੰ ਇਤਿਹਾਸਕ-ਨਾਟਕਾਂ ਦੀ ਕੋਟੀ ਵਿਚ ਰੱਖਿਆ ਜਾ ਸਕਦਾ ਹੈ। ਉਸਦੇ ਬਹੁਤ ਸਾਰੇ ਨਾਟਕ ਸੁਧਾਰਵਾਦੀ ਤੇ ਰੁਮਾਂਟਿਕ ਰੁਚੀਆਂ ਵਾਲੇ ਵੀ ਹਨ। ਹਰਚਰਨ ਸਿੰਘ ਦੇ ਸਾਰੇ ਨਾਟਕ ਰੰਗਮੰਚ ਦੀਆਂ ਤਕਨੀਕੀ-ਬਾਰੀਕੀਆਂ ਨੂੰ ਧਿਆਨ ਵਿਚ ਰੱਖ ਕੇ ਲਿਖੇ ਗਏ ਹਨ ਅਤੇ ਇਹ ਰੰਗ ਮੰਚ ਤੇ ਵੀ ਸਫ਼ਲਤਾਪੂਰਵਕ ਖੇਡੇ ਜਾ ਸਕਦੇ ਹਨ।

'ਰਾਣੀ ਜਿੰਦਾਂ' ਮੂਲ ਰੂਪ ਵਿਚ ਇਕ ਇਤਿਹਾਸਕ ਨਾਟਕ ਹੈ ਜੋ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਲਾਹੌਰ ਵਿਚ ਖੇਡੀ ਗਈ ਖ਼ੂਨ ਦੀ ਹੋਲੀ, ਡੋਗਰੇ ਭਰਾਵਾਂ ਦੀ ਕੀਤੀ ਗੱਦਾਰੀ ਅਤੇ ਅੰਗ੍ਰੇਜ਼ੀ ਰਾਜ ਦੀ ਪੰਜਾਬ ਵਿਚ ਸਥਾਪਤੀ ਦੇ ਦ੍ਰਿਸ਼ ਨੂੰ ਪੇਸ਼ ਕਰਦਾ ਹੈ। ਇਸ ਨਾਟਕ ਦਾ ਮੂਲ ਮਕਸਦ ਇਸ ਦ੍ਰਿਸ਼ ਨੂੰ ਪੇਸ਼ ਕਰਨਾ ਨਹੀਂ, ਸਗੋਂ ਰਾਣੀ ਜਿੰਦਾਂ ਦੀ ਸ਼ਖ਼ਸੀਅਤ ਬਾਰੇ ਭਿੰਨ-ਭਿੰਨ ਇਤਿਹਾਸਕਾਰਾਂ ਅਤੇ ਕੁਝ ਲੇਖਕਾਂ ਦੇ ਪਾਏ ਭੁਲੇਖਿਆਂ ਨੂੰ ਦੂਰ ਕਰਨਾ ਤੇ ਉਸਨੂੰ 'ਪੰਜਾਬ'ਚ ਇਕੋ ਇਕ ਮਰਦ' ਸਾਬਤ ਕਰਨਾ ਹੈ। ਇਸ ਤਰ੍ਹਾਂ ਇਸ ਨਾਟਕ ਵਿਚੋਂ 'ਰਾਣੀ ਜਿੰਦਾਂ' ਦਾ ਜੋ ਬਿੰਬ ਉਭਰ ਕੇ ਸਾਹਮਣੇ ਆਉਂਦਾ ਹੈ ਉਹ ਇਕ ਦ੍ਰਿੜ, ਨਿਡਰ, ਸਿਰੜੀ, ਸਵੈਮਾਨ ਵਾਲੀ ਤੇ ਰਾਜਕੀ ਸੂਝ-ਬੂਝ ਰੱਖਣ ਵਾਲੀ ਜ਼ਹੀਨ ਔਰਤ ਦਾ ਬਿੰਬ ਹੈ। ਲੇਖਕ ਨੂੰ ਇਹ ਨਾਟਕ ਲਿਖਣ ਦੀ ਪ੍ਰੇਰਣਾ ਰਾਣੀ ਜਿੰਦਾਂ ਦੀ ਇਕ ਗੁਪਤ ਚਿੱਠੀ ਤੋਂ ਮਿਲੀ ਜੋ ਉਸ ਨੇ ਸ਼ੇਖੂਪੁਰੇ ਦੇ ਕਿਲੇ ਦੀ ਕੈਦ ਵਿਚੋਂ ਰਾਜਾ ਸ਼ੇਰ ਸਿੰਘ ਅਟਾਰੀ ਦੇ ਨਾ ਲਿਖੀ ਸੀ। ਇਸ ਚਿੱਠੀ ਵਿਚ ਰਾਣੀ ਜਿੰਦਾਂ ਦੇ ਸੁਭਾਅ ਤੇ ਸ਼ਖ਼ਸੀਅਤ ਦੇ ਜੋ ਗੁਣ ਪ੍ਰਗਟ ਹੁੰਦੇ ਹਨ ਉਹ ਇਤਿਹਾਸਕ-ਪੁਸਤਕਾਂ ਵਿਚ ਅੰਕਿਤ ਗੁਣਾਂ ਤੋਂ ਬਿਲਕੁਲ ਉਲਟ ਹਨ। ਲਾਰਡ ਐਲਬਰਨੇ, ਹੈਨਰੀ ਹਾਰਡਿੰਗ, ਹੈਨਰੀ, ਲਾਰੰਸ, ਲਾਰਡ ਡਲਹੌਜ਼ੀ, ਲੇਡੀ ਲੋਗਨ ਅਤੇ ਦਰਜਨਾਂ ਹੋਰ ਵਿਦੇਸ਼ੀ ਸ਼ਾਸਕਾਂ ਤੇ ਵਿਦਵਾਨਾਂ ਦੀਆਂ ਰਾਣੀ ਜਿੰਦਾਂ ਬਾਰੇ ਗੁਪਤ ਜਾਂ ਜ਼ਾਹਰਾ ਰਾਵਾਂ ਇਸ ਚਿੱਠੀ ਦੇ ਮਜ਼ਮੂਨ ਨਾਲ ਮੇਲ ਖਾਂਦੀਆਂ ਹਨ। ਸਭ ਦੀ ਸਾਂਝੀ ਰਾਏ ਹੈ ਕਿ ਉਹ ਪੰਜਾਬ ਦੀ ਸਭ ਤੋਂ ਵੱਧ ਸਿਆਸੀ ਸੂਝ ਰੱਖਣ ਵਾਲੀ ਦਲੇਰ, ਸਿਰੜੀ ਪਰ ਖ਼ਤਰਨਾਕ ਤੇ ਸਾਜਸ਼ੀ ਔਰਤ ਹੈ। ਨਾਟਕਕਾਰ ਨੇ ਇਸ ਇਕਾਂਗੀ ਰਾਹੀਂ ਰਾਣੀ ਜਿੰਦਾਂ ਦੀਆਂ ਇਨਾਂ ਖੂਬੀਆਂ ਨੂੰ ਬਾਖੂਬੀ ਉਭਾਰਿਆ ਹੈ। ਇਸ ਨਾਟਕ ਦੇ ਭਿੰਨ-ਭਿੰਨ ਪੱਖਾਂ ਬਾਰੇ ਵਿਸਥਾਰ ਸਹਿਤ ਚਰਚਾ ਅਸੀਂ ਅੱਗੇ ਜਾ ਕੇ ਕਰਾਂਗੇ। ਇਥੇ ਸੰਕੇਤ ਮਾਤਰ ਜ਼ਿਕਰ ਕਰਨਾ ਹੀ ਕਾਫ਼ੀ ਹੈ। ਆਪਣੇ ਬਾਕੀ ਨਾਟਕਾਂ ਵਾਂਗ ਇਹ ਨਾਟਕ ਵੀ ਹਰਚਰਨ ਸਿੰਘ ਨੇ ਰੰਗਮੰਚ ਦੀਆਂ ਤਕਨੀਕੀ ਬਾਰੀਕੀਆਂ ਨੂੰ ਧਿਆਨ 'ਚ ਰੱਖਕੇ ਲਿਖਿਆ ਇਸ ਲਈ ਰੰਗਮੰਚ ਦੀ ਦ੍ਰਿਸ਼ਟੀ ਤੋਂ ਵੀ ਇਹ ਇਕ ਸਫ਼ਲ ਨਾਟਕ ਹੈ।

'ਰਾਣੀ ਜਿੰਦਾਂ' : ਕਥਾ ਸਾਰ

ਇਸ ਪਾਠ ਵਿਚ ਅਸੀਂ ਆਪਣੀ ਪਾਠ ਪੁਸਤਕ, ਹਰਚਰਨ ਸਿੰਘ ਦੇ ਬਹੁਚਰਚਿਤ ਨਾਟਕ 'ਰਾਣੀ ਜਿੰਦਾਂ ਦੇ ਮੂਲ ਪਾਠ ਦੀ ਕਥਾ ਦੇ ਸਾਰ ਦਾ ਅਧਿਐਨ ਕਰਾਂਗੇ। ਇਸ ਨਾਲ ਨਾਟਕ ਦੇ ਹਰ ਛੋਟੇ ਤੋਂ ਛੋਟੇ ਵੇਰਵੇ ਨਾਲ ਵੀ ਤੁਹਾਡੀ ਜਾਣ-ਪਛਾਣ ਹੋ ਜਾਵੇਗੀ। ਪਰ, ਇੱਥੇ ਵਿਸ਼ੇਸ਼ ਤੌਰ ਤੇ ਇਹ ਦੱਸਣਾ ਜ਼ਰੂਰੀ ਹੈ ਕਿ ਇਸ ਪਾਠ ਨੂੰ ਪੜ੍ਹਨ ਤੋਂ ਪਹਿਲਾਂ ਨਾਟਕ ਦੀ ਮੂਲ ਟੈਕਸਟ ਨੂੰ ਜ਼ਰੂਰ ਪੜ੍ਹਿਆ ਜਾਵੇ, ਇਸ ਨਾਲ ਇਸ ਪਾਠ ਵਿਚਲੇ ਵੇਰਵੇ ਹੋਰ ਵੀ ਜ਼ਿਆਦਾ ਸਪਸ਼ਟ ਹੋਣਗੇ ਅਤੇ ਇਹ ਪਾਠ ਮੂਲ ਟੈਕਸਟ ਦੇ ਦੁਹਰਾਓ ਦਾ ਕੰਮ ਦੇਵੇਗਾ, ਅਤੇ ਤੁਹਾਨੂੰ ਇਸ ਤਰ੍ਹਾਂ ਲੱਗੇਗਾ ਜਿਵੇਂ ਤੁਸੀਂ ਇਸ ਨਾਟਕ ਨੂੰ ਦੂਸਰੀ ਵਾਰ ਪੜ੍ਹ ਰਹੇ ਹੋ। ਨਾਟਕ ਜਾਂ ਕਿਸੇ ਹੋਰ ਵੀ ਸਾਹਿਤ-ਰਚਨਾਂ ਦਾ ਮੂਲ ਪਾਠ ਜੇਕਰ ਪੂਰੀ ਤਰ੍ਹਾਂ ਪੜ੍ਹਿਆ ਹੋਵੇ ਤਾਂ ਉਸ ਨਾਲ ਸੰਬੰਧਤ ਕੋਈ ਵੀ ਪ੍ਰਸ਼ਨ ਅਜਿਹਾ ਨਹੀਂ ਹੋਵੇਗਾ ਜਿਸ ਦਾ ਤੁਸੀਂ ਉੱਤਰ ਨਾ ਦੇ ਸਕੋ। ਇਸ ਨਾਟਕ ਦਾ ਕਥਾ-ਸਾਰ ਦੇਣ ਤੋਂ ਬਾਅਦ ਅਸੀਂ ਇਸ ਨਾਟਕ ਨਾਲ ਸੰਬੰਧਤ ਪ੍ਰਸ਼ਨਾਂ ਉੱਪਰ ਵਿਚਾਰ ਕਰਾਂਗੇ।

ਇਹ ਨਾਟਕ 'ਰਾਣੀ ਜਿੰਦਾਂ' ਦੋ ਅੰਗਾਂ ਦਾ ਨਾਟਕ ਹੈ। ਇਸ ਨਾਟਕ ਦਾ ਕਾਰਜ ਸਮਾਂ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਦੇ ਘਟਨਾ-ਕ੍ਰਮ ਨਾਲ ਸੰਬੰਧਤ ਹੈ। ਸ਼ਾਹੀ ਘਰਾਣੇ ਨਾਲ ਸੰਬੰਧਤ ਇਹ ਘਟਨਾਵਾਂ, ਸੰਨ 1847 ਤੋਂ 1863 ਦੇ ਦਰਮਿਆਨ ਘਟੀਆਂ ਦੱਸੀਆਂ ਜਾਂਦੀਆਂ ਹਨ। ਇਹ ਸਮਾਂ ਖਾਲਸਾ ਰਾਜ ਦੇ ਅੰਤ ਅਤੇ ਪੰਜਾਬ ਵਿਚ ਅੰਗ੍ਰੇਜ਼ੀ ਹਕੂਮਤ ਦੀ ਸਥਾਪਤੀ ਦਾ ਸਮਾਂ ਹੈ।

ਆਰੰਭਿਕਾ :

ਰਾਣੀ ਜਿੰਦਾਂ ਨਾਟਕ ਦੇ ਮੂਲ-ਪਾਠ ਦੇ ਸ਼ੁਰੂ ਹੋਣ ਤੋਂ ਪਹਿਲਾਂ ਨਾਟਕਕਾਰ ਹਰਚਰਨ ਸਿੰਘ ਨੇ ਆਰੰਭਿਕਾ ਸਿਰਲੇਖ ਹੇਠ ਇਕ ਛੋਟੀ ਜਿਹੀ ਝਾਕੀ ਪੇਸ਼ ਕੀਤੀ ਹੈ। ਇਹ ਝਾਕੀ ਨਾਟਕ ਦੇ ਆਰੰਭ ਹੋਣ ਤੋਂ ਪਹਿਲਾਂ, ਭਾਵ, ਰੰਗਮੰਚ ਤੋਂ 'ਪਰਦਾ ਉੱਠਣ ਤੋਂ ਪਹਿਲਾਂ' ਦੇ ਇਕ ਦ੍ਰਿਸ਼ ਨੂੰ ਪੇਸ਼ ਕਰਦੀ ਹੈ। ਇਸ ਦ੍ਰਿਸ਼ ਦਾ ਸਮਾਂ 27 ਮਾਰਚ 1924 ਹੈ ਅਤੇ ਸਥਾਨ ਲਾਹੌਰ ਹੈ ਜੋ ਹੁਣ ਪਾਕਿਸਤਾਨ ਵਿਚ ਹੈ। ਇਸ ਨਾਟਕੀ ਦ੍ਰਿਸ਼ ਵਿਚ ਦੋ ਅਖ਼ਬਾਰਾਂ ਵੇਚਣ ਵਾਲੇ ਹਾਕਰ ਮੰਚ ਦੇ ਪਿਛਲੇ ਪਾਸਿਓਂ ਰੌਲਾ ਪਾਉਂਦੇ ਅੱਗੇ ਆਉਂਦੇ ਹਨ। ਇਨ੍ਹਾਂ ਵਿਚੋਂ ਸੱਜੇ ਪਾਸੇ ਵਾਲਾ ਅਮੀ ਚੰਦ ਹੈ ਜੋ ਅਧਖੜ ਉਮਰ ਦਾ ਹੈ ਅਤੇ ਖੱਬੇ ਪਾਸੇ ਵਾਲਾ ਹਾਕਰ ਰੁਲਦੂ ਹੈ, ਇਹ ਪੰਝੀ ਕੁ ਸਾਲਾਂ ਦਾ ਜਵਾਨ ਮੁੰਡਾ ਹੈ। ਅਮੀ ਚੰਦ ਆਪਣੀ ਅਖ਼ਬਾਰ ਵੇਚਣ ਲਈ ਜ਼ੋਰ-ਜ਼ੋਰ ਦੀ ਰੌਲਾ ਪਾ ਰਿਹਾ ਹੈ, "ਅੱਜ ਦੀ ਗਰਮਾ ਗਰਮ ਤਾਜ਼ਾ ਖ਼ਬਰ। ਮਹਾਰਾਣੀ ਜਿੰਦਾਂ ਪੰਜਾਬ 'ਚ ਵਾਪਸ ਆ ਗਈ! ਗਰਮਾ ਗਰਮ ਤਾਜ਼ਾ ਖ਼ਬਰਾਂ ਪੜ੍ਹੋ। ਮਹਾਰਾਣੀ ਜਿੰਦਾਂ ਪੰਜਾਬ 'ਚ ਵਾਪਸ!" ਅਮੀ ਚੰਦ ਦੀ ਇਹ ਆਵਾਜ਼ ਸੁਣ ਕੇ ਰੁਲਦੂ ਕਹਿੰਦਾ ਹੈ ਕਿ "ਚਾਚਾ ਇਹ ਕੀ ਬਕ ਰਿਹੈਂ? ਮੇਰੀ ਅਖ਼ਬਾਰ ਵਿਚ ਤਾਂ ਇਹੋ ਜਿਹੀ ਕੋਈ ਖ਼ਬਰ ਨਹੀਂ!" ਅਮੀ ਚੰਦ ਉਸਨੂੰ ਚਿੜਾਉਂਦਾ ਹੋਇਆ ਕਹਿੰਦਾ ਹੈ ਕਿ ਹੋਰ ਵੇਚ ਸਿਵਲ ਮਿਲਟਰੀ ਗਜ਼ਟ। ਦੇਖ! ਅੱਜ ਤਾਂ ਮੇਰੀ ਅਖ਼ਬਾਰ ਗਰਮ ਪਕੌੜਿਆਂ ਵਾਂਗ ਵਿਕੇਗੀ।

ਅਮੀ ਚੰਦ ਦੀ ਇਸ ਗੱਲ ਤੋਂ ਰੁਲਦੂ ਬਹੁਤ ਹੈਰਾਨ ਹੁੰਦਾ ਹੈ ਕਿ ਰਾਣੀ ਜਿੰਦਾਂ ਕਿਥੋਂ ਆ ਗਈ ਹੈ? ਉਸਨੂੰ ਤਾਂ ਮਰਿਆਂ ਹੀ ਕਿਤਨੇ ਵਰ੍ਹੇ ਹੋ ਗਏ ਨੇ। ਉਹ ਮੜ੍ਹੀ 'ਚੋਂ ਕਿਵੇਂ ਨਿਕਲ ਕੇ ਆ ਗਈ ਏ? ਅਮੀ ਚੰਦ ਉਸ ਦੀ ਮਾਸੂਮੀਅਤ ਉਪਰ ਹੱਸਦਾ ਹੋਇਆ ਇਸ ਰਾਜ ਨੂੰ ਖੋਲ੍ਹਦਾ ਹੈ। ਉਹ ਦਸਦਾ ਹੈ ਕਿ ਇਹ ਤਾਂ ਉਸ ਦੀ ਅਖ਼ਬਾਰ ਵੇਚਣ ਦੀ ਜੁਗਤ ਹੈ। ਜਿੰਨਾ ਉੱਚੀ ਕੂਕੋ, ਗੱਲ ਵਧਾ ਕੇ ਆਖੋ, ਉੱਨੀ ਹੀ ਅਖ਼ਬਾਰ ਜ਼ਿਆਦਾ ਵਿਕਦੀ ਹੈ। ਰੁਲਦੂ ਬਹੁਤ ਜ਼ੋਰ ਲਾਉਂਦਾ ਹੈ ਕਿ ਉਹ ਉਸਨੂੰ ਅਸਲ ਗੱਲ ਦਸੇ। ਉਹ ਅਮੀ ਚੰਦ ਦਾ ਰਾਹ ਰੋਕ ਕੇ ਖੜਾ ਹੋ ਜਾਂਦਾ ਹੈ ਅਤੇ ਕਹਿੰਦਾ ਹੈ ਕਿ ਗੱਲ ਦਸੇ ਬਿਨਾ ਉਹ ਉਸਨੂੰ ਉਥੋਂ ਹਿੱਲਣ ਨਹੀਂ ਦੇਵੇਗਾ।

ਰੁਲਦੂ ਦੇ ਬਥੇਰਾ ਜ਼ੋਰ ਪਾਉਣ ਤੇ ਅਮੀ ਚੰਦ ਉਸ ਨੂੰ ਦਸਦਾ ਹੈ ਕਿ ਅਸਲ 'ਚ ਮਹਾਰਾਜਾ ਦਲੀਪ ਸਿੰਘ ਦੀ ਲੜਕੀ ਆਈ ਹੋਈ ਹੈ ਜਿਸਨੂੰ ਉਹ ਮਹਾਰਾਣੀ ਜਿੰਦਾਂ ਦੇ ਪੰਜਾਬ 'ਚ ਵਾਪਸ ਆਉਣ ਦੀ ਖ਼ਬਰ ਬਣਾ ਕੇ ਪੇਸ਼ ਕਰ ਰਿਹਾ ਸੀ। ਦੋਹਾਂ ਦੀ ਆਪਸੀ ਵਾਰਤਾਲਾਪ ਤੋਂ ਪਤਾ ਚਲਦਾ ਹੈ ਕਿ ਮਹਾਰਾਜਾ ਦਲੀਪ ਸਿੰਘ ਦੀ ਲੜਕੀ ਦਾ ਨਾਂ ਮਿਸ ਬੰਬਾ ਸੀ ਜੋ ਆਪਣੀ ਦਾਦੀ ਮਹਾਰਾਣੀ ਜਿੰਦਾਂ ਦੀ ਆਖ਼ਰੀ ਖ਼ਾਹਿਸ਼ ਪੂਰੀ ਕਰਨ ਲਈ ਇੰਗਲੈਂਡ ਤੋਂ ਪੰਜਾਬ ਆਈ ਸੀ। ਮਹਾਰਾਜਾ ਦਲੀਪ ਸਿੰਘ ਉਸ ਦੀ ਆਖ਼ਰੀ ਖ਼ਾਹਿਸ਼ ਪੂਰੀ ਨਾ ਕਰ ਸਕਿਆ ਕਿਉਂਕਿ ਡਰ ਦੇ ਮਾਰੇ ਫਰੰਗੀ (ਅੰਗ੍ਰੇਜ਼) ਉਸ ਨੂੰ ਪੰਜਾਬ ਦੇ ਨੇੜੇ ਨਹੀਂ ਸਨ ਲੱਗਣ ਦੇਂਦੇ। ਰੁਲਦੂ ਦੇ ਇਹ ਪੁੱਛਣ 'ਤੇ ਕੀ ਰਾਣੀ ਜਿੰਦਾਂ ਦੀ ਆਖ਼ਰੀ ਖ਼ਾਹਿਸ਼ ਕੀ ਸੀ? ਅਮੀ ਚੰਦ ਉਸਨੂੰ ਦਸਦਾ ਹੈ ਕਿ ਰਾਣੀ ਜਿੰਦਾਂ ਦੀ ਆਖ਼ਰੀ ਖ਼ਾਹਿਸ਼ ਇਹ ਸੀ ਕਿ ਉਸ ਦੇ ਮਰਨ ਪਿੱਛੋਂ ਉਸਦਾ ਸਸਕਾਰ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਕੋਲ ਕਰਨਾ ਹੈ ਅਤੇ ਫੁੱਲ ਰਾਵੀ ਦਰਿਆ 'ਚ ਜਲ-ਪ੍ਰਵਾਹ ਕਰਨੇ ਹਨ। ਰੁਲਦੂ ਫਿਰ ਅਮੀ ਚੰਦ ਕੋਲੋਂ ਪੁੱਛ ਕਰਦਾ ਹੈ ਕਿ ਮਰੀ ਕਦੋਂ ਸੀ? ਅਮੀ ਚੰਦ ਦਸਦਾ ਹੈ ਰਾਣੀ ਜਿੰਦਾਂ ਲੰਡਨ ਵਿਚ ਸੰਨ 1863 ਵਿਚ ਫੌਤ

(ਮਰੀ) ਹੋਈ ਸੀ। ਉਹ ਰੁਲਦੂ ਨੂੰ ਉਸ ਦੀ ਫੋਟੋ ਵੀ ਵਿਖਾਉਂਦਾ ਹੈ। ਇਹ ਸਾਰੀ ਸੂਚਨਾ ਗ੍ਰਹਿਣ ਕਰਨ ਮਗਰੋਂ ਰੁਲਦੂ ਵੀ ਅਮੀ ਚੰਦ ਦੀ ਤਰ੍ਹਾਂ ਉੱਚੀ-ਉੱਚੀ ਰੌਲਾ ਪਾਉਣ ਲੱਗ ਪੈਂਦਾ ਹੈ "ਆਹਾ! ਅੱਜ ਦੀ ਗਰਮਾ ਗਰਮ ਤਾਜ਼ਾ ਖ਼ਬਰ ਲੋਕੋ! 61 ਸਾਲਾਂ ਪਿੱਛੋਂ ਰਾਣੀ ਜਿੰਦਾਂ ਪੰਜਾਬ 'ਚ ਵਾਪਸ ਆ ਗਈ।" ਇਤਨੇ ਨੂੰ ਉਸਨੂੰ ਦੂਰੋਂ ਇਕ ਖ਼ੂਬਸੂਰਤ ਵਿਦੇਸ਼ੀ ਜਿਹੀ ਕੁੜੀ ਆਉਂਦੀ ਦਿਸਦੀ ਹੈ। ਉਸ ਵੱਲ ਇਸ਼ਾਰਾ ਕਰਕੇ ਉਹ ਅਮੀ ਚੰਦ ਤੋਂ ਪੁੱਛਦਾ ਹੈ ਕਿ ਕਿਤੇ ਇਹੀ ਤਾਂ ਉਹ ਨਹੀਂ? ਉਸ ਦਾ ਨਾਂ 'ਮਿਸ ਬੰਬਾ ਦਲੀਪ ਸਿੰਘ' ਅਖ਼ਬਾਰ ਵਿਚ ਤਸਵੀਰ ਹੇਠ ਉਕਰਿਆ ਹੋਇਆ ਸੀ। ਅਮੀ ਚੰਦ ਨੂੰ ਪੁਛਣ ਤੇ ਉਹ ਦਸਦਾ ਹੈ ਕਿ ਉਹ ਸਰਦਾਰ ਹਰਬੰਸ ਸਿੰਘ ਅਟਾਰੀਵਾਲਾ ਹੈ। ਉਸ ਨੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਦੇ ਕੋਲ ਜਾ ਕੇ ਅੰਤਮ ਅਰਦਾਸ ਕੀਤੀ ਹੈ।

ਅਮੀ ਚੰਦ ਰੁਲਦੂ ਦੀ ਇਸ ਵਾਰਤਾਲਾਪ ਮਗਰੋਂ ਮਿਸ ਬੰਬਾ ਦਲੀਪ ਸਿੰਘ ਅਤੇ ਸ. ਹਰਬੰਸ ਸਿੰਘ ਅਟਾਰੀ ਨੂੰ ਮੰਚ 'ਤੇ ਵਿਖਾਇਆ ਜਾਂਦਾ ਹੈ। ਪ੍ਰੈਸ ਫੋਟੋਗਰਾਫਰ ਉਨ੍ਹਾਂ ਦੀ ਫੋਟੋ ਲੈਂਦਾ ਹੈ ਅਤੇ ਨਿਊਜ਼ ਰਿਪੋਰਟਰ ਨੋਟ ਬੁੱਕ ਲਈ ਉਨ੍ਹਾਂ ਦੇ ਨਾਲ ਨਾਲ ਚਲਦਾ ਹੋਇਆ ਮਿਸ ਬੰਬਾ ਕੋਲੋਂ ਸਵਾਲ ਦਰ ਸਵਾਲ ਪੁੱਛਦਾ ਹੈ, ਨਿਊਜ਼ ਰਿਪੋਰਟਰ ਦੇ ਪੁੱਛੇ ਸਵਾਲਾਂ ਅਤੇ ਮਿਸ ਬੰਬਾ ਦਲੀਪ ਸਿੰਘ ਦੇ ਦਿੱਤੇ ਉਨ੍ਹਾਂ ਸਵਾਲਾਂ ਦੇ ਜਵਾਬਾਂ ਵਿਚੋਂ ਪਤਾ ਚਲਦਾ ਹੈ ਕਿ ਰਾਣੀ ਜਿੰਦਾਂ ਸੰਨ 1861 ਵਿਚ ਲੰਡਨ ਪੁੱਜੀ ਸੀ ਅਤੇ ਪਹਿਲੀ ਅਗਸਤ 1863 ਨੂੰ ਉਹ ਅਕਾਲ ਚਲਾਣਾ ਕਰ ਗਈ। ਬ੍ਰਿਟਿਸ਼ ਸਰਕਾਰ ਦੇ ਹੁਕਮਾਂ ਮੁਤਾਬਕ ਮਹਾਰਾਜਾ ਦਲੀਪ ਸਿੰਘ ਨੂੰ ਰਾਣੀ ਜਿੰਦਾਂ ਦੇ ਕੋਲ ਰਹਿਣ ਦੀ ਇਜਾਜ਼ਤ ਨਹੀਂ ਸੀ। ਉਹ ਆਪਣੀ ਮਾਂ ਰਾਣੀ ਜਿੰਦਾਂ ਨੂੰ ਹਫ਼ਤੇ ਵਿਚ ਸਿਰਫ਼ ਦੋ ਵਾਰ ਹੀ ਮਿਲ ਸਕਦੇ ਸਨ। ਇਥੋਂ ਤੱਕ ਕਿ ਰਾਣੀ ਜਿੰਦਾਂ ਦਾ ਅੰਤਮ ਸਮੇਂ ਉਹ ਉਥੇ ਮੌਜੂਦ ਨਹੀਂ ਸਨ। ਉਚੇਚੇ ਤੌਰ 'ਤੇ ਉਨ੍ਹਾਂ ਨੂੰ ਉਥੇ ਬੁਲਾਇਆ ਗਿਆ ਸੀ। ਨਿਊਜ਼ ਰਿਪੋਟਰ, ਮਿਸ ਬੰਬਾ ਤੋਂ ਪੁੱਛਦਾ ਹੈ ਕਿ ਮਹਾਰਾਣੀ ਜਿੰਦਾਂ ਦੀ ਅੰਤਮ ਖ਼ਾਹਿਸ਼ ਕੀ ਸੀ? ਜਵਾਬ ਵਿਚ ਮਿਸ ਬੰਬਾ ਕਹਿੰਦੀ ਹੈ ਕਿ "ਉਹ ਪੋਸ਼ੀਦਾ ਰਾਜ਼ ਹੈ। ਸਿਰਫ਼ ਡੈਡੀ ਨੂੰ ਹੀ ਪਤਾ ਹੈ। ਮੇਰਾ ਅੰਦਾਜ਼ਾ ਹੈ, ਬਹੁਤ ਭਾਰੀ ਗੱਲ ਕਹਿ ਗਏ ਹਨ।" ਕਿਉਂਕਿ ਉਨ੍ਹਾਂ ਦੀ ਮੌਤ ਮਗਰੋਂ ਮਹਾਰਾਜਾ ਦਲੀਪ ਸਿੰਘ ਬੇਹੱਦ ਗੰਭੀਰ ਹੋ ਗਏ ਸਨ। ਬਹੁਤ ਬਦਲ ਗਏ ਸਨ। ਇਸੇ ਸੰਦਰਭ ਵਿਚ ਰਿਪੋਰਟਰ ਉਸ ਤੋਂ ਪੁਛਦਾ ਹੈ ਕਿ ਉਹ ਮਹਾਰਾਣੀ ਜਿੰਦਾਂ ਦੀ ਅੰਤਮ ਇੱਛਾ ਅਨੁਸਾਰ ਉਨ੍ਹਾਂ ਦੇ ਫੁੱਲ ਰਾਵੀ ਦਰਿਆ ਵਿਚ ਜਲ-ਪ੍ਰਵਾਹ ਕਰਨ ਲਈ ਕਿਉਂ ਨਹੀਂ ਆਏ? ਇਸ ਸਵਾਲ ਦੇ ਜਵਾਬ ਵਿਚ ਉਹ ਦਸਦੀ ਹੈ ਕਿ ਬੜੀ ਕੋਸ਼ਿਸ਼ ਪਿਛੋਂ ਉਨ੍ਹਾਂ ਨੂੰ ਸਿਰਫ਼ ਹਰਦਵਾਰ ਜਾਣ ਦੀ ਇਜਾਜ਼ਤ ਮਿਲੀ ਸੀ। ਕਿਉਂਕਿ ਪੰਜਾਬ ਵਿਚ ਸ਼ੋਰ ਸ਼ਰਾਬੇ ਦਾ ਡਰ ਸੀ, ਇਸ ਲਈ, ਉਨ੍ਹਾਂ ਨੂੰ ਬੰਬਈ ਤੋਂ ਹੀ ਵਾਪਸ ਮੋੜ ਦਿੱਤਾ ਗਿਆ। ਇਸ ਮਗਰੋਂ ਫੋਟੋਗ੍ਰਾਫਰ ਉਸ ਦੀ ਆਖ਼ਰੀ ਫੋਟੋ ਖਿੱਚ ਕੇ ਉਥੋਂ ਰੁਖ਼ਸਤ ਹੋ ਜਾਂਦਾ ਹੈ ਅਤੇ ਨਿਊਜ਼ ਰਿਪੋਰਟਰ ਉਸਦਾ ਸ਼ੁਕਰੀਆ ਅਦਾ ਕਰਦਾ ਹੈ।

ਮਿਸ ਬੰਬਾ ਵੀ ਸਰਦਾਰ ਹਰਬੰਸ ਸਿੰਘ ਅਟਾਰੀ ਦਾ ਸ਼ੁਕਰੀਆ ਅਦਾ ਕਰਦੀ ਹੈ। ਕਿਉਂਕਿ ਉਸ ਨੇ ਉਸ ਦੀ ਦਾਦੀ ਰਾਣੀ ਜਿੰਦਾਂ ਦੀ ਆਖ਼ਰੀ ਖ਼ਾਹਿਸ਼ ਪੂਰੀ ਕਰਨ ਵਿਚ ਬੇਹੱਦ ਮਦਦ ਕੀਤੀ ਹੈ। ਇਸ ਦੇ ਜਵਾਬ ਵਿਚ ਸ. ਹਰਬੰਸ ਸਿੰਘ ਅਟਾਰੀ ਕਹਿੰਦਾ ਹੈ ਕਿ ਸ਼ੁਕਰੀਆ ਕਿਸ ਗੱਲ ਦਾ? ਇਥੇ ਹੀ ਉਹ ਦਸਦਾ ਹੈ ਕਿ ਮਿਸ ਬੰਬਾ ਨੂੰ ਸ਼ਾਇਦ ਇਸ ਗੱਲ ਦਾ ਇਲਮ ਨਹੀਂ ਕਿ ਮਹਾਰਾਜਾ ਦਲੀਪ ਸਿੰਘ ਉਸ ਦਾ ਜਵਾਈ-ਭਾਈ ਸੀ। ਕੰਪਨੀ ਦੀ ਹਕੂਮਤ ਨੇ ਧੱਕੇ ਸ਼ਾਹੀ ਕੀਤੀ ਅਤੇ ਸ਼ਾਦੀ ਨਹੀਂ ਸੀ ਹੋਣ ਦਿੱਤੀ। ਇਹ ਗੱਲ ਸੁਣਦੇ ਹੀ ਉਹ ਮੁਸਕਰਾ ਕੇ ਕਹਿੰਦੀ ਹੈ ਕਿ "ਸਰਦਾਰ ਸਾਹਿਬ ਫੇਰ ਮੈਂ ਕਿੱਥੇ ਹੋਣਾ ਸੀ?" ਜਵਾਬ ਵਿਚ ਸ. ਹਰਬੰਸ ਸਿੰਘ ਕਹਿੰਦਾ ਹੈ ਕਿ "ਕਿਉਂ ਨਹੀਂ ਬੇਟੀ ਪੰਜਾਬਣ ਮਾਂ ਦੀ ਕੁੱਖੋਂ ਪੈਦਾ ਹੋਣ ਕਾਰਨ ਸਗੋਂ ਤੇਰਾ ਦੋਹਰਾ ਰਿਸ਼ਤਾ ਹੋਣਾ ਸੀ।"

ਰਾਣੀ ਜਿੰਦਾਂ ਦੀ ਤਾਰੀਫ਼ ਕਰਦਾ ਹੋਇਆ ਸ. ਹਰਬੰਸ ਸਿੰਘ ਉਸ ਨੂੰ ਦਸਦਾ ਹੈ ਕਿ ਉਹ ਫੌਲਾਦੀ ਜਿਗਰੇ ਵਾਲੀ ਮਹਾਨ ਔਰਤ ਸੀ। ਉਹ ਅਦਭੁਤ ਸ਼ਖ਼ਸੀਅਤ ਦੀ ਮਾਲਕ ਸੀ। ਉਸ ਦੇ ਕਿਰਦਾਰ ਨੇ ਪੰਜਾਬ ਦੇ ਇਤਿਹਾਸ ਨੂੰ ਭਾਰੀ ਮੋੜਾ ਦਿੱਤਾ। ਲਾਰਡ ਡਲਹੌਜ਼ੀ ਨੇ ਸੱਚ ਕਿਹਾ ਸੀ "ਪੰਜਾਬ 'ਚ ਇਕੋ ਇਕ ਮਰਦ ਹੈ ਜਿਸ ਤੋਂ ਹਕੂਮਤ ਨੂੰ ਖਤਰਾ ਹੈ।" ਅੱਗੇ ਚਲਕੇ ਉਹ ਦਸਦਾ ਹੈ ਕਿ ਕੰਪਨੀ ਦੀ ਹਕੂਮਤ ਨੇ ਸ਼ੇਰੇ ਪੰਜਾਬ ਨਾਲ ਵਸਾਹਘਾਤ ਕੀਤਾ। ਰਾਜਮਾਤਾ ਨਾਲ ਗ਼ੈਰ-ਇਨਸਾਨੀ ਸਲੂਕ ਕੀਤਾ। ਇਕ ਦਫਾ ਉਸ ਦੀ ਜਾਮਾ-ਤਲਾਸ਼ੀ ਵੀ ਲਈ ਗਈ। ਪਰ, ਆਖ਼ਰੀ ਦਮ ਤੱਕ ਉਸ ਨੇ ਹਿੰਮਤ ਨਾ ਹਾਰੀ। ਸਾਮ੍ਹਣੇ ਸ਼ਾਹੀ ਕਿਲ੍ਹੇ ਵੱਲ ਇਸ਼ਾਰਾ ਕਰਕੇ ਉਹ ਮਿਸ ਬੰਬਾ ਨੂੰ ਦਸਦਾ ਹੈ ਕਿ ਕਈ ਮਹੀਨਿਆਂ ਤੱਕ ਅੰਗਰੇਜ਼ ਸਰਕਾਰ ਨੇ ਉਸ ਨੂੰ ਕਿਲ੍ਹੇ ਦੇ ਸੈਮਨ ਬੁਰਜ ਵਿਚ ਕੈਦ ਕਰੀ ਰੱਖਿਆ, ਜਿਥੋਂ ਕੁਝ ਸਮਾਂ ਪਹਿਲਾਂ ਖ਼ਾਲਸਾ ਰਾਜ ਦਾ ਡੰਕਾ ਵਜਦਾ ਸੀ। ਗਲੇ ਨਾਲ ਲਟਕਦੀ ਦੂਰਬੀਨ ਲਾਕੇ ਦੇਖਦੀ ਹੋਈ ਉਹ ਕਹਿੰਦੀ ਹੈ ਕਿ ਉਹ ਉਨ੍ਹਾਂ ਸਾਰੀਆਂ ਥਾਵਾਂ ਨੂੰ ਵੇਖਣਾ ਚਾਹੁੰਦੀ ਹੈ ਜਿਥੇ ਜਿਥੇ ਰਾਣੀ ਜਿੰਦਾਂ ਗਈ ਜਾਂ ਕੈਦ ਰਹੀ ਸੀ। ਆਪਣੀ ਦਾਦੀ ਰਾਣੀ ਜਿੰਦਾਂ ਦੀਆਂ ਇਨ੍ਹਾਂ ਦਲੇਰੀ ਭਰੀਆਂ ਗੱਲਾਂ ਸੁਣਕੇ ਉਸ ਦਾ ਦਿਲ ਕੰਬ ਉਠਦਾ ਹੈ। ਸ. ਹਰਬੰਸ ਸਿੰਘ ਅਟਾਰੀ ਉਸ ਦੀ ਖ਼ਾਹਿਸ਼ ਨੂੰ ਪੂਰਿਆਂ ਕਰਨ ਲਈ ਪਹਿਲਾਂ ਸ਼ਾਹੀ ਕਿਲ੍ਹਾ ਤੇ ਸੈਮਨ ਬੁਰਜ ਵਿਖਾਉਣ ਲਈ ਚਲਣ ਲਈ ਕਹਿੰਦਾ ਹੈ। ਮਿਸ ਬੰਬਾ ਚਲਦੇ ਹੋਏ ਉਸ ਦਾ ਧੰਨਵਾਦ ਕਰਦੀ ਹੈ। ਜਿਉਂ ਹੀ ਦੋਵੇਂ ਉਥੋਂ ਜਾਣ ਲੱਗਦੇ ਹਨ ਤਾਂ ਕੁਝ ਲੋਕ ਉਨ੍ਹਾਂ ਦੇ ਦੁਆਲੇ ਇਕੱਠੇ ਹੋ ਜਾਂਦੇ ਹਨ। ਉਨ੍ਹਾਂ ਵਿਚੋਂ ਕੁਝ ਬੰਦੇ ਨਾਅਰੇ ਲਗਾਉਣੇ ਸ਼ੁਰੂ ਕਰ ਦਿੰਦੇ ਹਨ : 'ਮਹਾਰਾਜਾ ਰਣਜੀਤ ਸਿੰਘ ਜ਼ਿੰਦਾਬਾਦ!' "ਮਿਸ

ਬੰਬਾ ਦਲੀਪ ਸਿੰਘ ਜ਼ਿੰਦਾਬਾਦ!"

ਨਾਟ ਪਹਿਲਾ :- ਰਾਣੀ ਜਿੰਦਾਂ ਪੰਜਾਬ ਵਿਚ :-

ਨਾਟਕ ਦੇ ਪਹਿਲੇ ਅੰਗ ਦੀਆਂ ਛੇ ਝਾਕੀਆਂ ਹਨ। ਇਹ ਛੇ ਝਾਕੀਆਂ ਰਾਣੀ ਜਿੰਦਾਂ ਦੇ ਉਸ ਜੀਵਨ ਨੂੰ ਪੇਸ਼ ਕਰਦੀਆਂ ਹਨ ਜੋ ਸਿੱਧੇ ਰੂਪ ਵਿਚ ਉਸ ਨੇ ਪੰਜਾਬ ਦੀ ਧਰਤੀ 'ਤੇ ਜੀਵਿਆ। ਇਸ ਨਾਟ ਦੀ ਪਹਿਲੀ ਝਾਕੀ ਦਾ ਸਮਾਂ 16 ਅਗਸਤ 1847 ਹੈ। ਸਥਾਨ ਸ਼ਾਹੀ ਕਿਲ੍ਹਾ ਲਾਹੌਰ ਹੈ। ਇਥੇ ਮਹਾਰਾਣੀ ਜਿੰਦ ਕੌਰ ਦੇ ਉਸ ਨਿੱਜੀ ਕਮਰੇ ਦਾ ਦ੍ਰਿਸ਼ ਪੇਸ਼ ਹੈ ਜੋ ਕੁਝ ਸਾਲ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਦਾ ਕਮਰਾ ਹੋਇਆ ਕਰਦਾ ਸੀ। ਜਿਉਂ ਹੀ ਪਰਦਾ ਉਠਦਾ ਹੈ ਤਾਂ ਪਰਦੇ ਦੇ ਪਿਛੋਕੜ ਵਿਚੋਂ ਸ਼ਾਹ ਮੁਹੰਮਦ ਦੇ ਜੰਗਨਾਮੇ ਦੀਆਂ ਇਨ੍ਹਾਂ ਪੰਕਤੀਆਂ ਨੂੰ ਗਾਉਣ ਦੀ ਆਵਾਜ਼ ਸੁਣਾਈ ਦਿੰਦੀ ਹੈ :-

"ਪਿਛੇ ਬੈਠ ਸਰਦਾਰਾਂ ਗੁਰਮਤਾ ਕੀਤਾ,
ਕੋਈ ਅਕਲ ਦਾ ਕਰੋ ਇਲਾਜ ਯਾਰੋ।
ਛੋੜ ਬੁਰਛਿਆ ਦੀ ਸਾਡੇ ਪੇਸ਼ ਆਈ,
ਪੱਗਾਂ ਦਾੜ੍ਹੀਆਂ ਦੀ ਰੱਖੋ ਲਾਜ ਯਾਰੋ।
ਮੁੱਠ ਮੀਟੀ ਸੀ ਏਸ ਪੰਜਾਬ ਦੀ ਜੀ,
ਇਨ੍ਹਾਂ ਖੋਹਲ ਦਿੱਤਾ ਅੱਜ ਪਾਜ ਯਾਰੋ।
ਸ਼ਾਹ ਮੁਹੰਮਦ ਮਾਰ ਕੇ ਮਰੋ ਏਥੇ,
ਕਦੀ ਰਾਜ ਨਾ ਹੋਏ ਮੁਥਾਜ ਯਾਰੋ।"

ਇੰਨ੍ਹਾਂ ਪੰਕਤੀਆਂ ਨੂੰ ਸੁਣ ਕੇ ਰਾਣੀ ਜਿੰਦਾਂ ਜ਼ਾਹਿਰਾ ਤੌਰ 'ਤੇ ਬੇਚੈਨ ਹੋ ਜਾਂਦੀ ਹੈ। ਉਹ ਕਮਰੇ ਦੇ ਅੰਦਰ ਘੁੰਮਦੀ ਹੈ। ਭਾਵੇਂ, ਉਹ ਉਦਾਸ ਤੇ ਘਬਰਾਹਟ ਵਿਚ ਹੈ, ਪਰ ਫਿਰ ਵੀ ਰੰਗ-ਰੂਪ ਦੇ ਪੱਖੋਂ ਬਹੁਤ ਹੀ ਪ੍ਰਭਾਵਸ਼ਾਲੀ ਹੈ। ਉਹ ਆਪਣੀ ਨੌਕਰਾਣੀ ਨਿਹਾਲੋ ਕੋਲੋਂ ਪੁੱਛ ਕਰਦੀ ਹੈ ਕਿ ਇਹ ਕੌਣ ਗਾ ਰਿਹੈ? ਨਿਹਾਲੋ ਦਸਦੀ ਹੈ ਕਿ ਇਕ ਨਾਂ-ਕਟਾ ਫੌਜੀ ਹੈ ਜੋ ਫਿਰੰਗੀਆਂ ਦੇ ਵਿਰੁੱਧ ਫਰਿਆਦ ਕਰਨੀ ਚਾਹੁੰਦਾ ਹੈ। ਜਵਾਬ ਵਿਚ ਰਾਣੀ ਜਿੰਦਾਂ ਕਹਿੰਦੀ ਹੈ ਕਿ ਇਸ ਵਕਤ ਤਾਂ ਉਹ ਖ਼ੁਦ ਫਰਿਆਦੀ ਬਣੀ ਹੋਈ ਹੈ। ਉਹ ਉਸ ਨੂੰ ਆਖੇ ਕਿ ਥੋੜ੍ਹੇ ਦਿਨ ਹੋਰ ਸਬਰ ਕਰੇ। ਨਿਹਾਲੋ ਬਾਹਰ ਵੱਲ ਝਾਕ ਕੇ ਉਸ ਨੂੰ ਰਾਣੀ ਜਿੰਦਾਂ ਦਾ ਫ਼ਰਮਾਨ ਦਸਣ ਹੀ ਲੱਗਦੀ ਹੈ ਕਿ ਉਹ ਅੱਗੋਂ ਕਹਿ ਉਠਦਾ ਹੈ ਕਿ ਉਸ ਨੇ ਸਭ ਕੁਝ ਸੁਣ ਲਿਆ ਹੈ। ਉਹ ਨਿਹਾਲੋ ਨੂੰ ਸੰਬੋਧਨ ਕਰਕੇ ਕਹਿੰਦਾ ਹੈ ਕਿ ਉਹ ਰਾਜਮਾਤਾ ਨੂੰ ਦਸ ਦੇਵੇ ਕਿ ਪੰਜਾਬੀ ਸਿਪਾਹੀ ਨਹੀਂ ਹਾਰੇ, ਸਿਰਫ਼ ਜਰਨੈਲਾਂ ਨੇ ਗੱਦਾਰੀ ਕੀਤੀ ਹੈ। ਸਿਪਾਹੀ ਤਾਂ ਅੱਜੇ ਵੀ ਲੜ-ਮਰਨ ਲਈ ਤਿਆਰ ਬੈਠੇ ਨੇ, ਮੌਕਾ ਮਿਲਿਆ ਤਾਂ ਉਹ ਜ਼ਰੂਰ ਹੱਥ ਦਿਖਾਉਣਗੇ। ਸ਼ਾਹ ਮੁਹੰਮਦ ਦੇ ਜੰਗਨਾਮੇ ਦੀਆਂ ਅੱਗਲੀਆਂ ਪੰਕਤੀਆਂ ਗਾਉਂਦਾ ਹੋਇਆ ਉਥੋਂ ਚਲਾ ਜਾਂਦਾ ਹੈ ਜਿਸ ਦੀਆਂ ਅਖੀਰਲੀਆਂ ਪੰਕਤੀਆਂ ਹਨ :-

"ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ
ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।"

ਰਾਣੀ ਜਿੰਦਾਂ, ਨਿਹਾਲੋ ਕੋਲੋਂ ਪੁੱਛਦੀ ਹੈ ਕਿ ਕੀ ਮਿਸਰ ਦੀਨਾ ਨਾਥ ਤੇ ਹਕੀਮ ਨੂਰਉਦੀਨ ਨਹੀਂ ਆਏ? ਨਿਹਾਲੋ ਦਸਦੀ ਹੈ ਕਿ ਦੋਵੇਂ ਆਏ ਹੋਏ ਹਨ ਅਤੇ ਡਿਉੜ੍ਹੀ ਵਿਚ ਹਨ। ਤਾਂ ਉਹ ਨਿਹਾਲੋ ਨੂੰ ਕਹਿੰਦੀ ਹੈ ਕਿ ਉਹ ਦੋਹਾਂ ਨੂੰ ਅੰਦਰ ਲੈ ਆਵੇ। ਆਪਣੇ ਆਪ ਨਾਲ ਗੱਲਾਂ ਕਰਦੀ ਹੋਈ ਉਹ ਕਹਿੰਦੀ ਹੈ ਕਿ ਮਹਾਰਾਜ ਦੇ ਵਜ਼ੀਰਾਂ ਵਿਚੋਂ ਸਿਰਫ਼ ਇਹ ਦੋ ਹਮਦਰਦ ਦਰਬਾਰੀ ਰਹਿ ਗਏ ਹਨ। ਬਾਕੀ ਸਾਰੇ ਦੇ ਸਾਰੇ ਲੂਣ-ਹਰਾਮੀ ਅੱਖਾਂ ਫੇਰ ਗਏ ਹਨ। ਗੁੱਸੇ ਵਿਚ ਉਹ ਅਪਣੇ ਆਪ ਨੂੰ ਕਹਿੰਦੀ ਹੈ ਕਿ ਮਹਾਰਾਜ ਦੇ ਅੰਗਿਆਰ ਵੀ ਠੰਡੇ ਨੇ ਸਨ ਹੋਏ, ਇਨ੍ਹਾਂ ਬੁਰਛਿਆਂ ਨੇ ਉਨ੍ਹਾਂ ਦੇ ਖ਼ੂਨ ਵਿਚ ਹੱਥ ਰੰਗਣੇ ਸ਼ੁਰੂ ਕਰ ਦਿੱਤੇ। ਖ਼ਾਲਸਾ ਰਾਜ ਦੇ ਥੰਮ੍ਹ ਅੱਜ ਕੰਪਨੀ ਦੀ ਹਕੂਮਤ ਨੂੰ ਪੱਕਾ ਕਰਨ ਵਿਚ ਲੱਗੇ ਨੇ। ਰਾਣੀ ਜਿੰਦਾਂ ਨੂੰ ਕਹਿਰਵਾਨ ਰਉਂ ਵਿਚ ਦੇਖ ਕੇ ਦੀਨਾ ਨਾਥ ਤੇ ਨੂਰਉਦੀਨ ਝਕਦੇ ਝਕਦੇ ਰਾਣੀ ਜਿੰਦਾਂ ਦੇ ਨਿੱਜੀ ਕਮਰੇ ਵਿਚ ਪ੍ਰਵੇਸ਼ ਕਰਦੇ ਹਨ ਅਤੇ ਰਾਜ ਮਾਤਾ ਜੀ ਨੂੰ ਸਤਿ ਸ੍ਰੀ ਅਕਾਲ ਕਹਿੰਦੇ ਹਨ। ਇਨ੍ਹਾਂ ਤਿੰਨਾਂ ਦੇ ਵਿਚਕਾਰ ਲੰਬੀ ਗੁਫਤਗੂ ਹੁੰਦੀ ਹੈ। ਦੋਵੇਂ ਰਾਣੀ ਜਿੰਦਾਂ ਨੂੰ ਸਲਾਹ ਦੇਂਦੇ ਹਨ ਕਿ ਫਰੰਗੀ (ਅੰਗਰੇਜ਼) ਬਹੁਤ ਚਤਰ-ਚਲਾਕ ਹੈ, ਇਸ ਲਈ ਉਹ ਦੂਰ ਦ੍ਰਿਸ਼ਟੀ ਤੋਂ ਕੰਮ ਲੈਣ। ਇਨ੍ਹਾਂ ਦੀ ਆਪਸੀ ਗੁਫਤਗੂ ਵਿਚੋਂ ਇਹ ਗੱਲ ਵੀ ਉੱਭਰ ਕੇ ਸਾਮ੍ਹਣੇ ਆਉਂਦੀ ਹੈ ਕਿ ਫਿਰੰਗੀ, ਤਾਕਤ ਨਾਲ ਪੰਜਾਬ ਨੂੰ ਨਹੀਂ ਜਿੱਤ ਸਕਦੇ। ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਹੋਰੀਂ ਚੰਗੀ ਤਰ੍ਹਾਂ ਸਮਝਦੇ ਹੋਏ ਵੀ ਸੱਚੇ ਮਿੱਤਰਾਂ ਵਾਂਗ ਧਰਮ ਪਾਲਦੇ ਰਹੇ। ਉਨ੍ਹਾਂ ਦੋਹਾਂ ਨੂੰ ਆਪਣੀ ਬੇਚੈਨੀ ਬਾਰੇ ਦਸਦੀ ਹੈ ਅਤੇ ਇਨ੍ਹਾਂ ਦਗੇਬਾਜਾਂ ਨਾਲ ਆਖਰੀ ਟੱਕਰ ਲੈਣ ਦੇ ਆਪਣੇ ਫੈਸਲੇ ਬਾਰੇ ਸੂਚਿਤ ਕਰਦੀ ਹੈ। ਇਸ 'ਤੇ ਮਿਸਰ ਦੀਨਾ ਨਾਥ ਆਪਣੀ ਰਾਏ ਦੇਂਦਾ ਹੈ ਕਿ ਗੁੱਸੇ ਵਿਚ ਕੀਤਾ ਫੈਸਲਾ ਦਰੁਸਤ ਨਹੀਂ ਹੁੰਦਾ। ਸਾਰਾ ਖ਼ੂਨ ਖ਼ਰਾਬਾ ਹੀ ਗੁੱਸੇ ਭਰੀ ਕਾਹਲ ਵਿਚ ਹੋਇਆ ਹੈ। ਰਾਣੀ ਜਿੰਦਾਂ ਉਨ੍ਹਾਂ

ਨੂੰ ਦਸਦੀ ਹੈ ਕਿ ਭੈਰੋਵਾਲ ਦੇ ਅਹਿਦਨਾਮੇ ਮੁਤਾਬਕ, ਸਾਰੀ ਸਿਆਸੀ ਤਾਕਤ ਰੈਜ਼ੀਡੈਂਟ ਦੇ ਹੱਥਾਂ ਵਿਚ ਆ ਚੁੱਕੀ ਹੈ। ਜੇਕਰ ਤੇਜਾ ਸਿੰਘ ਦੀ ਚੰਡਾਲ ਚੌਕੜੀ ਉਸ ਦੇ ਖ਼ਿਲਾਫ ਜ਼ਹਿਰ ਨਾ ਉਗਲਦੀ ਤਾਂ ਉਸ ਨੇ ਕਦੇ ਦੀਆਂ ਇਨ੍ਹਾਂ ਦੀਆਂ ਸਫਾਂ ਵਲ੍ਹੇਟ ਦਿੱਤੀਆਂ ਹੁੰਦੀਆਂ। ਖ਼ਾਲਸਾ ਕੌਂਸਲ ਦਾ ਜੋ ਉਸਟੈਂਡ ਅੰਗਰੇਜ਼ਾਂ ਨੇ ਖੜ੍ਹਾ ਕੀਤਾ ਹੈ ਉਹ ਸਿਰਫ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਹੈ। ਇਥੇ ਹੀ ਦੀਨਾ ਨਾਥ ਦੱਸਦਾ ਹੈ ਕਿ ਲੋਕੀ ਸਾਡੀ ਹਾਰ ਦੀ ਜ਼ੁੰਮੇਵਾਰੀ ਵੀ ਰਾਣੀ ਜਿੰਦਾਂ ਉਪਰ ਹੀ ਥੋਪਦੇ ਹਨ। ਰਾਣੀ ਜਿੰਦਾਂ ਕਹਿੰਦੀ ਹੈ ਕਿ ਦੁਸ਼ਮਣਾਂ ਨੇ ਆਪਣੀ ਗ਼ਦਾਰੀ ਨੂੰ ਛੁਪਾਣ ਲਈ ਕਲੰਕ ਦਾ ਟਿੱਕਾ ਉਸ ਦੇ ਮੱਥੇ 'ਤੇ ਮੜ੍ਹ ਦਿੱਤਾ ਹੈ। ਇਸ ਗੁਫ਼ਤਗੂ ਦੇ ਦੌਰਾਨ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਮਗਰੋਂ ਲਾਹੌਰ ਦਰਬਾਰ ਵਿਚ ਖੇਡੀ ਗਈ ਖ਼ੂਨ ਦੀ ਹੋਲੀ ਅਤੇ ਅੰਗਰੇਜ਼ਾਂ ਦੇ ਪੰਜਾਬ ਉਪਰ ਕੀਤੇ ਕ਼ਬਜ਼ੇ ਦੀ ਦਾਸਤਾਨ ਉਪਰ ਸ਼ਾਹ ਮੁਹੰਮਦ ਦੇ ਲਿਖੇ ਜੰਗ ਨਾਮੇ ਬਾਰੇ ਵੀ ਰਾਣੀ ਜਿੰਦਾਂ ਦਾ ਪ੍ਰਤੀਕਰਮ ਸਾਮ੍ਹਣੇ ਆਉਂਦਾ ਹੈ। ਉਹ ਇਸ ਜੰਗਨਾਮੇ (ਜਿਸ ਨੂੰ ਨਾਟਕ ਵਿਚ 'ਕਿੱਸਾਂ' ਕਿਹਾ ਗਿਆ ਹੈ) ਨੂੰ ਕੋਰਾ ਝੂਠ ਅਤੇ ਫਰੰਗੀਆਂ ਦੀ ਉਸ ਨੂੰ ਭੰਡਣ ਲਈ ਕੀਤੀ ਸਰਾਸਰ ਸਾਜ਼ਸ਼ ਕਰਾਰ ਦੇਂਦੀ ਹੈ। ਇਥੇ ਹੀ ਉਹ ਦਸਦੀ ਹੈ ਕਿ ਉਸ ਨੂੰ ਸੂਹ ਮਿਲੀ ਹੈ ਕਿ ਰੈਜ਼ੀਡੈਂਟ ਜਲਦੀ ਹੀ ਉਸ ਦੇ ਖ਼ਿਲਾਫ ਕੋਈ ਸਖ਼ਤ ਕਦਮ ਚੁੱਕਣ ਵਾਲਾ ਹੈ। ਉਸ ਦਾ ਰਵੱਈਆ ਦਿਨ-ਬ-ਦਿਨ ਸਖ਼ਤ ਹੁੰਦਾ ਜਾ ਰਿਹਾ ਹੈ। ਕੰਪਨੀ ਨੂੰ ਜੇ ਕਿਸੇ ਤੋਂ ਡਰ ਹੈ ਤਾਂ ਉਹ ਸਿਰਫ ਰਾਣੀ ਜਿੰਦਾਂ ਕੋਲੋਂ ਹੈ। ਕੰਪਨੀ ਉਸ ਨੂੰ ਹਊਆ ਸਮਝਦੀ ਹੈ। ਇਥੇ ਹੀ ਰਾਣੀ ਜਿੰਦਾਂ ਨੂੰ ਦੋਹਾਂ ਗੁਸਤਾਖ਼ ਰੈਜ਼ੀਡੈਂਟ ਵੱਲੋਂ ਆਈ ਤਾਜ਼ਾ ਚਿੱਠੀ ਬਾਰੇ ਦਸਦੀ ਹੈ ਕਿ ਜਿਸ ਵਿਚ ਉਸ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਸਰਦਾਰਾਂ-ਅਹਿਲਕਾਰਾਂ ਨੂੰ ਘਰ ਸੱਦ ਕੇ ਨਾ ਮਿਲੇ। ਬ੍ਰਾਹਮਣਾਂ ਨੂੰ ਦਾਨ-ਦੱਛਣਾ ਨਾ ਦੇਵੇ ਅਤੇ ਉਹ ਪਰਦੇ ਪਿੱਛੇ ਬੈਠ ਕੇ ਗੱਲਾਂ ਕਰਿਆ ਕਰੇ। ਉਸ ਨੂੰ ਇਹ ਚਿੱਠੀ ਬੜੀ ਹੱਤਕ ਵਾਲੀ ਤੇ ਭੜਕਾਊ ਪ੍ਰਤੀਤ ਹੁੰਦੀ ਹੈ। ਦੀਨਾ ਨਾਥ ਦੇ ਨੂਰਉਦੀਨ ਉਸ ਨੂੰ ਸਲਾਹ ਦੇਂਦੇ ਹਨ ਕਿ ਉਹ ਸਰਦਾਰਾਂ ਦੇ ਦਿਲਾਂ 'ਚੋਂ ਸ਼ੰਕੇ-ਸ਼ੁਬੇ ਕੱਢੇ ਅਤੇ ਉਨ੍ਹਾਂ ਨੂੰ ਮੁੜ ਖ਼ਾਲਸਾ ਰਾਜ ਦੇ ਹਿੱਤੂ ਬਣਾਏ । ਕਿਉਂਕਿ ਜ਼ਮਾਨਾ ਬਦਲ ਗਿਆ ਹੈ, ਇਸ ਲਈ ਸਰਦਾਰਾਂ ਦੇ ਨਾਲ ਨਰਮੀ ਵਰਤਣੀ ਚਾਹੀਦੀ ਹੈ। ਪਰ, ਰਾਣੀ ਜਿੰਦਾਂ ਨੂੰ ਉਨ੍ਹਾਂ ਦੀ ਇਹ ਸਲਾਹ ਪਸੰਦ ਨਹੀਂ ਆਉਂਦੀ।

ਨੂਰਉਦੀਨ ਦਸਦਾ ਹੈ ਕਿ ਉਨ੍ਹਾਂ ਦਾ ਰਿਸ਼ਤੇਦਾਰ ਸ਼ੇਰ ਸਿੰਘ ਅਟਾਰੀ ਹੁਣ ਲਾਰੰਸ ਦਾ ਸਭ ਤੋਂ ਵੱਡਾ ਹਿਮਾਇਤੀ ਹੈ। ਮਹਾਰਾਣੀ ਉਸ ਦੀ ਵਜ੍ਹਾ ਦਸਦੀ ਹੈ। ਉਸ ਦੇ ਅਨੁਸਾਰ, ਸ਼ੇਰ ਸਿੰਘ ਅਟਾਰੀ ਆਪਣੀ ਭੈਣ ਦੀ ਥਾਂ ਤੇ ਆਪਣੀ ਧੀ ਦੀ ਸ਼ਾਦੀ ਉਦੋਂ ਰਾਜਕੁਮਾਰ ਦਲੀਪ ਸਿੰਘ ਨਾਲ ਕਰਨੀ ਚਾਹੁੰਦਾ ਸੀ। ਨੂਰਉਦੀਨ, ਉਸ ਨੂੰ ਕੋਈ ਸਿਆਸੀ ਚਾਲ ਚਲਣ ਲਈ ਪ੍ਰੇਰਦਾ ਹੈ, ਪਰ ਉਹ ਜਵਾਬ ਵਿਚ ਕਹਿੰਦੀ ਹੈ ਕਿ "ਮੈਂ ਫਰੰਗੀਆਂ ਵਾਂਗ ਜ਼ਬਾਨ ਤੋਂ ਫਿਰਨ ਵਾਲੀ ਔਰਤ ਨਹੀਂ।" ਦੀਨਾ ਨਾਥ ਰਾਣੀ ਜਿੰਦਾਂ ਨੂੰ ਸਲਾਹ ਦੇਂਦਾ ਹੈ ਕਿ ਉਹ ਸਵਾਰਥੀ ਦਰਬਾਰੀਆਂ ਨੂੰ ਦੂਣੇ ਲਾਲਚ ਦੇ ਕੇ ਆਪਣੇ ਵਲ ਕਰਨ ਦੀ ਕੋਸ਼ਿਸ਼ ਕਰੇ। ਪਰ, ਰਾਣੀ ਜਿੰਦਾਂ ਨੂੰ ਉਨ੍ਹਾਂ ਦੇ ਉਪਰ ਕੋਈ ਵਿਸ਼ਵਾਸ ਨਹੀਂ ਹੈ। ਉਹ ਆਪਣੇ ਮਨ ਦੀ ਗੱਲ ਕਹਿੰਦੀ ਹੈ ਕਿ ਕਿਉਂ ਨਾ ਉਹ ਮੁਲਤਾਨ ਨੱਸ ਜਾਵੇ ਅਤੇ ਮੂਲ ਰਾਜ ਤੋਂ ਬਗਾਵਤ ਕਰਵਾ ਦੇਵੇ। ਪਰ, ਦੀਨਾ ਨਾਥ ਆਪਣਾ ਡਰ ਪ੍ਰਗਟ ਕਰਦਾ ਹੋਇਆ ਕਹਿੰਦਾ ਹੈ ਕਿ ਜੇ ਖ਼ਾਲਸਾ ਫੌਜ ਨੇ ਫਰੰਗੀਆਂ ਦਾ ਸਾਥ ਦਿੱਤਾ ਤਾਂ ਕੀ ਹੋਵੇਗਾ? ਨੂਰਉਦੀਨ ਆਪਣੀ ਸਲਾਹ ਦੇਂਦੇ ਹੋਏ ਕਹਿੰਦਾ ਹੈ ਕਿ ਉਹ ਸਭ ਤੋਂ ਪਹਿਲਾਂ ਤੇ ਜਲਦੀ ਨਾਲ ਸ਼ੇਰ ਸਿੰਘ ਅਟਾਰੀ ਨੂੰ ਆਪਣੇ ਵੱਲ ਕਰਨ ਇਤਨੇ ਨੂੰ ਬਾਹਰ ਖੜਾਕ ਹੁੰਦਾ ਹੈ। ਖੜਾਕ ਸੁਣਕੇ, ਦੀਨਾ ਨਾਥ ਤੇ ਨੂਰਉਦੀਨ ਘਬਰਾ ਕੇ ਲੁੱਕਣ ਲਈ ਨੱਸਣ ਲੱਗਦੇ ਹਨ। ਨਿਹਾਲੋ ਤੋਂ ਪਤਾ ਕਰ ਕੇ ਰਾਣੀ ਜਿੰਦਾਂ ਉਨ੍ਹਾਂ ਨੂੰ ਕਹਿੰਦੀ ਹੈ ਕਿ ਉਨ੍ਹਾਂ ਨੂੰ ਡਰਨ ਦੀ ਕੋਈ ਲੋੜ ਨਹੀਂ। ਇਹ ਬਾਬਾ ਉਨ੍ਹਾਂ ਦਾ ਆਪਣਾ ਹੀ ਭੇਤੀ ਹੈ।

ਇਸ ਸਥਿਤੀ 'ਤੇ ਅਜੀਬ ਭੇਸ ਵਿਚ ਇਕ ਬਜ਼ੁਰਗ ਵੀ ਉਨ੍ਹਾਂ ਤਿੰਨਾਂ ਵਿਚ ਸ਼ਾਮਲ ਹੋ ਜਾਂਦਾ ਹੈ। ਭੇਤ ਭਰੀ ਖ਼ਬਰ ਦਸਦੇ ਹੋਏ ਉਹ ਕਹਿੰਦਾ ਹੈ ਕਿ ਸਵੇਰੇ ਨਵਾਂ ਚੰਨ ਚੜ੍ਹਨ ਵਾਲਾ ਹੈ। ਕੱਲ੍ਹ ਇਕ ਖ਼ਾਸ ਦਰਬਾਰ ਲੱਗ ਰਿਹੈ ਜਿਸ ਵਿਚ ਫਰੰਗੀਆਂ ਦੇ ਵਫ਼ਾਦਾਰ ਅਹਿਲਕਾਰਾਂ ਨੂੰ ਖ਼ਿਤਾਬ, ਲਿਖਤਾਂ ਤੇ ਜਗੀਰਾਂ ਬਖਸ਼ੀਆਂ ਜਾਣਗੀਆਂ। ਸਰਦਾਰਾਂ ਨੂੰ ਸਾਡੇ ਨਾਲੋਂ ਤੋੜਣ ਲਈ ਇਹ ਚਾਲ ਵੀ ਚਲੀ ਜਾ ਰਹੀ ਹੈ ਕਿ ਪਹਿਲਾਂ ਤੇਜ ਸਿੰਘ ਨੂੰ ਮਹਾਰਾਜ ਦਲੀਪ ਸਿੰਘ ਦੇ ਹੱਥੀਂ ਤਿਲਕ ਲਵਾਇਆ ਜਾਵੇਗਾ ਅਤੇ ਉਸ ਨੂੰ ਰਾਜਾ ਦੀ ਪਦਵੀ ਦਿਤੀ ਜਾਵੇਗੀ। ਇਹ ਸੁਣ ਕੇ ਰਾਣੀ ਜਿੰਦਾਂ ਗੁੱਸੇ ਵਿਚ ਭੜਕ ਉੱਠਦੀ ਹੈ ਤੇ ਕਹਿੰਦੀ ਹੈ ਜਿਸ ਤੇਜ ਸਿੰਘ ਨੇ ਗ਼ਦਾਰੀ ਕਰ ਕੇ ਪੰਜਾਬ ਦਾ ਰਾਜ ਤਬਾਹ ਕੀਤਾ ਹੈ। ਉਹ ਦੇਸ਼ ਧਰੋਹੀ ਨੂੰ ਕਦਾਚਿਤ ਰਾਜਾ ਨਹੀਂ ਬਣਨ ਦੇਵੇਗੀ। ਉਹ ਇਹ ਵੀ ਕਹਿੰਦਾ ਹੈ ਕਿ ਉਹ ਮਹਾਰਾਜਾ ਦਲੀਪ ਸਿੰਘ ਨੂੰ ਦਰਬਾਰ ਵਿਚ ਹਰਗਿਜ਼ ਨਹੀਂ ਜਾਣ ਦੇਵੇਗੀ। ਕਿਉਂਕਿ ਉਸ ਦੀ ਨਿੱਕੀ ਨੰਨੀ ਜਾਨ ਨੂੰ ਖ਼ਤਰਾ ਹੈ। ਦੀਨਾ ਨਾਥ, ਉਨ੍ਹਾਂ ਨੂੰ ਸੋਚਣ-ਵਿਚਾਰਣ ਲਈ ਕਹਿੰਦਾ ਹੈ। ਉਸ ਨੂੰ ਖ਼ਤਰਾ ਹੈ ਕਿ ਕਿਧਰੇ ਇਸ ਬਹਾਨੇ ਲਾਰੰਸ, ਰਾਣੀ ਜਿੰਦਾਂ ਨੂੰ ਮਹਾਰਾਜਾ ਤੋਂ ਅਲਹਿਦਾ ਹੀ ਨਾ ਕਰ ਦੇਵੇ। ਇਸ ਲਈ ਉਨ੍ਹਾਂ ਨੂੰ ਸੋਚ ਸਮਝ ਕੇ ਕਦਮ ਪੁੱਟਣਾ ਚਾਹੀਦਾ ਹੈ। ਰਾਣੀ ਜਿੰਦਾਂ ਐਲਾਨ ਕਰ ਦੇਂਦੀ ਹੈ ਕਿ ਉਹ ਅੱਜ ਰਾਤ ਨੂੰ ਕੋਈ ਅਹਿਮ ਕਦਮ ਪੁੱਟਣ ਵਾਲੀ ਹੈ। ਦੀਨਾ ਨਾਥ ਤੇ ਨੂਰਉਦੀਨ ਉਸ ਨੂੰ ਦੂਰ-ਅੰਦੇਸ਼ੀ ਤੋਂ ਕੰਮ ਲੈਣ ਲਈ ਕਹਿੰਦੇ ਹਨ। ਗੁੱਸੇ ਵਿਚ ਉਹ ਉਨ੍ਹਾਂ ਦੋਹਾਂ ਉਪਰ ਵੀ ਇਹ ਇਲਜ਼ਾਮ ਲਗਾ ਦੇਂਦੀ ਹੈ ਕਿ ਉਨ੍ਹਾਂ ਦੇ ਮਨਾਂ ਉਪਰ

ਵੀ ਫ਼ਰੰਗੀ ਦਾ ਭੂਤ ਸਵਾਰ ਹੈ। ਉਹ ਉਨ੍ਹਾਂ ਤੋਂ ਪੁੱਛ ਕਰਦੀ ਹੈ ਕਿ ਕੀ ਉਸ ਨੀਚ ਤੇਜੂ ਦੀ ਗ਼ਦਾਰੀ ਕਾਰਨ ਹੀ ਉਹ ਨਹੀਂ ਹਾਰੇ? ਉਹ ਹੁਣ ਮਨ ਬਣਾ ਲੈਂਦੀ ਹੈ ਕਿ ਮੁਲਤਾਨ ਪੁੱਜ ਕੇ ਉਹ ਖ਼ੁੱਦ ਫ਼ੌਜਾਂ ਦੀ ਕਮਾਨ ਸੰਭਾਲੇਗੀ ਅਤੇ ਫ਼ਰੰਗੀ ਨੂੰ ਪੰਜਾਬੋਂ ਬਾਹਰ ਕੱਢ ਕੇ ਹੀ ਦਮ ਲਵੇਗੀ। ਜਦੋਂ ਦੀਨਾ ਨਾਥ ਮੁੜ ਕੇ ਅਰਜ਼ ਕਰਨ ਲੱਗਦਾ ਹੈ ਤਾਂ ਉਹ ਕਹਿੰਦੀ ਹੈ ਕਿ ਉਹ ਕਾਇਰਾਂ ਵਾਲੀ ਅਰਜ਼ ਸੁਣਨ ਨੂੰ ਤਿਆਰ ਨਹੀਂ। ਨਿਹਾਲੋ ਨੂੰ ਸੰਬੋਧਨ ਕਰਦੀ ਹੋਈ ਕਹਿੰਦੀ ਹੈ ਕਿ ਉਹ ਇਨ੍ਹਾਂ ਦੋਹਾਂ ਨੂੰ ਪਿੱਛਲੇ ਰਸਤਿਉਂ ਬਾਹਰ ਕੱਢ ਆਵੇ। ਦੋਵੇਂ ਸਿਰ ਝੁਕਾ ਕੇ ਸੁੰਗੜੇ ਹੋਏ ਜਾਂਦੇ ਹਨ ਜਿਵੇਂ ਹੋਣੀ ਦੇ ਡਰੋਂ ਕਾਂਬਾ ਛਿੜ ਗਿਆ ਹੋਵੇ। ਆਪਣੇ ਆਪ ਨਾਲ ਗੱਲਾਂ ਕਰਦੀ ਹੋਈ ਕਹਿੰਦੀ ਹੈ ਕਿ "ਰਾਤ ਵਿਚਾਲੇ ਬਹੁਤ ਕੁਝ ਹੋ ਸਕਦਾ ਹੈ। ਰਾਤੋ-ਰਾਤ ਪਲਟ ਜਾਂਦੇ ਨੇ ਰਾਜ ਤਖ਼ਤ ਉਲਟ ਜਾਂਦੇ ਨੇ। ਪਹਿਲਾਂ ਮੈਂ ਕਲ੍ਹ ਵਾਸਤੇ ਦਲੀਪ ਸਿੰਘ ਪੱਕਾ ਕਰਾਂ, ਕਿਸੇ ਸੂਰਤ ਤੇਜੂ ਦੇ ਮੱਥੇ ਤਿਲਕ ਨਾ ਲਾਵੇ। ਮੇਰੇ ਲਾਲ, ਤੂੰ ਅਜੇ ਉਠਿਆ ਨਹੀਂ (ਧੁਸਾ ਵੱਜਦਾ ਸੁਣਾਈ ਦਿੰਦਾ ਹੈ) ਬੇਟਾ ਇਹ ਸੌਣ ਦਾ ਵਕਤ ਨਹੀਂ। ਸੁਣ ਡੇਹਰਾ ਸਾਹਿਬ 'ਆਸਾ ਦੀ ਵਾਰ' ਦਾ ਭੋਗ ਪੈ ਚੁੱਕਾ ਹੈ। ਅੱਖਾਂ ਖੋਲ੍ਹ ਤੇਰੇ ਸੁੱਤੇ ਪਿਆਂ ਪਤਾ ਨਹੀਂ ਕੀ ਭਾਣਾ ਵਰਤ ਜਾਵੇ। ਉਠ ਜਾਗ"। ਉਸ ਨੂੰ ਬਾਹਰੋਂ ਉਸੇ ਨਾਂ-ਕਟੇ ਫ਼ੌਜੀ ਦੀ ਆਵਾਜ਼ ਸੁਣਾਈ ਦਿੰਦੀ ਹੈ। ਉਹ ਗਾ ਰਿਹੈ :-

"ਸਾਰੀ ਫ਼ੌਜ ਨੂੰ ਚਾਇ ਜਵਾਬ ਦਿੱਤਾ,
ਦਿੱਤੀ ਨੌਕਰੀ ਛੱਡ ਵਿਚਾਰਿਆਂ ਨੇ।
ਸ਼ਾਹ ਮੁਹੰਮਦਾ ਏਸ ਰਾਣੀ ਜਿੰਦ ਕੌਰਾਂ,
ਤੋੜ ਸੁਟਿਆ ਮੁਲਕ ਉਜਾੜਿਆਂ ਨੇ।"

ਸ਼ਾਹ ਮੁਹੰਮਦ ਦੇ ਜੰਗਨਾਮੇ ਨਾਲ ਸੰਬੰਧਿਤ ਇਨ੍ਹਾਂ ਕਾਵਿ-ਪੰਕਤੀਆਂ ਨੂੰ ਸੁਣ ਕੇ ਉਹ ਗੰਭੀਰ ਹੋ ਜਾਂਦੀ ਹੈ ਅਤੇ ਕਹਿੰਦਾ ਹੈ ਕਿ ਉਸ ਉੱਪਰ ਝੂਠੀ ਤੋਹਮਤ ਲਾਈ ਜਾ ਰਹੀ ਹੈ। ਉਹ ਗੁੱਸੇ ਨਾਲ ਭਰੀ ਪੀਤੀ ਹੋਈ ਇਹ ਕਹਿੰਦੀ ਹੋਈ ਅੰਦਰ ਜਾਂਦੀ ਹੈ ਕਿ ਉਹ ਹੋਣੀ ਦਾ ਮੂੰਹ ਮੋੜ ਕੇ ਰੱਖ ਦੇਵੇਗੀ।

ਪਹਿਲੇ ਨਾਟ ਜਾਂ ਐਕਟ ਦੀ ਦੂਜੀ ਝਾਕੀ ਸ਼ੁਰੂ ਹੁੰਦੀ ਹੈ। ਸਮਾਂ 17 ਅਗਸਤ 1847 ਦਾ ਹੈ ਅਤੇ ਥਾਂ ਖ਼ਾਲਸਾ ਦਰਬਾਰ ਦਾ ਹੈ। ਇਕ ਉੱਚੀ ਥਾਂ ਤੇ ਸ਼ਾਹੀ ਸ਼ਾਮਿਆਨੇ ਹੇਠ ਸੁਨਹਿਰੀ ਕੁਰਸੀ ਖ਼ਾਲੀ ਪਈ ਦਾ ਦ੍ਰਿਸ਼ ਹੈ। ਉਸ ਦੇ ਸੱਜੇ ਪਾਸੇ ਦੋ ਕੁਰਸੀਆਂ ਉੱਪਰ ਅੰਗ੍ਰੇਜ਼ ਰੈਜ਼ੀਡੈਂਟ ਅਤੇ ਫ਼ਰੈਡਰਿਕ ਕਰੀ ਬੈਠੇ ਹੋਏ ਹਨ। ਖ਼ਾਲਸਾ ਕੌਂਸਲ ਦੇ ਮੈਂਬਰ ਤੇਜ ਸਿੰਘ, ਸ਼ੇਰ ਸਿੰਘ ਅਟਾਰੀ, ਮਿਸਰ ਦੀਨਾ ਨਾਥ, ਫਕੀਰ ਨੂਰਉਦੀਨ, ਭਾਈ ਰਾਮ ਸਿੰਘ ਆਦਿ ਖੜ੍ਹੇ ਹਨ। ਮਹਾਰਾਜਾ ਦਲੀਪ ਸਿੰਘ ਦੀ ਇੰਤਜ਼ਾਰ ਹੋ ਰਹੀ ਹੈ। ਲਾਰੰਸ, ਤੇਜ ਸਿੰਘ ਕੋਲੋਂ ਦੇਰੀ ਦਾ ਕਾਰਨ ਪੁੱਛਦਾ ਹੈ ਤਾਂ ਤੇਜ ਸਿੰਘ ਦਸਦਾ ਹੈ ਕਿ ਉਹ ਤਿਆਰ ਹੋ ਰਹੇ ਹਨ। ਦੋ ਵਾਰ ਬੰਦਾ ਉਨ੍ਹਾਂ ਨੂੰ ਬੁਲਾਉਣ ਲਈ ਜਾ ਚੁੱਕਿਆ ਹੈ। ਲਾਰੰਸ ਖ਼ਫ਼ਾ ਹੋ ਕੇ ਕਹਿੰਦਾ ਹੈ ਕਿ ਇਨ੍ਹਾਂ ਲੋਕਾਂ ਨੂੰ ਵਕਤ ਦੀ ਕੋਈ ਕਦਰ ਨਹੀਂ। ਕਰੀ ਕਹਿੰਦਾ ਹੈ ਕਿ ਇਸ ਕਰ ਕੇ ਇਹ ਲੋਕ ਵਕਤ ਤੋਂ ਪਿੱਛੇ ਹਨ। ਇੰਝ ਸਾਰੀ ਕਾਰਵਾਈ ਇਕ ਘੰਟਾ ਲੇਟ ਹੋ ਜਾਂਦੀ ਹੈ। ਇਤਨੇ ਨੂੰ ਬਾ-ਅਦਬ ਬਾ-ਮੁਲਾਹਿਜ਼ਾਂ ਹੋਸ਼ਿਆਰ ਦੀ ਆਵਾਜ਼ ਆਉਂਦੀ ਹੈ ਅਤੇ ਚੋਬਦਾਰ ਐਲਾਨ ਕਰਦਾ ਹੈ ਕਿ ਪੰਜਾਬ ਦੇ ਮਹਾਰਾਜਾ ਦਲੀਪ ਸਿੰਘ ਤਸ਼ਰੀਫ਼ ਲਿਆ ਰਹੇ ਹਨ। ਝੰਡਾ ਬਰਕਦਾਰ ਤੇ ਅੰਗ ਰਖਿਅਕ ਪਿੱਛੇ ਖੜੇ ਹੋ ਜਾਂਦੇ ਹਨ। ਦਸ ਸਾਲ ਦੀ ਉਮਰ ਦੇ ਮਹਾਰਾਜਾ ਦਲੀਪ ਸਿੰਘ ਦੇ ਆਉਣ ਸਾਰ ਹੀ ਹੈਨਰੀ ਲਾਰੰਸ ਤੇ ਫਰੈਡਰਿਕ ਕਰੀ ਉੱਠ ਖੜੇ ਹੋ ਜਾਂਦੇ ਹਨ। ਸਾਰੇ ਦਰਬਾਰੀ ਹੱਥ ਜੋੜ ਕੇ ਖਲੋ ਜਾਂਦੇ ਹਨ। ਇਤਨੇ ਨੂੰ ਬੁਲਾਰਾ ਐਲਾਨ ਕਰਦਾ ਹੈ ਕਿ "ਉਜੱਲ ਦੀਦਾਰ, ਨਿਰਮਲ ਬੁਧ, ਮੁਲਾਜ਼ਿਰ ਅਰ ਮੁਲਕ, ਸੁਮ ਸ਼ਾਮਓ ਦੌਲਾ ਤੇਜ ਸਿੰਘ ਸਦਰ ਸਫ਼ਦਰ ਗੰਜ ਰਾਜਾ ਸਿਆਲ ਕੋਟ ਨੂੰ ਖ਼ਾਲਸਾ ਦਰਬਾਰ ਤਰਫੋਂ ਰਾਜਾ ਦਾ ਖ਼ਿਤਾਬ ਅਦਾ ਕੀਤਾ ਜਾਂਦਾ ਹੈ। ਜਦੋਂ ਲਾਰੰਸ ਮਹਾਰਾਜੇ ਨੂੰ ਤਿਲਕ ਲਾਉਣ ਲਈ ਪ੍ਰੇਰਦਾ ਹੈ ਤਾਂ ਇਹ ਕਹਿ ਕੇ ਕਿ "ਮੈਂ ਗਦਾਰ ਦੇ ਮੱਥੇ ਤਿਲਕ ਨਹੀਂ ਲਾਵਾਂਗਾ।" ਇਨਕਾਰ ਕਰ ਦੇਂਦਾ ਹੈ। ਲਾਰੰਸ ਝੁੰਜਲਾ ਕੇ ਗੁੱਸੇ ਵਿਚ ਕਹਿੰਦਾ ਹੈ-"ਕਿਆ ਕਹਾ?" ਇਤਨੇ ਨੂੰ ਰਾਮ ਸਿੰਘ ਬੋਲ ਉਠਦਾ ਹੈ "ਸਾਹਿਬ ਬਹਾਦਰ, ਧੀਰਜ ਕਰੋ ਬੱਚਾ ਹੈ ਜ਼ਿੱਦ ਕਰ ਰਿਹੈ। ਮਹਾਰਾਜ, ਛੇਤੀ ਕਰੋ, ਸਭ ਤੁਹਾਡੇ ਵੱਲ ਦੇਖ ਰਹੇ ਨੈ।" ਲਾਰੰਸ, ਤੇਜ ਸਿੰਘ ਨੂੰ ਹਲਾਸ਼ੇਰੀ ਦੇਂਦੇ ਹੋਏ ਅੱਗੇ ਵਧਣ ਲਈ ਕਹਿੰਦਾ ਹੈ। ਤੇਜ ਸਿੰਘ ਸਿਰ ਝੁਕਾ ਕੇ ਅੱਗੇ ਵੱਧਦਾ ਹੈ ਤਾਂ ਮਹਾਰਾਜਾ ਦੀਪ ਸਿੰਘ ਉਸ ਨੂੰ ਲੱਤ ਕੱਢ ਮਾਰਦਾ ਹੈ। ਇਹ ਦੇਖ ਕੇ ਸਾਰੇ ਦਰਬਾਰੀ ਘਬਰਾਹਟ ਵਿਚ ਥਾਵਾਂ ਤੋਂ ਹਿੱਲ ਜਾਂਦੇ ਹਨ। ਸਭ ਹੈਰਾਨ ਹਨ ਇਤਨੇ ਨੂੰ ਲਾਰੰਸ ਆਪ ਤੇਜ ਸਿੰਘ ਨੂੰ ਤਿਲਕ ਲਗਾ ਦੇਂਦਾ ਹੈ ਅਤੇ ਅਗਲੀ ਕਾਰਵਾਈ ਖ਼ਤਮ ਕਰਨ ਦਾ ਐਲਾਨ ਕਰ ਦੇਂਦਾ ਹੈ। ਦਰਬਾਰ ਬਰਖ਼ਾਸਤ ਹੋ ਜਾਂਦਾ ਹੈ ਅਤੇ ਦਲੀਪ ਸਿੰਘ ਉੱਠ ਕੇ ਚਲਾ ਜਾਂਦਾ ਹੈ। ਲਾਰੰਸ ਤੇ ਕਰੀ ਦੋਵੇਂ ਇਸ ਸਾਰੀ ਘਟਨਾ ਨੂੰ ਜ਼ਾਹਿਰਾ ਤੌਰ ਤੇ ਰਾਣੀ ਜਿੰਦਾਂ ਦੀ ਸ਼ਰਾਰਤ ਕਰਾਰ ਦਿੰਦੇ ਹਨ। ਰਾਮ ਸਿੰਘ ਇਸ ਘਟਨਾ ਉੱਪਰ ਅਫ਼ਸੋਸ ਜ਼ਾਹਿਰ ਕਰਦਾ ਹੈ ਤੇ ਕਹਿੰਦਾ ਹੈ ਕਿ ਹੁਣ ਕੀ ਬਣੇਗਾ? ਜਵਾਬ ਵਿਚ ਤੇਜ ਸਿੰਘ ਕਹਿੰਦਾ ਹੈ ਕਿ ਹੁਣ ਰਾਣੀ ਜਿੰਦਾਂ ਉੱਪਰ ਕਹਿਰ ਢਹੇਗਾ, ਰਾਜਮਾਤਾ ਨੂੰ ਕਸੂਰਵਾਰ ਠਹਿਰਾਂਦਾ ਹੋਇਆ ਤੇਜ ਸਿੰਘ, ਸ਼ੇਰ ਸਿੰਘ ਦੇ ਨਾਲ ਖਹਿ ਪੈਂਦਾ ਹੈ। ਦੀਨਾ ਨਾਥ ਤੇ ਰਾਮ ਸਿੰਘ ਵਿਚ ਪੈ ਕੇ ਦੋਹਾਂ ਨੂੰ ਲੜਨ ਤੋਂ ਰੋਕਦੇ ਹਨ। ਸ਼ੇਰ

ਸਿੰਘ, ਤੇਜ ਸਿੰਘ ਨੂੰ ਘੂਰਦਾ ਹੋਇਆ ਉਥੋਂ ਚਲਾ ਜਾਂਦਾ ਹੈ।

ਤੀਸਰੀ ਝਾਕੀ ਵਿਚ ਉਸੇ ਦਿਨ (17 ਅਗਸਤ 1847) ਕੁਝ ਚਿਰ ਬਾਅਦ ਦਾ ਦ੍ਰਿਸ਼ ਪੇਸ਼ ਹੈ। ਥਾਂ, ਲਾਹੌਰ ਵਿਚ ਰੈਜੀਡੈਂਟ ਹੈਨਰੀ ਲਾਰੰਸ ਦੇ ਦਫ਼ਤਰ ਦਾ ਹੈ। ਦਫ਼ਤਰ ਵਿਚ ਕੰਧ 'ਤੇ ਹਿੰਦੁਸਤਾਨ ਦਾ ਵਿਸ਼ਾਲ ਨਕਸ਼ਾ ਲਟਕ ਰਿਹਾ ਹੈ। ਸਵਾਏ ਪੰਜਾਬ ਦੇ ਨਕਸ਼ੇ ਦਾ ਸਾਰਾ ਹਿੱਸਾ ਲਾਲ ਹੈ। ਇਕ ਕੁਲੀ ਹੱਥ ਨਾਲ ਖਿੱਚਣ ਵਾਲਾ ਪੱਖਾ ਚਲਾ ਰਿਹਾ ਹੈ। ਫਰੈਡਰਿਕ ਕਰੀ ਕੁਝ ਕਾਗਜ਼ ਹੱਥ ਵਿਚ ਲਈ ਚੁੱਪ-ਚਾਪ ਬੈਠਾ ਹੋਇਆ ਹੈ। ਲਾਰੰਸ ਉਸ ਨੂੰ ਪੁੱਛਦਾ ਹੈ ਕਿ ਉਹ ਅੱਜ ਸ਼ਰਾਬ ਕਿਉਂ ਨਹੀਂ ਪੀ ਰਿਹਾ? ਬਹੁਤ ਸੰਜੀਦਾ ਲੱਗ ਰਿਹੈ। ਜਵਾਬ ਵਿਚ ਮਿਸਟਰ ਕਰੀ ਦਸਦਾ ਹੈ ਕਿ ਸਖ਼ਤ ਤੋਂ ਸਖ਼ਤ ਸ਼ਰਾਬ ਵੀ ਉਸ ਨੂੰ ਉਹ ਹਾਦਸਾ ਨਹੀਂ ਭੁਲਾ ਸਕਦੀ। ਮਹਾਰਾਜਾ ਦਲੀਪ ਸਿੰਘ ਦੇ ਰਵੱਈਏ ਕਾਰਨ ਉਨ੍ਹਾਂ ਦੀ ਬਹੁਤ ਬੇਇਜ਼ੱਤੀ ਹੋਈ ਹੈ। ਇਹ ਬੇਇਜ਼ੱਤੀ ਦਾ ਮਿਸਟਰ ਕਰੀ ਨੂੰ ਤਿੱਖਾ ਅਹਿਸਾਸ ਹੈ। ਮਿਸਟਰ ਲਾਰੰਸ ਤੇ ਮਿਸਟਰ ਕਰੀ ਦੀ ਆਪਸੀ ਗੱਲਬਾਤ ਤੋਂ ਪਤਾ ਚਲਦਾ ਹੈ ਜਿਥੇ ਮਿਸਟਰ ਕਰੀ, ਪੰਜਾਬ ਦੇ ਲੋਕਾਂ ਨੂੰ ਸਖ਼ਤ ਨਫ਼ਰਤ ਕਰਦਾ ਹੈ ਤੇ ਉਨ੍ਹਾਂ ਨੂੰ ਫ਼ਾਸਲੇ 'ਤੇ ਰਖਣਾ ਲਾਜ਼ਮੀ ਸਮਝਦਾ ਹੈ। ਉਥੇ ਲਾਰੰਸ ਦੀ ਸੋਚ ਇਹ ਹੈ ਕਿ ਪੰਜਾਬੀ ਲੋਕ ਦਲੇਰ ਅਣਖੀ ਤੇ ਬਹਾਦਰ ਹਨ। ਇਨ੍ਹਾਂ ਨੂੰ ਸਿਰਫ਼ ਪਿਆਰ ਨਾਲ ਹੀ ਜਿੱਤਿਆ ਜਾ ਸਕਦਾ ਹੈ। ਇੱਥੋਂ ਤਕ ਕਿ ਉਸ ਨੇ ਗਵਰਨਰ ਜਨਰਲ ਹੈਨਰੀ ਹਾਰਡਿੰਗ ਨੂੰ ਵੀ ਮੂੰਹ 'ਤੇ ਕਹਿ ਦਿੱਤਾ ਸੀ ਕਿ ਪਰਜਾ ਦਾ ਦਿਲ ਜਿੱਤਣ ਲਈ ਉਨ੍ਹਾਂ ਨਾਲ ਘੁਲ-ਮਿਲ ਕੇ ਰਹਿਣਾ ਜ਼ਰੂਰੀ ਹੈ। ਉਹ ਕਹਿੰਦਾ ਹੈ ਕਿ ਉਸ ਦੀ ਇਸੇ ਪਾਲਿਸੀ ਕਰ ਕੇ ਹੀ ਫਿਰੋਜ਼ਪੁਰ ਦੇ ਲੋਕ ਉਸ ਉਪਰ ਜਾਨ ਕੁਰਬਾਨ ਕਰਨ ਲਈ ਤਿਆਰ ਸਨ। ਉਹ ਇਹ ਵੀ ਮਹਿਸੂਸ ਕਰਦਾ ਹੈ ਕਿ ਉਸ ਦੀ ਮਰਜ਼ੀ ਦੇ ਵਿਰੁੱਧ ਇਨ੍ਹਾਂ ਲੋਕਾਂ ਨਾਲ ਗ਼ਲਤ ਸਲੂਕ ਕੀਤਾ ਗਿਆ ਹੈ। ਅਹਿਦਨਾਮੇ ਦੀਆਂ ਸ਼ਰਤਾਂ ਬਹੁਤ ਕਰੜੀਆਂ ਰੱਖੀਆਂ ਗਈਆਂ ਹਨ। ਉਹ ਮਿਸਟਰ ਕਰੀ ਨੂੰ ਕਹਿੰਦਾ ਹੈ ਕਿ ਤੂੰ ਪੰਜਾਬੀਆਂ ਦਾ ਇਤਿਹਾਸ ਨਹੀਂ ਜਾਣਦਾ, ਰਾਜਾ ਪੋਰਸ ਪੰਜਾਬੀ ਸੀ। ਹਾਰਨ ਮਗਰੋਂ ਵੀ ਉਹ ਸਿਕੰਦਰ ਆਜ਼ਮ ਸਾਮ੍ਹਣੇ ਨਹੀਂ ਸੀ ਝੁਕਿਆ। ਪਰ, ਮਿਸਟਰ ਕਰੀ ਉਸਨੂੰ ਹੈਨਰੀ ਹਾਰਡਿੰਗ ਦਾ ਹਵਾਲਾ ਦੇ ਕੇ ਕਹਿੰਦਾ ਹੈ ਕਿ ਉਸ ਨੇ ਤੇਰੀ ਪਾਲਿਸੀ ਨੂੰ ਦੂਸਰੀ ਵਾਰ ਰੱਦ ਕਰ ਦਿੱਤਾ ਹੈ ਅਤੇ ਲਿਖਿਆ ਹੈ ਕਿ ਸ਼ਰਾਰਤੀ ਰਾਣੀ ਜਿੰਦਾਂ ਸਭ ਸਾਜਸ਼ਾਂ ਦੀ ਜੜ੍ਹ ਹੈ। ਇਸ ਖ਼ਤਰਨਾਕ ਔਰਤ ਨੂੰ ਜਿਤਨੀ ਜਲਦੀ ਹੋ ਸਕੇ ਪੰਜਾਬ ਤੋਂ ਬਾਹਰ ਨਿਕਾਲਿਆ ਜਾਵੇ। ਲਾਰੰਸ ਜਵਾਬ ਵਿਚ ਕਹਿੰਦਾ ਹੈ ਕਿ ਸਾਰਾ ਪੰਜਾਬ ਰਾਣੀ ਜਿੰਦਾਂ ਦੀ ਇੱਜ਼ਤ ਕਰਦਾ ਹੈ ਇਸ ਲਈ ਹੋ ਸਕਦਾ ਹੈ ਕਿਤੇ ਬਗਾਵਤ ਨਾ ਹੋ ਜਾਏ। ਮਿਸਟਰ ਕਰੀ, ਰਾਣੀ ਜਿੰਦਾਂ ਨੂੰ ਕੰਪਨੀ ਹਕੂਮਤ ਦੀ ਸਖ਼ਤ ਦੁਸ਼ਮਨ ਦਸਦਾ ਹੈ ਤੇ ਉਸ ਨੂੰ ਸਖ਼ਤੀ ਨਾਲ ਦਬਾਉਣ ਦੇ ਹੱਕ ਵਿਚ ਹੈ। ਇਨ੍ਹਾਂ ਦੋਹਾਂ ਦੀ ਗੱਲਬਾਤ ਤੋਂ ਇਹ ਵੀ ਪਤਾ ਚਲਦਾ ਹੈ ਕਿ ਕਰੀ ਬਹੁਤ ਸਖ਼ਤ ਸੁਭਾਅ ਤੇ ਸ਼ੱਕੀ ਮਿਜ਼ਾਜ ਵਾਲਾ ਹੈ। ਹੈਨਰੀ ਹਾਰਡਿੰਗ ਦਾ ਸੈਕਟਰੀ ਹੋਣ ਦੇ ਨਾਤੇ ਉਹ ਹਮੇਸ਼ਾਂ ਰਾਣੀ ਜਿੰਦਾਂ ਤੇ ਹੋਰ ਪੰਜਾਬੀਆਂ ਦੇ ਖ਼ਿਲਾਫ਼ ਉਸ ਦੇ ਕੰਨ ਭਰਦਾ ਰਹਿੰਦਾ ਹੈ। ਲਾਰੰਸ ਦਾ ਵਿਚਾਰ ਹੈ ਕਿ ਕੰਪਨੀ ਦੀ ਸਰਕਾਰ ਨੂੰ ਇਸ ਸਖ਼ਤੀ ਦਾ ਖਾਮਿਆਜ਼ਾ ਭੁਗਤਣਾ ਪਵੇਗਾ ਉਹ ਗਵਰਨਰ ਜਨਰਲ ਨੂੰ ਪੰਜਾਬ ਪ੍ਰਤੀ ਪਾਲਸੀ ਬਦਲਣ ਵਾਸਤੇ ਲਿਖਣ ਦੀ ਗੱਲ ਹੀ ਕਰਦਾ ਹੈ ਕਿ ਮਿਸਟਰ ਕਰੀ ਉਸ ਦਾ ਤਾਜ਼ਾ ਹੁਕਮ ਲਾਰੰਸ ਨੂੰ ਫੜਾ ਕੇ ਚਲਿਆ ਜਾਂਦਾ ਹੈ। ਹੁਕਮ ਪੜ੍ਹ ਕੇ ਉਹ ਗੰਭੀਰ ਸੋਚਾਂ ਵਿਚ ਪੈ ਜਾਂਦਾ ਹੈ ਅਤੇ ਕਮਰੇ ਅੰਦਰ ਘੁੰਮਣ ਲੱਗਦਾ ਹੈ। ਇਥੋਂ ਪਤਾ ਚਲਦਾ ਹੈ ਕਿ ਮਿਸਟਰ ਕਰੀ ਤੇ ਮਿਸਟਰ ਲਾਰੰਸ ਦੇ ਵਿਚਾਰਾਂ ਵਿਚ ਕਿਤਨੇ ਮੱਤਭੇਦ ਹਨ।

ਇਸੇ ਵੇਲੇ ਨੂੰ ਰਾਜਾ ਤੇਜ ਸਿੰਘ ਪ੍ਰਵੇਸ਼ ਕਰਦਾ ਹੈ। ਜਦੋਂ ਲਾਰੰਸ ਉਸ ਨੂੰ ਰਾਣੀ ਜਿੰਦਾਂ ਵੱਲ ਸੰਕੇਤ ਕਰ ਕੇ ਕਹਿੰਦਾ ਹੈ ਕਿ "ਦੇਖੀ ਕਲ੍ਹ ਉਸ ਔਰਤ ਦੀ ਕਰਤੂਤ।" ਅੱਗੋਂ ਤੇਜ ਸਿੰਘ ਬਲਦੀ ਉਪਰ ਹੋਰ ਤੇਲ ਪਾਉਣ ਦਾ ਕੰਮ ਕਰਦਾ ਹੈ। ਰਾਣੀ ਜਿੰਦਾਂ ਨੂੰ ਬੜੀ ਤੇਜ਼ ਮਿਜਾਜ਼ ਮੂੜ੍ਹ ਜੱਟੀ, ਜ਼ਿੱਦੀ ਤੇ ਬੇਲਗਾਮ ਘੋੜੀ ਕਹਿ ਕੇ, ਲਾਰੰਸ ਨੂੰ ਖ਼ੂਬ ਭੜਕਾਉਂਦਾ ਹੈ। ਉਸ ਨੂੰ ਛੇਤੀ ਬਿਲੇ ਲਾਉਣ ਲਈ ਉਸ ਦੇ ਕੰਨ ਭਰਦਾ ਹੈ। ਉਹ ਦਸਦਾ ਹੈ ਕਿ ਸਭਰਾਵਾਂ ਦੀ ਲੜਾਈ ਵਿਚ ਫਰੰਟ 'ਤੇ ਜਾਣ ਲਈ ਤਿਆਰ ਬੈਠੀ ਸੀ, ਬੜੀ ਮੁਸ਼ਕਲ ਨਾਲ ਉਸ ਵਕਤ ਸੰਭਾਲਿਆ। ਜੇ ਉਹ ਮੈਦਾਨ ਵਿਚ ਚਲੀ ਜਾਂਦੀ ਤਾਂ ਫਰੰਗੀਆਂ ਦੀ ਜਿੱਤ ਮੁਸ਼ਕਲ ਸੀ। ਆਪਣੀ ਫਰੰਗੀਆਂ ਪ੍ਰਤੀ ਵਫ਼ਾਦਾਰੀ ਦਾ ਸਬੂਤ ਦੇਂਦੇ ਹੋਏ ਉਹ ਕਹਿੰਦਾ ਹੈ ਕਿ ਉਹ ਲਾਲ ਸਿੰਘ ਵਾਂਗ ਨਮਕ-ਹਰਾਮੀ ਕਰਨ ਵਾਲਾ ਬੰਦਾ ਨਹੀਂ। ਉਧਰ ਲਾਰੰਸ ਵੀ ਉਸ ਵਫ਼ਾਦਾਰੀ ਤੋਂ ਖੁਸ਼ ਹੈ ਅਤੇ ਕਹਿੰਦਾ ਹੈ ਕਿ ਇਸੇ ਵਫ਼ਾਦਾਰੀ ਦੇ ਬਦਲੇ ਹੀ ਉਸ ਨੂੰ ਸਭ ਤੋਂ ਉੱਚਾ ਅਹੁਦਾ ਦਿੱਤਾ ਗਿਆ ਹੈ। ਤੇਜ ਸਿੰਘ ਪਰੇਮਾ ਸਾਜਸ਼ੀ ਘਟਨਾ 'ਚ ਵੀ ਰਾਣੀ ਜਿੰਦਾਂ ਨੂੰ ਹੀ ਕਸੂਰਵਾਰ ਠਹਿਰਾਉਂਦਾ ਹੈ ਅਤੇ ਕਹਿੰਦਾ ਹੈ ਕਿ ਸ਼ਰਾਰਤ ਨੂੰ ਤੁਰਤ-ਫੁਰਤ ਜੜ੍ਹੋਂ ਪੁੱਟ ਸੁਟੋ। ਉਹ ਸਰਕਾਰੀ ਕੰਮਾਂ ਵਿਚ ਵੀ ਰੁਕਾਵਟਾਂ ਪਾ ਰਹੀ ਹੈ। ਲਾਰੰਸ ਉਸ ਨੂੰ ਦਸਦਾ ਹੈ ਕਿ ਗਵਰਨਰ ਜਨਰਲ ਦਾ ਵੀ ਇਹੋ ਹੁਕਮ ਹੈ ਕਿ ਪੰਜਾਬ 'ਚ ਇਕੋ ਇਕ ਮਰਦ ਔਰਤ ਹੈ ਜਿਸ ਤੋਂ ਹਕੂਮਤ ਨੂੰ ਖ਼ਤਰਾ ਹੈ। ਪਰ, ਯਾਦ ਰੱਖ ਕਿ ਜਲਦਬਾਜੀ ਕਰਨਾ ਸਾਡਾ ਅਸੂਲ ਨਹੀਂ। ਅਸੀਂ ਐਸੀ ਸਫ਼ਾਈ ਨਾਲ ਕੰਮ ਕਰਦੇ ਹਾਂ ਕਿ ਕਿਸੇ ਨੂੰ ਮਾਲੂਮ ਤੱਕ ਨਹੀਂ ਹੁੰਦਾ। ਇਥੇ ਹੀ ਲਾਰੰਸ ਤੇਜ ਸਿੰਘ ਨੂੰ ਦਸਦਾ ਹੈ ਕਿ ਉਹ ਚਾਹੁੰਦਾ ਹੈ ਕਿ ਰਾਣੀ ਜਿੰਦਾਂ ਨੂੰ ਕੁਝ ਦਿਨ ਸ਼ੇਖੂਪੁਰੇ ਦੇ ਕਿਲ੍ਹੇ ਵਿਚ ਨਜ਼ਰਬੰਦ ਰੱਖਿਆ ਜਾਵੇ। ਅੱਗੋਂ ਤੇਜ ਸਿੰਘ ਉਸ ਨੂੰ ਇਹ ਸਲਾਹ ਦਿੰਦਾ ਹੈ ਕਿ ਉਸ ਨੂੰ ਪੰਜਾਬੋਂ ਬਾਹਰ ਦਫ਼ਾ ਕਰੋ, ਕਿਉਂਕਿ ਉਥੋਂ ਵੀ ਉਹ ਸ਼ਰਾਰਤਾਂ ਤੋਂ ਬਾਜ ਨਹੀਂ ਆਵੇਗੀ। ਲਾਰੰਸ ਉਸ ਨੂੰ ਭਰੋਸਾ ਦਿਵਾਉਂਦਾ ਹੈ ਕਿ ਇਸ ਸੰਬੰਧੀ ਅੱਗੇ ਚਲ

ਕੇ ਵੇਖਿਆ ਜਾਵੇਗਾ। ਹਾਲ ਦੀ ਘੜੀ ਉਹ ਰਾਣੀ ਜਿੰਦਾਂ ਨੂੰ ਉਥੋਂ ਨਿਕਾਲਣ ਦਾ ਕੰਮ ਹੁਸ਼ਿਆਰੀ ਨਾਲ ਸਿਰੇ ਚੜਾਵੇ। ਤੇਜ ਸਿੰਘ ਉਸ ਨੂੰ ਬੇਹੱਦ ਇਹਤਿਆਤ ਵਰਤਣ ਦਾ ਵਿਸ਼ਵਾਸ ਦਿਵਾਉਂਦਾ ਹੈ। ਇਥੇ ਹੀ ਲਾਰੰਸ ਉਸ ਨੂੰ ਦਸਦਾ ਹੈ ਕਿ ਮਹਾਰਾਜਾ ਦਲੀਪ ਸਿੰਘ ਦੀ ਹਿਫ਼ਾਜ਼ਤ ਲਈ ਗਵਰਨਰ ਜਨਰਲ ਦੀ ਸਖ਼ਤ ਹਿਦਾਇਤ ਹੈ। ਲਾਰੰਸ ਦੀ ਨਜ਼ਰ ਵਿਚ ਪੰਜਾਬੀ ਬਹਾਦਰ ਹਨ, ਪਰ ਭੋਲੇ ਹਨ। ਪਰ ਹਿੰਦੁਸਤਾਨੀ ਲੋਕ ਚਲਾਕ ਤੇ ਖ਼ਤਰਨਾਕ, ਪਰ ਕਮਜ਼ੋਰ ਹਨ। ਤੇਜ ਸਿੰਘ ਨੂੰ ਕੰਪਨੀ ਸਰਕਾਰ ਦਾ ਵਫ਼ਾਦਾਰ ਮੁਲਾਜ਼ਮ ਦਸਦਾ ਹੋਇਆ ਲਾਰੰਸ, ਉਸ ਨੂੰ ਟੈਕਟ ਤੇ ਨਰਮੀ ਤੋਂ ਕੰਮ ਲੈਣ ਦੀ ਪ੍ਰੇਰਣਾ ਦੇਂਦਾ ਹੈ ਅਤੇ ਉਥੋਂ ਜਲਦੀ ਨਿਕਲ ਜਾਣ ਦੀ ਸਲਾਹ ਦੇਂਦਾ ਹੈ, ਕਿਉਂਕਿ ਸਾਹਮਣੇ ਸ਼ੇਰ ਸਿੰਘ ਉਧਰ ਆ ਰਿਹਾ ਸੀ। ਸ਼ੇਰ ਸਿੰਘ, ਤੇਜ ਸਿੰਘ ਨੂੰ ਸ਼ੱਕੀ ਨਜ਼ਰ ਨਾਲ ਵੇਖਦਾ ਹੈ। ਪਰ ਉਹ ਦੂਜੇ ਪਾਸੇ ਮੂੰਹ ਕਰ ਕੇ ਚੁੱਪਚਾਪ ਨਿਕਲਣ ਦੀ ਕਰਦਾ ਹੈ। ਸ਼ੇਰ ਸਿੰਘ ਉਸ ਦਾ ਧਿਆਨ ਖਿੱਚਣ ਲਈ ਖੰਘੂਰਾ ਮਾਰਦਾ ਹੈ।

ਸ਼ੇਰ ਸਿੰਘ, ਲਾਰੰਸ ਨੂੰ ਸਲਾਮ ਕਹਿ ਕੇ ਅੰਦਰ ਪ੍ਰਵੇਸ਼ ਕਰਦਾ ਹੈ। ਲਾਰੰਸ ਉਸ ਨੂੰ ਸ਼ਿਕਾਇਤ ਕਰਦਾ ਹੈ ਕਿ ਉਸ ਦੀ ਰਿਸ਼ਤੇਦਾਰ ਰਾਣੀ ਜਿੰਦਾਂ ਨੇ ਕਲ੍ਹ ਕੰਪਨੀ ਦੀ ਬਹੁਤ ਹੱਤਕ ਕੀਤੀ ਹੈ। ਅੱਗੋਂ ਸ਼ੇਰ ਸਿੰਘ ਰੈਜ਼ੀਡੈਂਟ ਮਿਸਟਰ ਲਾਰੰਸ ਨੂੰ ਦਸਦਾ ਹੈ ਕਿ ਸਾਰਾ ਪੰਜਾਬ ਤੇਜ ਸਿੰਘ (ਤੇਜੂ) ਨੂੰ ਨਫ਼ਰਤ ਕਰਦਾ ਹੈ। ਸਭ ਤੋਂ ਪਹਿਲਾਂ ਉਸ ਦੇ ਮੱਥੇ ਟਿੱਕਾ ਨਹੀਂ ਸੀ ਲਵਾਣਾ ਚਾਹੀਦਾ। ਜਵਾਬ ਵਿਚ ਲਾਰੰਸ ਉਸ ਦੇ ਖ਼ਾਲਸਾ ਦਰਬਾਰ ਦੇ ਪ੍ਰੈਜ਼ੀਡੈਂਟ ਹੋਣ ਦਾ ਤਰਕ ਪੇਸ਼ ਕਰਦਾ ਹੈ। ਸ਼ੇਰ ਸਿੰਘ ਕਹਿੰਦਾ ਹੈ ਕਿ ਤੁਹਾਡਾ ਹੀ ਬੁਲਾਇਆ ਹੋਇਆ ਹੈ। ਉਹ ਇਕੱਲੀ ਰਾਜਮਾਤਾ ਨੂੰ ਇਸ ਘਟਨਾ ਲਈ ਜ਼ੁੰਮੇਵਾਰ ਨਹੀਂ ਮੰਨਦਾ। ਜਦੋਂ ਲਾਰੰਸ ਉਸ ਤੋਂ ਪੁੱਛਦਾ ਹੈ ਕਿ ਉਹ ਗਵਰਨਰ ਜਨਰਲ ਨੂੰ ਕੀ ਰਿਪੋਰਟ ਭੇਜੇ? ਤਾਂ ਉਹ ਕਹਿੰਦਾ ਹੈ ਕਿ ਤੁਸੀਂ ਉਸ ਨੂੰ ਇਹ ਲਿਖੋ ਕਿ "ਪੰਜਾਬੀ ਲੋਕ ਫੱਟੜ ਸ਼ੇਰ ਵਾਂਗ ਜ਼ਖ਼ਮ ਚੱਟ ਰਹੇ ਨੇ, ਉਹਨਾਂ ਨੂੰ ਪਿਆਰ ਪੁਚਕਾਰ ਕੇ ਹੀ ਕਾਬੂ ਕੀਤਾ ਜਾ ਸਕਦਾ ਹੈ।" ਉਹ ਰਾਜਮਾਤਾ ਨੂੰ ਸਜ਼ਾ ਦੇਣ ਦੀ ਕਾਹਲ ਨਾ ਕਰਨ ਲਈ ਕਹਿੰਦਾ ਹੈ। ਸ਼ੇਰ ਸਿੰਘ ਚਾਹੁੰਦਾ ਹੈ ਕਿ ਕੰਪਨੀ ਸਰਕਾਰ ਦਲੀਪ ਸਿੰਘ ਦੀ ਸ਼ਾਦੀ ਹੋ ਲੈਣ ਦੇਵੇ। ਉਹ ਲਾਰਡ ਹਾਰਡਿੰਗ ਕੋਲੋਂ ਇਸ ਸੰਬੰਧੀ ਇਜਾਜ਼ਤ ਚਾਹੁੰਦਾ ਹੈ। ਪਰ, ਲਾਰੰਸ ਉਸ ਨੂੰ ਦਸਦਾ ਹੈ ਲਾਰਡ ਹਾਰਡਿੰਗ ਇਸ ਗੱਲ ਲਈ ਨਹੀਂ ਮਨ ਰਿਹਾ। ਉਹ ਫਿਰ ਇਸ ਸੰਬੰਧੀ ਉਸ ਨੂੰ ਲਿਖੇਗਾ। ਹਾਲ ਦੀ ਘੜੀ ਲਾਰੰਸ ਉਸ ਨੂੰ ਹੁਕਮ ਦਿੰਦਾ ਹੈ ਕਿ ਉਹ ਜਲਦੀ ਸ਼ਾਲਾਮਾਰ ਬਾਗ ਪਹੁੰਚੇ ਜਿਥੇ ਲਾਰੰਸ ਨੇ ਮਹਾਰਾਜਾ ਦਲੀਪ ਸਿੰਘ ਨੂੰ ਪਿਕਨਿਕ ਲਈ ਭੇਜਿਆ ਹੈ। ਕੰਵਰ ਸ਼ਿਵਦੇਵ ਉਸ ਦੇ ਨਾਲ ਹੈ। ਵਲਾਇਤ ਤੋਂ ਆਏ ਚਾਬੀ ਦੇ ਖਿਡੌਣੇ ਖਾਸ ਤੌਰ ਤੇ ਉਸ ਲਈ ਭੇਜੇ ਹਨ। ਲਾਰੰਸ ਉਸ ਨੂੰ ਫ਼ੌਰਨ ਉਥੇ ਪੁੱਜਣ ਲਈ ਕਹਿੰਦਾ ਹੈ ਕਿ ਮਹਾਰਾਜੇ ਦੀ ਹਿਫ਼ਾਜਤ ਕਰਨਾ ਉਨ੍ਹਾਂ ਦੀ ਭਾਰੀ ਜ਼ੁੰਮੇਵਾਰੀ ਹੈ। ਸ਼ੇਰ ਸਿੰਘ, ਲਾਰੰਸ ਦਾ ਹੁਕਮ ਲੈ ਕੇ ਹਿਫ਼ਾਜ਼ਤ ਦੇ ਇੰਤਜ਼ਾਮ ਲਈ ਉਥੋਂ ਸ਼ਾਲਾਮਾਰ ਬਾਗ ਲਈ ਰਵਾਨਾ ਹੋ ਜਾਂਦਾ ਹੈ। ਉਸ ਦੀਆਂ ਗੱਲਾਂ ਸੁਣ ਕੇ ਲਾਰੰਸ, ਸ਼ੇਰ ਸਿੰਘ ਨੂੰ ਪੱਕਾ ਪੰਜਾਬੀ ਕਹਿੰਦਾ ਹੈ।

ਅੱਗੋਂ ਚੌਥੀ ਝਾਕੀ ਸ਼ੁਰੂ ਹੁੰਦੀ ਹੈ। ਇਸ ਦਾ ਸਮਾਂ 18 ਅਗਸਤ 1847 ਦੀ ਸਵੇਰ ਦਾ ਹੈ। ਥਾਂ ਪਹਿਲੀ ਝਾਕੀ ਵਾਲੀ ਹੈ। ਰੰਗਮੰਚ 'ਤੇ ਰਾਣੀ ਜਿੰਦਾਂ ਉੱਚੀ-ਉੱਚੀ ਬੋਲਦੀ ਸਾਮ੍ਹਣੇ ਆਉਂਦੀ ਹੈ। ਤੇਜ ਸਿੰਘ ਉਸ ਦੇ ਮਗਰ ਸੁੰਗੜਿਆ ਹੋਇਆ ਨਜ਼ਰ ਆਉਂਦਾ ਹੈ। ਉਹ ਰਾਣੀ ਜਿੰਦਾਂ ਨੂੰ ਰੈਜ਼ੀਡੈਂਟ ਲਾਰੰਸ ਦਾ ਹੁਕਮ ਸੁਣਾਉਂਦਾ ਹੈ। ਰਾਣੀ ਜਿੰਦਾਂ ਉਸ ਨੂੰ ਸਾਰੀ ਸ਼ਰਾਰਤ ਦੀ ਜੜ੍ਹ ਦਸ ਰਹੀ ਹੈ, ਉਸ ਨੂੰ ਤੋਹ-ਲਾਨ੍ਹਤਾਂ ਪਾਂਦੀ ਹੈ ਅਤੇ ਕਹਿੰਦੀ ਹੈ ਕਿ ਉਹ ਜਾ ਕੇ ਲਾਰੰਸ; ਨੂੰ ਦਸ ਦੇਵੇ ਕਿ ਉਹ ਦਲੀਪ ਸਿੰਘ ਤੋਂ ਹਰਗਿਜ਼ ਅਲਾਹਿਦਾ ਨਹੀਂ ਹੋਵੇਗੀ। ਤੇਜ ਸਿੰਘ ਉਸ ਨੂੰ ਡਰਾਉਂਦਾ ਹੈ ਤੇ ਕਹਿੰਦਾ ਹੈ ਕਿ ਭੈਰੋਵਾਲ ਦੇ ਅਹਿਦਨਾਮੇ ਨੇ ਉਨ੍ਹਾਂ ਦੇ ਹੱਥ ਕੱਟ ਦਿੱਤੇ ਹਨ। ਇਸ 'ਤੇ ਰਾਣੀ ਜਿੰਦਾਂ ਕਹਿੰਦੀ ਹੈ ਕਿ ਉਹ ਸੰਧੀਨਾਮਾ ਉਸ ਨੂੰ ਸਵੀਕਾਰ ਨਹੀਂ ਹੈ। ਕਿਉਂਕਿ, ਫ਼ਰੰਗੀਆਂ ਨੇ ਧੋਖੇ ਨਾਲ ਉਹ ਸੰਧੀਨਾਮਾ ਉਨ੍ਹਾਂ ਦੇ ਸਿਰ ਮੜ੍ਹਿਆ ਹੈ। ਧਿੰਗੋਜ਼ੋਰੀ ਮਹਾਰਾਜੇ ਦੀ ਉਸ ਉਪਰ ਮੋਹਰ ਲਾਈ ਗਈ ਸੀ। ਤੇਜ ਸਿੰਘ, ਰਾਣੀ ਜਿੰਦਾਂ ਨੂੰ ਕਹਿੰਦਾ ਹੈ ਕਿ ਹੁਣ ਖੱਪਣ-ਖਿੱਝਣ ਦੀ ਲੋੜ ਨਹੀਂ। ਕਿਉਂਕਿ ਉਹ ਹੁਣ ਬਰਾਏਨਾਮ ਹੀ ਮਹਾਰਾਣੀ ਹੈ। ਇਥੇ ਫਿਰ ਰਾਣੀ ਜਿੰਦਾਂ ਉਸਨੂੰ ਬੁੱਕਲ ਵਿਚਲਾ ਜ਼ਹਿਰੀਲਾ ਸੱਪ, ਬੇਈਮਾਨ, ਧੋਖੇਬਾਜ਼, ਲਾਲਚੀ ਕਰਾਰ ਦੇਂਦੀ ਹੈ, ਪਰ ਅੱਗੋਂ ਉਹ ਆਪਣੀ ਵਫ਼ਦਾਰੀ ਦਾ ਦਮ ਭਰਦਾ ਚਲਿਆ ਜਾਂਦਾ ਹੈ। ਉਹ ਮਹਾ ਮੱਕਾਰ ਦੇਸ਼ ਧਰੋਹੀ ਤੇ ਦਗ਼ੇਬਾਜ਼ ਰਾਣੀ ਜਿੰਦਾਂ ਨੂੰ ਇਕ ਹਫ਼ਤੇ ਮਗਰੋਂ ਵਾਪਸ ਆਉਣ ਦਾ ਝੂਠਾ ਜੁੰਮਾ ਵੀ ਚੁੱਕਦਾ ਹੈ ਅਤੇ ਕਹਿੰਦਾ ਹੈ ਕਿ ਉਹ ਗੋਰਾ ਫੌਜੀ ਵੀ ਆ ਗਿਆ ਹੈ। ਉਹ ਜ਼ਬਰਦਸਤੀ ਉਸ ਨੂੰ ਧੂਹ ਕੇ ਲੈ ਜਾਵੇਗਾ। ਸਕੇ ਪਿਉ ਦਾ ਲਿਹਾਜ ਨਹੀਂ ਕਰਦੇ ਇਹ ਫ਼ਰੰਗੀ। ਸਥਿਤੀ ਨੂੰ ਸੰਭਾਲਦੀ ਹੋਈ ਉਹ ਜਾਣ ਲਈ ਤਿਆਰ ਹੋ ਜਾਂਦੀ ਹੈ ਆਪਣੇ ਆਪ ਨਾਲ ਗੱਲਾਂ ਕਰਦੀ ਹੋਈ ਉਹ ਦਸਦੀ ਹੈ ਕਿ ਦਲੀਪ ਸਿੰਘ ਦੇ ਜੀਵਨ ਨੇ ਉਸ ਦੇ ਹੱਥਾਂ ਵਿਚ ਸੰਗਲ ਪਾਏ ਹੋਏ ਹਨ, ਨਹੀਂ ਤੇ ਕੀ ਦਾ ਕੀ ਹੋ ਜਾਣਾ ਸੀ। ਉਹ ਮਹਿਸੂਸ ਕਰਦੀ ਹੈ ਕਿ ਦੁਸ਼ਮਣ ਚੁਸਤ ਤੇ ਚਲਾਕ ਹੈ। ਇਸ ਲਈ ਇਸ ਚੰਦਰੀ ਘੜੀ ਵਿਚ ਜਿੱਦ ਕਰਨੀ ਸਰਾਸਰ ਕਮ-ਅਕਲੀ ਹੋਵੇਗੀ। ਉਹ ਆਪਣੀ ਗੋਲੀ ਮੰਗਲਾ ਨੂੰ ਕਹਿੰਦੀ ਹੈ ਕਿ ਉਹ ਉਸ ਦੇ ਸਾਰੇ ਗਹਿਣੇ ਪਟਾਰੀ ਵਿਚ ਪਾ ਕੇ, ਸੰਭਾਲ ਕੇ ਪਾਲਕੀ ਵਿਚ ਰੱਖ ਦੇਵੇ। ਹੁਣ ਉਹ ਮਹਾਰਾਜ ਦਲੀਪ ਸਿੰਘ ਨੂੰ ਪਿਕਨਿਕ ਲਈ ਸ਼ਾਲਾਮਾਰ ਬਾਗ ਭੇਜਣ ਦੀ ਸਾਜਿਸ਼ ਵੀ ਭਾਂਪ ਜਾਂਦੀ ਹੈ। ਪਰ, ਕੁਝ ਕਰ ਨਹੀਂ ਸਕਦੀ। ਉਹ

ਮੰਗਲਾ ਨੂੰ ਕੁਝ ਭੇਤ ਭਰੀਆਂ ਗੱਲਾਂ ਦਸਦੀ ਹੈ ਜੋ ਉਹ ਮਹਾਰਾਜਾ ਦਲੀਪ ਸਿੰਘ ਨੂੰ ਦਸ ਕੇ ਉਸ ਨੂੰ ਦੁਸ਼ਮਣ ਤੋਂ ਚੌਕੰਨਾ ਕਰ ਦੇਵੇ। ਜਾਣ ਤੋਂ ਪਹਿਲਾਂ ਰਾਣੀ ਜਿੰਦਾਂ ਅੱਖਾਂ ਬੰਦ ਕਰ ਕੇ ਅਰਦਾਸ ਕਰਦੀ ਹੈ। ਜਿਉਂ ਹੀ ਉਹ ਅੱਖਾਂ ਝਪਕਦੀ ਹੈ ਤਾਂ ਉਸ ਨੂੰ ਝੋਲਾ ਪੈਂਦਾ ਹੈ ਕਿ ਖ਼ਾਲਸਾਈ ਕੇਸਰੀ ਝੰਡੇ ਦੀ ਥਾਂ ਯੂਨੀਅਨ ਜੈਕ ਲਹਿਰਾ ਰਿਹਾ ਹੈ। ਉਹ ਇਕਦਮ ਤ੍ਰਬਕ ਜਾਂਦੀ ਹੈ। ਉਸ ਦੇ ਚਿਹਰੇ 'ਤੇ ਪਾਰ ਦ੍ਰਿੜਤਾ ਤੇ ਰੂਹਾਨੀਅਤ ਦੇ ਆਸਾਰ ਨਜ਼ਰ ਆਉਂਦੇ ਹਨ। ਉਹ ਕਹਿ ਉਠਦੀ ਹੈ ਕਿ ਉਹ ਹਰਗਿਜ਼ ਦਲੀਪ ਸਿੰਘ ਤੋਂ ਵੱਖ ਨਹੀਂ ਹੋਵੇਗੀ। ਸਾਰਜੈਂਟ ਜ਼ਬਰਦਸਤੀ ਉਸ ਨੂੰ ਬਾਹਰ ਵੱਲ ਧੂੰਹਦਾ ਹੈ। ਕਈ ਦਾਸੀਆਂ ਰਾਣੇ ਦੇ ਦੁਆਲੇ ਇਕੱਠੀਆਂ ਹੋ ਜਾਂਦੀਆਂ ਹਨ।

ਇਸ ਨਾਟ ਦੀ ਪੰਜਵੀਂ ਝਾਕੀ ਦਾ ਸਮਾਂ 20 ਅਗਸਤ 1847 ਦਾ ਹੈ। ਉਸੇ ਦਿਨ ਦੇ ਪਹਿਰ ਕੁ ਪਿੱਛੋਂ ਦਾ ਦ੍ਰਿਸ਼ ਹੈ। ਸ਼ਾਹੀ ਕਿਲ੍ਹੇ ਤੋਂ ਹੱਟਵੀਂ ਇਕ ਗਲੀ ਵਿਚ ਲੋਕਾਂ ਦੀ ਭੀੜ ਲੱਗੀ ਹੋਈ ਹੈ। ਕਈ ਰੰਗਾਂ-ਢੰਗਾਂ ਜਾਂ ਟੋਲਿਆਂ ਵਿਚ ਲੋਕੀ ਖੜ੍ਹੇ-ਬੈਠੇ ਹਨ। ਇਕ ਬੇ-ਪਛਾਣ ਬਾਬਾ (ਬਾਗ਼ੀ) ਉੱਚੇ ਥੜੇ 'ਤੇ ਖੜੇ ਕੇ, ਉੱਚੀ ਆਵਾਜ਼ ਵਿਚ ਕਹਿੰਦਾ ਹੈ ਕਿ ਲੋਕੋ ਤੁਸੀਂ ਸੁਤੇ ਪਏ ਹੋ ਜਾਂ ਜਾਗਦੇ? ਉਹ ਕਹਿੰਦਾ ਹੈ ਕਿ ਉਹ ਸ਼ੇਰੇ ਪੰਜਾਬ ਜਿਸ ਨੇ ਸਦੀਆਂ ਪਿੱਛੋਂ ਪੰਜਾਬ ਨੂੰ ਸੁਤੰਤਰ ਕੀਤਾ ਜਿਸ ਨੇ ਪੰਜਾਬ ਵਿਚ ਅਫ਼ਿਰਕੂ ਰਾਜ ਸਥਾਪਤ ਕੀਤਾ, ਜਿਸ ਨੇ ਤੁਹਾਨੂੰ ਸਵੈਮਾਨ ਤੇ ਖ਼ੁਸ਼ਹਾਲੀ ਬਖ਼ਸ਼ੀ, ਤੁਹਾਡੀਆਂ ਬਹੂ-ਬੇਟੀਆਂ ਦੀ ਪਤ ਧਾੜਵੀਆਂ ਤੋਂ ਬਚਾਈ। ਅੱਜ ਫ਼ਰੰਗੀ ਉਸੇ ਦੀ ਮਹਾਰਾਣੀ ਨੂੰ ਦਿਨ-ਦਾਵੀਂ ਬੰਦੀ ਬਣਾ ਕੇ ਲੈ ਗਏ। ਅੱਜ ਸਵੇਰੇ ਸ਼ੇਖੂਪੁਰੇ ਦੇ ਕਿਲ੍ਹੇ ਵਿਚ ਉਸ ਨੂੰ ਕੈਦ ਕਰ ਦਿੱਤਾ ਗਿਆ ਹੈ। ਆਵਾਜ਼ਾਂ ਆਉਂਦੀਆਂ ਹਨ : ਹੈਂ ਸਚਮੁਚ! ਐਨਾ ਅਤਿਆਚਾਰ!! ਭੀੜ ਵਿਚੋਂ ਇਕ ਵਿਰੋਧੀ ਸੁਰ ਅਲਾਪਦਾ ਹੈ ਕਿ ਰਾਜਮਾਤਾ ਨੇ ਪੰਜਾਬ ਨੂੰ ਰੰਡਾ ਕੀਤਾ, ਖ਼ਾਲਸਾ ਰਾਜ ਨੂੰ ਤਬਾਹ ਕੀਤਾ। ਇਹ ਵਿਰੋਧੀ ਅੰਗ੍ਰੇਜ਼ ਪੱਖੀ ਹੈ। ਬਾਗ਼ੀ ਬਾਬਾ ਸਫ਼ਾਈਆਂ ਦੇਂਦਾ ਹੈ ਕਿ ਰਾਣੀ ਜਿੰਦਾਂ ਲੜਾਈ ਛੇੜਣ ਦੇ ਵਿਰੁੱਧ ਸੀ। ਜਦੋਂ ਫ਼ੌਜੀ ਪੰਚਾਇਤ ਨੇ ਗੁਰਮਤਾ ਪਾਸ ਕਰ ਦਿੱਤਾ ਤਾਂ ਰਾਜਮਾਤਾ ਨੂੰ ਉਹ ਫੈਸਲਾ ਮੰਨਣਾ ਪਿਆ। ਪੰਜਾਬ ਦੀ ਹਾਰ ਦੇ ਦੋਸ਼ੀ ਤੇਜ, ਲਾਲੂ ਤੇ ਡੋਗਰਾ ਢਾਣੀ ਹੈ ਨਾ ਕਿ ਰਾਜਮਾਤਾ। ਰਾਜ ਪ੍ਰੋਹਤ ਸ਼ਿਵ ਦਿਆਲ ਵੀ ਬਾਗ਼ੀ ਬਾਬੇ ਦੀ ਹਾਂ ਵਿਚ ਹਾਂ ਮਿਲਾਂਦਾ ਹੈ। ਉਹ ਪ੍ਰਮਾਤਮਾ ਨੂੰ ਹਾਜ਼ਰ ਨਾਜ਼ਰ ਮੰਨ ਕੇ ਕਹਿੰਦਾ ਹੈ ਕਿ ਰਾਜਮਾਤਾ, ਹਾਰ ਲਈ ਬਿਲਕੁਲ ਜ਼ੁੰਮੇਵਾਰ ਨਹੀਂ ਹੈ। ਜਿਥੇ ਫ਼ੌਜ ਦਾ ਜਰਨੈਲ ਤੇ ਵਜ਼ੀਰ ਆਜ਼ਮ ਅੰਦਰੋਂ ਵੈਰੀ ਨਾਲ ਰਲੇ ਹੋਣ, ਉਥੇ ਰਾਜਮਾਤਾ ਜੀ ਕੀ ਕਰਦੀ? ਵਿਰੋਧੀ ਸ਼ਾਹ ਮੁਹੰਮਦ ਜੰਗਨਾਮੇ (ਕਿੱਸੇ) ਦਾ ਹਵਾਲਾ ਦੇ ਕੇ ਉਨ੍ਹਾਂ ਨੂੰ ਝੁਠਲਾਉਣਾ ਚਾਹੁੰਦਾ ਹੈ। ਪਰ ਬਾਗ਼ੀ ਬਾਬਾ ਅੰਗ੍ਰੇਜ਼ਾਂ ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਦਾ ਪਰਦਾ ਫ਼ਾਸ਼ ਕਰਦਾ ਹੈ। ਲੋਕਾਂ ਦੇ ਜਜ਼ਬਾਤ ਭੜਕਾਉਣ ਲਈ ਉਹ ਦਸਦਾ ਹੈ ਕਿ ਫ਼ਰੰਗੀ ਜੁੱਤੀਆਂ ਸਮੇਤ ਹਰਿਮੰਦਰ ਸਾਹਿਬ ਦੇ ਅੰਦਰ ਵੜੇ ਹਨ ਅਤੇ ਛਾਉਣੀਆਂ ਵਿਚ ਸ਼ਰੇਆਮ ਗਊਕਸ਼ੀ ਹੋਣ ਲੱਗ ਪਈ ਹੈ। ਭੀੜ ਵਿਚੋਂ ਮਹਾਰਾਜੇ ਦੇ ਹੱਕ ਵਿਚ ਨਾਅਰੇ ਲਗਦੇ ਹਨ। ਏਤਨੇ ਨੂੰ ਇਕ ਢੰਡੋਰਚੀ ਉਥੇ ਆ ਜਾਂਦਾ ਹੈ ਤੇ ਡੱਫ ਵਜਾ ਕੇ ਗਵਰਨਰ ਜਨਰਲ ਲਾਰਡ ਡਲਹੌਜ਼ੀ ਦਾ ਖ਼ਾਸ ਐਲਾਨ ਸੁਣਾਉਂਦਾ ਹੈ ਕਿ ਦਿਨਾਂ ਦੇ ਅੰਦਰ ਪੰਜਾਬ ਨੂੰ ਸੂਰਗ ਸਮਾਨ ਸਰਸਬਜ਼ ਬਣਾ ਦਿੱਤਾ ਜਾਵੇਗਾ। ਪੰਜਾਬ ਵਿਚ ਛੇਤੀ ਹੀ ਸੜਕਾਂ, ਪੁਲਾਂ ਤੇ ਨਹਿਰਾਂ ਦਾ ਜਾਲ ਵਿਛਾ ਦਿੱਤਾ ਜਾਵੇਗਾ। ਸਭ ਨਾਲ ਬਰਾਬਰ ਦਾ ਨਿਆਂ ਹੋਵੇਗਾ। ਅੰਗ੍ਰੇਜ਼ ਪੱਖੀ 'ਕੰਪਨੀ ਦੀ ਹਕੂਮਤ' ਜ਼ਿੰਦਾਬਾਦ ਦੇ ਨਾਅਰੇ ਲਾਉਂਦੇ ਹਨ ਤੇ ਬਾਗ਼ੀ ਬਾਬਾ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਅਤੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜ਼ਿੰਦਾਬਾਦ ਦਾ ਨਾਅਰਾ ਲਾਉਂਦਾ ਹੈ। ਗੋਰਾ ਸਿਪਾਹੀ ਸਿੱਖ ਬਾਗ਼ੀ ਬਾਰੇ ਪੁੱਛ ਕਰਦਾ ਹੈ। ਬਾਗ਼ੀ ਬਾਬਾ ਸਿਪਾਹੀ ਨੂੰ ਚਕਮਾ ਦੇ ਕੇ ਉਥੋਂ ਖਿਸਕ ਜਾਂਦਾ ਹੈ।

ਇਸ ਮਗਰੋਂ ਛੇਵੀਂ ਝਾਕੀ ਸ਼ੁਰੂ ਹੁੰਦੀ ਹੈ ਇਸ ਦਾ ਸਮਾਂ ਅਪ੍ਰੈਲ 1848 ਦਾ ਹੈ ਅਤੇ ਥਾਂ, ਸ਼ੇਖੂਪੁਰੇ ਦੇ ਕਿਲ੍ਹੇ ਦਾ ਦਰਵਾਜ਼ਾ ਹੈ। ਇਕ ਗੋਰਾ ਸੰਤਰੀ ਪਹਿਰੇ 'ਤੇ ਖੜਾ ਹੈ। ਦੂਰ ਇਕ ਜਾਂਗਲੀ ਛੈਲੇ ਗਾਂਦਾ ਫਿਰਦਾ ਹੈ। ਇਤਨੇ ਨੂੰ ਦੋ ਬੁਰਕੇ ਵਾਲੀਆਂ ਜ਼ਨਾਨੀਆਂ ਕਿਲ੍ਹੇ ਅੰਦਰੋਂ ਬਾਹਰ ਆਉਂਦੀਆਂ ਹਨ। ਸੰਤਰੀ ਉਨ੍ਹਾਂ ਕੋਲੋਂ ਪੁੱਛ ਕਰਦਾ ਹੈ ਕਿ ਉਹ ਕੌਣ ਹਨ? ਉਨ੍ਹਾਂ ਵਿਚੋਂ ਇਕ ਬੋਲਦੀ ਹੈ ਕਿ ਉਹ ਨਵਾਬ ਮਮਦੋਟ ਦੀ ਬੇਗਮ ਹੈ ਅਤੇ ਦੂਸਰੀ ਉਸਦੀ ਗੋਲੀ ਹੈ। ਬੇਗਮ ਬਣੀ ਔਰਤ ਦਸਦੀ ਹੈ ਕਿ ਉਹ ਮਹਾਰਾਣੀ ਜਿੰਦਾਂ ਦੇ ਦਰਸ਼ਨ ਕਰਨ ਆਈਆਂ ਹਨ। ਸੰਤਰੀ ਕਹਿੰਦਾ ਹੈ ਕਿ ਕੀ ਤੁਹਾਨੂੰ ਇਲਮ ਨਹੀਂ ਹੈ ਕਿ ਰਾਣੀ ਜਿੰਦਾਂ ਨੂੰ ਕੋਈ ਨਹੀਂ ਮਿਲ ਸਕਦਾ? ਕਿਉਂਕਿ ਉਸ ਨੇ ਮੁਲਤਾਨ ਦੇ ਗਵਰਨਰ ਨੂੰ ਸ਼ਹਿ ਦੇ ਕੇ ਬਗ਼ਾਵਤ ਕਰਵਾ ਦਿੱਤੀ ਹੈ। ਉਹ ਬਹੁਤ ਸਖ਼ਤ ਚਾਲਬਾਜ਼ ਔਰਤ ਹੈ। ਉਸ ਦੇ ਮੁਲਤਾਨ ਦੌੜ ਜਾਣ ਦਾ ਅੰਦੇਸ਼ਾ ਹੈ। ਇਸੇ ਲਈ ਕਰੜਾ ਪਹਿਰਾ ਹੈ। ਜਦੋਂ ਸੰਤਰੀ ਬੇਗਮ ਬਣੀ ਔਰਤ ਨੂੰ ਪੁੱਛਦਾ ਹੈ ਕਿ ਤੁਸੀਂ ਉਸ ਨੂੰ ਕਿਥੇ ਮਿਲੀਆਂ ਹੋ? ਜਵਾਬ ਵਿਚ ਉਹ ਕਹਿੰਦੀ ਹੈ ਕਿ ਰਾਣੀ ਜਿੰਦਾਂ ਸਾਨੂੰ ਨਹੀਂ ਮਿਲ ਸਕੀ, ਕਿਉਂਕਿ ਉਹ ਪਿਛਲੀ ਫਸੀਲ ਵੱਲ ਗਈ ਹੋਈ ਸੀ। ਹੋ ਸਕਦਾ ਹੈ ਕਿ ਉਹ ਸੁਰੰਗ ਲਾ ਕੇ ਕੰਧ ਡੇਗ ਕੇ ਦੌੜ ਜਾਏ, ਤੁਸੀਂ ਉਸ ਨੂੰ ਫੜ ਕੇ ਇਨਾਮ ਹਾਸਲ ਕਰੋ। ਸੰਤਰੀ ਸ਼ੋਰ ਪਾਂਦਾ ਹੈ ਤੇ ਕਿਲ੍ਹੇ ਦਾ ਨਿਗਰਾਨ ਮੇਜਰ ਉਥੇ ਆ ਜਾਂਦਾ ਹੈ। ਪਹਿਲਾਂ ਤਾਂ ਬੇਗਮ ਨਾਲ ਗੱਲਾਂ ਕਰ ਕੇ ਉਹ ਉਸ ਤੋਂ ਬਹੁਤ ਪ੍ਰਭਾਵਿਤ ਹੁੰਦਾ ਹੈ, ਪਰ ਗੋਲੀ ਬਣੀ ਹੋਈ ਔਰਤ (ਜੋ ਅਸਲ ਵਿਚ ਉਹ ਬਾਗ਼ੀ ਬਾਬਾ ਹੈ), ਜਦੋਂ ਕੋਈ ਇਸ਼ਾਰਾ ਕਰਦੀ ਹੈ ਤਾਂ ਮੇਜਰ ਨੂੰ ਸ਼ੱਕ ਹੋ ਜਾਂਦਾ ਹੈ। ਗੱਲਾਂ-ਗੱਲਾਂ ਵਿਚ ਉਹ ਬੇਗਮ ਬਣੀ ਔਰਤ ਨੂੰ ਦਸਦਾ ਹੈ ਕਿ ਰਾਣੀ ਜਿੰਦਾਂ ਦੀ

ਭਾਰੀ ਸਾਜ਼ਿਸ਼ ਫੜੀ ਗਈ ਹੈ। ਉਸ ਨੇ ਹਕੂਮਤ ਦੇ ਖ਼ਿਲਾਫ਼ ਬਗਾਵਤ ਕਰਵਾ ਦਿੱਤੀ ਹੈ। ਰਾਜਾ ਸ਼ੇਰ ਸਿੰਘ ਅਟਾਰੀ, ਜੋ ਕਦੇ ਰੈਜ਼ੀਡੈਂਟ ਲਾਰੰਸ ਦੀ ਸੱਜੀ ਬਾਂਹ ਹੁੰਦਾ ਸੀ, ਵੀ ਬਾਗੀਆਂ ਨਾਲ ਮਿਲ ਗਿਆ ਹੈ। ਹੁਣ ਉਨ੍ਹਾਂ ਨੂੰ ਕਿਸੇ ਪੰਜਾਬੀ ਉੱਪਰ ਵਿਸ਼ਵਾਸ ਨਹੀਂ ਰਿਹਾ। ਉਹ ਇਹ ਵੀ ਦਸਦਾ ਹੈ ਕਿ ਇਸ ਸਾਜ਼ਿਸ਼ ਵਿਚ ਕਾਹਨ ਸਿੰਘ, ਗੰਗਾ ਸਿੰਘ ਤੇ ਤੁਲਸੀ ਰਾਮ ਵੀ ਫੜੇ ਗਏ ਹਨ ਅਤੇ ਤਿੰਨਾਂ ਨੂੰ ਫਾਂਸੀ ਦੇ ਤਖ਼ਤੇ 'ਤੇ ਲਟਕਾ ਦਿੱਤਾ ਗਿਆ ਹੈ। ਜਦੋਂ ਬੇਗਮ ਤੇ ਉਸ ਦੀ ਗੋਲੀ ਜਾਣ ਲਗਦੀਆਂ ਹਨ ਤਾਂ ਮੇਜਰ ਉਨ੍ਹਾਂ ਦੀ ਤਲਾਸ਼ੀ ਲੈਣ ਲਈ ਕਹਿੰਦਾ ਹੈ। ਮੇਜਰ ਦੇ ਹੁਦਮ ਮੁਤਾਬਕ ਸਿਪਾਹੀ ਬੂੜ ਸਿੰਘ ਉਨ੍ਹਾਂ ਨੂੰ ਨੰਗਿਆਂ ਕਰ ਕੇ ਤਲਾਸ਼ੀ ਲੈਂਦਾ ਹੈ ਤਾਂ ਪਤਾ ਚਲਦਾ ਹੈ ਕਿ ਬੇਗਮ ਬਣੀ ਔਰਤ ਅਸਲ ਵਿਚ ਰਾਣੀ ਜਿੰਦਾਂ ਦੀ ਗੋਲੀ ਹੈ ਅਤੇ ਉਸਦੀ ਗੋਲੀ ਬਣੀ ਔਰਤ ਅਸਲ ਵਿਚ ਉਹ ਬਾਗ਼ੀ ਬਾਬਾ ਸੀ-ਜੋ ਸੰਤ ਮਹਾਰਾਜ ਸਿੰਘ ਦਾ ਇਕ ਅਦਨਾ ਸੇਵਕ ਹੈ। ਜਦੋਂ ਉਸ ਦੀ ਪਛਾਣ ਨਿਸ਼ਚਿਤ ਹੋ ਜਾਂਦੀ ਹੈ ਤਾਂ ਉਹ ਕਬੂਲ ਕਰਦਾ ਹੈ ਕਿ ਉਹ ਰਾਣੀ ਜਿੰਦਾਂ ਨੂੰ ਨਸਾਣ ਲਈ ਭੇਸ ਵਟਾ ਕੇ ਆਇਆ ਸੀ। ਇਤਨੇ ਨੂੰ ਸ਼ਾਹੀ ਹਰਕਾਰਾ ਮੇਜਰ ਨੂੰ ਰੈਜੀਡੈਂਟ ਫਰੈਡਰਿਕ ਕਰੀ ਦਾ ਹੁਕਮ ਸੁਣਾਉਂਦਾ ਹੈ ਹੈ। ਲਿਖਤੀ ਹੁਕਮ ਇਸ ਤਰ੍ਹਾਂ ਹੈ ਕਿ ਮੁਲਤਾਨ ਦੀ ਬਗਾਵਤ ਵਿਚ ਰਾਣੀ ਜਿੰਦਾਂ ਦੀ ਸਾਜ਼ਿਸ਼ ਸਾਬਤ ਹੋ ਚੁੱਕੀ ਹੈ। ਉਸ ਨੂੰ ਦੇਸ਼ ਨਿਕਾਲੇ ਦਾ ਹੁਕਮ ਦਿੱਤਾ ਗਿਆ ਹੈ। ਗਵਰਨਰ ਜਨਰਲ ਹਿੰਦ ਦਾ ਹੁਕਮ ਹੈ ਕਿ ਸ਼ਰਾਰਤੀ ਔਰਤ ਨੂੰ ਫ਼ਿਰੋਜ਼ਪੁਰ ਦੇ ਰਸਤਿਉਂ ਭਾਰੀ ਗਾਰਦ ਦੀ ਨਿਗਰਾਨੀ ਹੇਠ, ਫੌਰਨ ਬਨਾਰਸ ਦੇ ਕਿਲ੍ਹੇ ਪਹੁੰਚਾਇਆ ਜਾਵੇ। ਜੇ ਫਿਰ ਵੀ ਬਾਜ਼ ਨਾ ਆਏ ਤਾਂ ਖੌਫ਼ਨਾਕ ਭੌਰਿਆਂ ਵਿਚ ਕੈਦ ਕੀਤਾ ਜਾਵੇ। ਮੇਜਰ ਇਸ ਹੁਕਮ ਉੱਪਰ ਤਾਮੀਲ ਕਰਨ ਦਾ ਵਾਅਦਾ ਦਿੰਦਾ ਹੈ। ਇਤਨੇ ਨੂੰ ਕਿਲ੍ਹੇ ਦੇ ਅੰਦਰੋਂ ਉੱਚੀ ਰੌਲਾ ਗੌਲਾ ਸੁਣਾਈ ਦਿੰਦਾ ਹੈ। ਉਹ ਸੰਤਰੀ ਨੂੰ ਕਹਿੰਦਾ ਹੈ ਕਿ ਉਹ ਜਲਦੀ ਜਾ ਕੇ ਵੇਖੇ ਕਿ ਕਿਤੇ ਰਾਣੀ ਜਿੰਦਾਂ ਨੂੰ ਨਸਾਣ ਲਈ ਬਾਗ਼ੀ ਲੋਕ ਪਿੱਛਲੀ ਤਰਫ਼ੋਂ ਦਾਖ਼ਲ ਨਾ ਹੋ ਗਏ ਹੋਣ। ਕੁਝ ਦੇਰ ਕਿਲ੍ਹੇ ਅੰਦਰ ਰੌਲਾ ਜਾਰੀ ਰਹਿੰਦਾ ਹੈ। ਇਸ ਛੇਵੀਂ ਝਾਕੀ ਦੇ ਨਾਲ, ਨਾਟਕ ਦੇ ਪਹਿਲੇ ਨਾਟ (ਐਕਟ) ਦਾ ਅੰਤ ਹੁੰਦਾ ਹੈ।

ਨਾਟ ਦੂਜਾ : ਝਾਕੀ ਪਹਿਲੀ (ਪੰਜਾਬ ਤੋਂ ਬਾਹਰ) : ਰਾਣੀ ਜਿੰਦਾਂ ਨਾਟਕ ਦੇ ਦੂਜੇ ਨਾਟ (ਐਕਟ) ਦੀ ਪਹਿਲੀ ਝਕੀ ਦਾ ਸਮਾਂ 19 ਅਪ੍ਰੈਲ 1849 ਦਾ ਹੈ ਅਤੇ ਥਾਂ ਕਿਲ੍ਹਾ ਚੁਨਾਰ ਤੋਂ ਬਾਹਰ ਦਾ ਹੈ। ਦ੍ਰਿਸ਼ ਵਿਚ ਇਕ ਸਿਪਾਹੀ ਇਕ ਬੇ-ਪਛਾਣ ਔਰਤ ਨੂੰ ਧੂਹੀ ਲਈ ਆਉਂਦਾ ਹੈ। ਗੋਰਾ ਕਿਲ੍ਹੇਦਾਰ ਕੈਪਟਨ ਰੀਸ ਉਨ੍ਹਾਂ ਦੇ ਵੱਲ ਨਸਿਆ ਆਉਂਦਾ ਹੈ। ਉਹ ਸ਼ੁਕਰ ਕਰਦਾ ਹੈ ਕਿ ਰਾਣੀ ਜਿੰਦਾਂ ਫੜੀ ਗਈ ਹੈ। ਪਰ, ਸਿਪਾਹੀ ਝੱਟ ਹੀ ਉਸ ਨੂੰ ਦਸਦਾ ਹੈ ਕਿ ਇਹ ਰਾਣੀ ਜਿੰਦਾਂ ਨਹੀਂ, ਸਗੋਂ ਉਸ ਦੀ ਦਾਸੀ ਹੈ। ਇਹ ਰਾਣੀ ਜਿੰਦਾਂ ਦੀ ਚੰਡੀ ਹੋਈ ਔਰਤ ਹੈ। ਕੈਪਟਨ ਹੈਰਾਨ ਹੈ ਕਿ ਉਹ ਕਿਲ੍ਹੇ ਵਿਚੋਂ ਬਾਹਰ ਕਿਵੇਂ ਨਿਕਲ ਗਈ, ਦਰਿਆ ਕਿਵੇਂ ਤਰ ਗਈ। ਸਿਪਾਹੀ ਉਸ ਨੂੰ ਦਸਦਾ ਹੈ ਕਿ ਪੰਜਾਬੀ ਔਰਤਾਂ ਤਾਂ ਸ਼ੁਕਦੇ ਝਨਾਂ ਦਰਿਆ ਨੂੰ ਤੈਰ ਜਾਂਦੀਆਂ ਨੇ, ਇਹ ਗੰਗਾ ਮਾਈ ਤਾਂ ਵਿਚਾਰੀ ਸ਼ਾਂਤ ਸੁਭਾਅ ਹੈ। ਜਦੋਂ ਉਸ ਦਾਸੀ ਨੂੰ ਜਾਨੋ ਮਾਰਨ ਦੇ ਡਰਾਵੇ ਦਿੱਤੇ ਜਾਂਦੇ ਹਨ ਤਾਂ ਉਹ ਦਸਦੀ ਹੈ ਕਿ ਜਦੋਂ ਮਹਾਰਾਜ ਦਲੀਪ ਸਿੰਘ ਨੂੰ ਤਖ਼ਤੋਂ ਲਾਹੁਣ ਦੀ, ਫ਼ਰੰਗੀਆਂ ਦੇ ਪੰਜਾਬ ਨੂੰ ਹੜਪ ਕਰਨ ਦੀ ਗੁਪਤ ਖ਼ਬਰ ਮਿਲੀ ਸੀ ਉਦੋਂ ਤੋਂ ਹੀ ਮਹਾਰਾਣੀ ਗੁੱਸੇ ਵਿਚ ਪਾਗਲ ਹੋ ਗਏ ਲੱਗਦੇ ਸਨ। ਜਦੋਂ ਉਸ ਦਾਸੀ ਨੂੰ ਨੰਗਿਆਂ ਕਰ ਕੇ ਉਸਦੀ ਜਾਮਾ ਤਲਾਸ਼ੀ ਕੀਤੀ ਜਾਣ ਲੱਗਦੀ ਹੈ ਤਾਂ ਉਹ ਓਸ ਚਿੱਠੀ ਨੂੰ ਕੈਪਟਨ ਦੇ ਹੱਕ ਫੜਾਂਦੀ ਹੈ ਜਿਸ ਨੂੰ ਉਹ ਪੰਜਾਬ ਲੈ ਜਾ ਰਹੀ ਸੀ। ਉਸ ਨੂੰ ਕੀਮਤੀ ਚਿੱਠੀ ਸਮਝਦੇ ਹੋਏ ਫੌਰਨ ਗਵਰਨਰ ਜਨਰਲ ਨੂੰ ਕਲਕੱਤੇ ਭੇਜਣ ਦਾ ਹੁਕਮ ਦਿੱਤਾ ਜਾਂਦਾ ਹੈ। ਕਿਲ੍ਹੇ ਦੇ ਬੱਢੇ ਪਹਿਰੇਦਾਰ ਦੀ ਵੀ ਬਹੁਤ ਮਾਰ ਕੁੱਟ ਕੀਤੀ ਜਾਂਦੀ ਹੈ। ਉਹ ਆਪਣੇ ਆਪ ਨੂੰ ਬੇਕਸੂਰ ਦਸਦਾ ਹੈ ਅਤੇ ਕਹਿੰਦਾ ਕਿ ਮਹਾਰਾਣੀ ਜਿੰਦਾਂ ਕੋਈ ਜਾਦੂਗਰਨੀ ਹੈ ਜੋ ਸਭ ਦੇ ਅੱਖੀਂ ਘਟਾ ਪਾ ਗਈ ਹੈ। ਕੈਪਟਨ ਪਰੇਸ਼ਾਨੀ ਵਿਚ ਪਾਗਲਾਂ ਵਾਂਗ ਏਧਰ ਉਧਰ ਘੁੰਮਦਾ ਹੈ।

ਇਸ ਮਗਰੋਂ ਦੂਜੀ ਝਾਕੀ ਸ਼ੁਰੂ ਹੁੰਦੀ ਹੈ। ਇਸ ਦਾ ਸਮਾਂ ਸੰਨ 1849 ਦੇ ਚੜ੍ਹਦੇ ਵਿਸਾਖ ਦਾ ਹੈ। ਮੌਸਮ ਸੁਹਾਵਣਾ ਹੈ ਅਤੇ ਸ਼ਾਮ ਦਾ ਵੇਲਾ ਹੈ। ਉਦਾਸੀ ਸਾਧਣੀਆਂ ਦੇ ਭਗਵੇਂ ਭੇਸ ਵਿਚ ਰਾਣੀ ਜਿੰਦਾਂ ਅਤੇ ਉਸ ਦੀ ਇਕ ਹੋਰ ਦਾਸੀ ਹਰਗੋ ਕਿਸੇ ਔਝੜੇ ਰਾਹ ਪਈਆਂ ਦਿਸਦੀਆਂ ਹਨ। ਸੋਟੀਆਂ ਦੇ ਸਹਾਰੇ ਥੱਕੀਆਂ-ਟੁੱਟੀਆਂ ਹੋਈਆਂ ਟੋਹ ਟੋਹ ਕੇ ਤੁਰਦੀਆਂ ਹਨ। ਹਰਗੋ ਢੇਰੀ ਢਾਹ ਕੇ ਬਹਿ ਜਾਂਦੀ ਹੈ। ਪਰ, ਰਾਣੀ ਜਿੰਦਾਂ ਉਸ ਨੂੰ ਹੌਸਲਾ ਦੇਂਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਚਮਕੌਰ ਦੀ ਗੜ੍ਹੀ 'ਚੋਂ ਨਿਕਲ ਕੇ ਮਾਛੀਵਾੜੇ ਦੇ ਜੰਗਲ ਵਿਚ ਕੰਡਿਆਂ 'ਤੇ ਰਾਤ ਕੱਟਣ ਦੀ ਮਿਸਾਲ ਦੇਂਦੀ ਹੈ। ਪਰ, ਉਸ ਨੂੰ ਹਰਾਸ ਨਾ ਛੱਡਣ ਲਈ ਪ੍ਰੇਰਦੀ ਹੈ। ਇਥੇ ਹੀ ਰਾਣੀ ਜਿੰਦਾਂ ਹਰਗੋ ਨੂੰ ਦਸਦੀ ਹੈ ਕਿ ਉਹ ਹਜ਼ਾਰ ਔਕੜਾਂ ਝੱਲ ਕੇ ਵੀ ਪੰਜਾਬ ਨੂੰ ਆਜ਼ਾਦ ਕਰਵਾਉਣਾ ਚਾਹੁੰਦੀ ਹੈ। ਇਸੇ ਕਰਕੇ ਉਹ ਸਿਰੜ ਨਹੀਂ ਛੱਡ ਰਹੀ। ਜੰਗਲ ਬੀਆਬਾਨ ਵਿਚ ਉਨ੍ਹਾਂ ਦਾ ਦੋ ਧਾੜਵੀ-ਡਾਕੂਆਂ ਨਾਲ ਵਾਹ ਵੀ ਪੈਂਦਾ ਹੈ। ਸੰਤਣੀ ਬਣੀ ਰਾਣੀ ਜਿੰਦਾਂ ਉਨ੍ਹਾਂ ਨੂੰ ਅਸ਼ੀਰਵਾਦ ਦੇਂਦੀ ਹੈ ਅਤੇ ਕਹਿੰਦੀ ਹੈ ਕਿ ਜਿਸ ਮੁਹਿੰਮ ਤੇ ਉਹ ਜਾ ਰਹੇ ਨੇ, ਗੁਰੂ ਫਤਹਿ ਬਖਸ਼ੇਗਾ। ਜਦੋਂ ਉਹ ਦਸਦੇ ਹਨ ਕਿ ਉਹ ਲਹੂ-ਚੂਸ ਸ਼ਾਹਾਂ ਦੇ ਡਾਕਾ ਮਾਰਨ ਜਾ ਰਹੇ ਹਨ ਤਾਂ ਸੰਤਣੀ ਬਣੀ ਰਾਣੀ ਜਿੰਦਾਂ ਉਨ੍ਹਾਂ ਨੂੰ ਫ਼ਰੰਗੀਆਂ ਦੇ ਖ਼ਜ਼ਾਨੇ ਲੁੱਟਣ ਲਈ ਪ੍ਰੇਰਦੀ ਹੈ। ਇਕ ਡਾਕੂ ਤਾਂ ਉਸ ਦੇ ਦਰਸ਼ਨ ਕਰਕੇ, ਉਸ ਉਪਰ ਹੀ ਮੋਹਿਤ ਹੋ ਜਾਂਦਾ ਹੈ ਜਦਕਿ ਦੂਸਰਾ ਸ਼ਰਧਾ ਵੱਸ

ਹੋਇਆ ਉਸ ਨੂੰ ਇੰਝ ਕਰਨ ਤੋਂ ਰੋਕਦਾ ਹੈ। ਰਾਣੀ ਜਿੰਦਾਂ ਵੀ ਪਹਿਲੇ ਡਾਕੂ ਦੀ ਭੈੜੀ ਨੀਤ ਨੂੰ ਭਾਂਪ ਜਾਂਦੀ ਹੈ। ਇਤਨੇ ਨੂੰ ਇਕ ਆਜੜੀ ਮਿਲਦਾ ਹੈ ਜਿਸ ਕੋਲੋਂ ਉਹ ਥੋੜ੍ਹੇ ਜਿਹੇ ਦੁੱਧ ਦੀ ਮੰਗ ਕਰਦੀਆਂ ਹਨ। ਉਨ੍ਹਾਂ ਦੇ ਪੁੱਛਣ 'ਤੇ ਉਹ ਗੁਰੂ ਗੋਰਖ-ਨਾਥ ਦੇ ਮੱਠ ਪੁੱਜਦੀਆਂ ਹਨ। ਇੰਝ ਰੱਬ ਦੇ ਆਸਰੇ ਤੁਰਦੀਆਂ ਦੋਵੇਂ ਕਾਠਮੰਡੂ (ਨੇਪਾਲ) ਵੱਲ ਹੋ ਤੁਰਦੀਆਂ ਹਨ।

ਤੀਸਰੀ ਝਾਕੀ ਦਾ ਆਰੰਭ ਹੁੰਦੀ ਹੈ। ਸਮਾਂ ਸੰਨ 1857 ਦਾ ਹੈ ਅਤੇ ਥਾਂ ਨੇਪਾਲ ਦੀ ਰਾਜਧਾਨੀ ਕਾਠਮੰਡੂ ਹੈ, ਜਿਥੇ ਥਾਪਾਥਲੀ ਉਤੇ ਇਕ ਛੋਟਾ ਜਿਹਾ ਬੰਗਲਾ ਹੈ। ਮਹਾਰਾਣੀ ਜਿੰਦਾਂ ਨੇ ਬੰਗਲੇ ਵਿਚ ਆਪਣਾ ਟਿਕਾਣਾ ਰਖਿਆ ਹੋਇਆ ਹੈ। ਇਕ ਪਹਿਰੇਦਾਰ ਬਾਹਰਲੇ ਦਰਵਾਜ਼ੇ ਵੱਲ ਖੜਾ ਨੇਪਾਲੀ ਗੀਤ ਗੁਣ ਗੁਣਾ ਰਿਹਾ ਹੈ। ਪਿਛਲੇ ਪਾਸੇ ਵੱਲੋਂ ਪੰਜਾਬ ਦੇ ਦੋ ਪ੍ਰਸਿੱਧ ਬਾਗ਼ੀ ਚੇਤ ਸਿੰਘ ਤੇ ਮੀਆਂ ਮੁੱਲਾਂ ਦਿਖਾਈ ਦੇਂਦੇ ਹਨ। ਰਾਜਮਾਤਾ ਰਾਣੀ ਜਿੰਦਾਂ ਉਨ੍ਹਾਂ ਕੋਲੋਂ ਦੇਸ਼ ਦਾ ਹਾਲ ਪੁੱਛਦੀ ਹੈ। ਉਹ ਦਸਦੇ ਹਨ ਕਿ ਦੇਸ਼ ਦਾ ਹਾਲ ਤਾਂ ਬਹੁਤ ਚੰਗਾ ਹੈ, ਪਰ ਪੰਜਾਬ ਦਾ ਹਾਲ ਸਖ਼ਤ ਭੈੜਾ ਹੈ। ਕਿਉਂਕਿ, ਫ਼ਰੰਗੀ ਪੰਜਾਬ ਵਿਚ ਪੱਕੇ ਪੈਰ ਜਮਾ ਗਏ ਹਨ। ਰਾਣੀ ਜਿੰਦਾਂ ਪੁੱਛਦੀ ਹੈ ਕਿ ਉਸ ਦੀਆਂ ਭੇਜੀਆਂ ਚਿੱਠੀਆਂ ਥਾਉਂ ਥਾਈਂ ਪੁੱਜ ਗਈਆਂ ਹਨ ਜਾਂ ਨਹੀਂ? ਮੀਆਂ ਮੁੱਲਾਂ ਦਸਦਾ ਹੈ ਕਿ ਆਗੂ ਦੀ ਘਾਟ ਬਗ਼ੈਰ ਅਸੀਂ ਜਿੱਤੀ ਹੋਈ ਬਾਜ਼ੀ ਹਾਰ ਸਕਦੇ ਹਾਂ। ਕਿਉਂਕਿ ਰਾਜੇ ਰਜਵਾੜੇ ਫ਼ਰੰਗੀਆਂ ਦਾ ਸਾਥ ਦੇ ਰਹੇ ਹਨ। ਹੁਣ ਸਾਰਾ ਦੇਸ਼ ਫ਼ਰੰਗੀਆਂ ਦਾ ਦੁਸ਼ਮਣ ਬਣੀ ਬੈਠਾ ਹੈ। ਨਾਮਧਾਰੀ ਗੁਰੂ ਬਾਬਾ ਰਾਮ ਸਿੰਘ ਹੋਰੀਂ ਵੀ ਅੰਗ੍ਰੇਜ਼ਾਂ ਵਿਰੁੱਧ ਕਾਰਵਾਈ ਕਰ ਰਹੇ ਹਨ। ਉਨ੍ਹਾਂ ਨੇ ਆਪਣੇ ਦੂਤ ਰੂਸ ਭੇਜੇ ਹਨ।

ਇਕ ਏਲਚੀ ਆ ਕੇ ਮਹਾਰਾਣੀ ਨੂੰ ਰਾਣਾ ਜੰਗ ਬਹਾਦਰ ਸਿੰਘ ਦਾ ਸੰਦੇਸ਼ ਦਿੰਦਾ ਹੈ ਕਿ ਰੈਜ਼ੀਡੈਂਟ ਹੈਨਜ਼ੇ ਨੇ ਉਨ੍ਹਾਂ ਨੂੰ ਇਤਲਾਹ ਦਿੱਤੀ ਹੈ ਕਿ ਪੰਜਾਬ ਤੋਂ ਦੋ ਖ਼ਤਰਨਾਕ ਬਾਗ਼ੀ ਇੱਥੇ ਪੁੱਜੇ ਹੋਏ ਹਨ। ਪਰ, ਰਾਣੀ ਜਿੰਦਾਂ ਇਸ ਨੂੰ ਅਫ਼ਵਾਹ ਕਹਿੰਦੀ ਹੈ ਅਤੇ ਬਾਗ਼ੀਆਂ ਨੂੰ ਇਧਰ ਉਧਰ ਜਾਣ ਦਾ ਆਦੇਸ਼ ਦਿੰਦੀ ਹੈ। ਰਾਣਾ ਬਹਾਦਰ ਸਿੰਘ ਨੂੰ ਡਰ ਹੈ ਕਿ ਜੇਕਰ ਕੋਈ ਬਾਗ਼ੀ ਉਥੋਂ ਪਕੜਿਆ ਗਿਆ ਤਾਂ ਕੰਪਨੀ ਸਰਕਾਰ ਨਾਲ ਉਸ ਦੀ ਵਿਗੜ ਜਾਵੇਗੀ। ਏਲਚੀ, ਮਹਾਰਾਣੀ ਨੂੰ ਇਹ ਵੀ ਦਸਦਾ ਹੈ ਕਿ ਰੈਜ਼ੀਡੈਂਟ ਉਨ੍ਹਾਂ ਦੀ ਨਿਗਰਾਨੀ ਲਈ ਗੋਰੇ ਪਹਿਰੇਦਾਰ ਤੈਨਾਤ ਕਰਨਾ ਚਾਹੁੰਦਾ ਹੈ। ਪਰ, ਰਾਣੀ ਜਿੰਦਾਂ ਨੂੰ ਇਹ ਮਨਜ਼ੂਰ ਨਹੀਂ। ਉਸ ਨੂੰ ਫ਼ਰੰਗੀਆਂ ਉੱਪਰ ਹੁਣ ਕੋਈ ਭਰੋਸਾ ਨਹੀਂ ਰਿਹਾ। ਉਨ੍ਹਾਂ ਨੇ, ਉਸ ਦੇ ਪੁੱਤਰ ਦਲੀਪ ਸਿੰਘ ਨੂੰ ਈਸਾਈ ਬਣਾ ਕੇ ਵਲੈਤ ਭੇਜ ਦਿੱਤਾ ਹੈ, ਕੋਹਿਨੂਰ ਦਾ ਹੀਰਾ ਖੋਹ ਕੇ ਲੰਦਨ ਭੇਜ ਦਿੱਤਾ ਹੈ। ਸੋ! ਰਾਣੀ ਜਿੰਦਾਂ ਦਾ ਉਨ੍ਹਾਂ ਉੱਪਰ ਹੁਣ ਕੋਈ ਯਕੀਨ ਨਹੀਂ ਰਿਹਾ। ਮੀਆਂ ਮੁੱਲਾਂ ਤੇ ਚੇਤ ਸਿੰਘ ਨੂੰ ਕੁਝ ਚਿੱਠੀਆਂ ਤੇ ਹਿਦਾਇਤਾਂ ਦੇ ਕੇ, ਅਸ਼ੀਰਵਾਦ ਨਾਲ ਰਾਣੀ ਜਿੰਦਾਂ ਉਨ੍ਹਾਂ ਨੂੰ ਉਥੋਂ ਵਿਦਾ ਕਰਦੀ ਹੈ।

ਚੌਥੀ ਝਾਕੀ ਦਾ ਸਮਾਂ ਸੰਨ 1861 ਦੇ ਫਰਵਰੀ ਮਹੀਨੇ ਦਾ ਹੈ। ਥਾਂ ਕਲਕੱਤੇ ਨਾਲ ਸੰਬੰਧਤ ਹੈ। ਸਪੈਨਸਿਜ਼ ਹੋਟਲ ਦਾ ਇਕ ਕਮਰਾ ਜਿਸ ਦੀ ਪਿੱਛਲੀ ਖਿੜਕੀ ਰਾਹੀਂ ਕਲਕੱਤੇ ਸ਼ਹਿਰ ਦਾ ਸਾਰਾ ਦ੍ਰਿਸ਼ ਨਜ਼ਰ ਆਉਂਦਾ ਹੈ। ਦਲੀਪ ਸਿੰਘ 24 ਸਾਲਾਂ ਦਾ ਭਰਵਾਂ ਤੇ ਸੁਨੱਖਾ ਗੱਭਰੂ ਸੋਚਾਂ ਵਿਚ ਡੁੱਬਾ ਹੋਇਆ ਕਮਰੇ ਦੇ ਅੰਦਰ ਬੇਚੈਨ ਘੁੰਮ ਰਿਹਾ ਹੈ। ਕਦੇ ਉਹ ਖਿੜਕੀ ਕੋਲ ਖਲੋ ਕੇ ਬੰਗਾਲੀ ਗਾਣਾ ਸੁਣਦਾ ਹੈ ਅਤੇ ਕਿਸੇ ਵੇਲੇ ਜੇਬ ਵਿਚੋਂ ਘੜੀ ਕੱਢ ਕੇ ਵਕਤ ਦੇਖਦਾ ਹੈ। ਉਹ ਸੋਚ ਰਿਹਾ ਹੈ ਕਿ ਨੇਪਾਲ ਦਾ ਪਹਾੜੀ ਰਸਤਾ ਬੜਾ ਦੁਸ਼ਵਾਰ ਹੈ, ਹੁਣ ਤੱਕ ਉਨ੍ਹਾਂ ਨੂੰ ਪਹੁੰਚ ਜਾਣਾ ਚਾਹੀਦਾ ਸੀ। 14 ਵਰ੍ਹਿਆਂ ਮਗਰੋਂ ਮਿਲਕੇ ਮਾਂ ਨੂੰ ਜ਼ਰੂਰ ਝਟਕਾ ਲੱਗੇਗਾ। ਇਨ੍ਹਾਂ ਵਰ੍ਹਿਆਂ ਦੇ ਦੌਰਾਨ ਦੁਨੀਆਂ ਕਿਤਨੀ ਬਦਲ ਗਈ ਹੈ। ਉਸ ਦੀ ਮਾਂ ਦੇ ਖ਼ਿਆਲਾਂ ਵਿਚ ਕੋਈ ਪਰਿਵਰਤਨ ਆਇਆ ਹੈ ਜਾਂ ਨਹੀਂ? ਉਨ੍ਹਾਂ ਦੀ ਚਿੱਠੀ ਤੋਂ ਤਾਂ ਕੋਈ ਫ਼ਰਕ ਨਹੀਂ ਸੀ ਲਗਦਾ। ਉਹ ਆਪਣੇ ਆਪ ਨਾਲ ਗੱਲਾਂ ਕਰਦਾ ਹੋਇਆ ਕਹਿੰਦਾ ਹੈ ਕਿ ਲਾਰਡ ਕੈਨਿੰਗ ਦੀ ਮਿਹਰਬਾਨੀ ਹੈ ਜਿਸਨੇ ਉਸਨੂੰ ਇਥੇ ਆਉਣ ਦੀ ਇਜਾਜ਼ਤ ਦਿੱਤੀ ਹੈ। ਸ਼ਿਕਾਰ ਖੇਡਣ ਦਾ ਤਾਂ ਉਸ ਨੇ ਸਿਰਫ਼ ਢਕਵੰਜ ਬਣਾਇਆ ਹੈ। ਅਸਲ ਵਿਚ ਉਹ ਮੰਮੀ ਨੂੰ ਪ੍ਰੇਰਕੇ ਉਨ੍ਹਾਂ ਨੂੰ ਇੰਗਲੈਂਡ ਲਿਜਾਣ ਲਈ ਆਇਆ ਹੈ। ਪਤਾ ਨਹੀਂ ਉਹ ਲੰਡਨ ਜਾਣ ਲਈ ਰਜ਼ਾਮੰਦ ਹੁੰਦੇ ਵੀ ਹਨ ਜਾਂ ਨਹੀਂ? ਅੱਗੇ ਤਾਂ ਬੜੇ ਸਿਰੜੀ ਤੇ ਤੇਜ਼ ਸੁਭਾਅ ਦੇ ਸਨ। ਸ਼ਾਇਦ ਮੁਸੀਬਤਾਂ ਨੇ ਉਨ੍ਹਾਂ ਦੇ ਖ਼ਿਆਲਾਂ ਵਿਚ ਤਬਦੀਲੀ ਲੈ ਆਂਦੀ ਹੋਵੇ। ਉਨ੍ਹਾਂ ਨੇ ਕਸ਼ਟ ਵੀ ਤਾਂ ਬੇਅੰਤ ਝੱਲੇ ਹਨ।

ਆਪਣੀ ਦਾਸੀ ਸੂਰਤੂ ਦੇ ਸਹਾਰੇ ਰਾਣੀ ਜਿੰਦਾਂ ਅੰਦਰ ਆਉਂਦੀ ਹੈ। ਦੇਸ਼ ਨਿਕਾਲੇ, ਇਕੱਲਤਾ ਤੇ ਨਿਰਾਸਤਾ ਦੇ ਬਾਵਜੂਦ ਨਿਧੜਕਤਾ ਤੇ ਸ਼ਾਹੀ ਮਿਜਾਜ਼ ਕਾਇਮ ਹੈ। ਉਸ ਦੀਆਂ ਅੱਖਾਂ ਦੀ ਜੋਤ ਘੱਟ ਗਈ ਹੈ। ਟੋਂਹਦੀ ਹੋਈ ਉਹ ਦਲੀਪ ਸਿੰਘ ਨੂੰ ਜੱਫੀ ਵਿਚ ਘੁੱਟ ਲੈਂਦੀ ਹੈ ਪਰ ਉਸ ਦੇ ਮੂੰਹੋਂ ਨਿਕਲਿਆ ਸ਼ਬਦ 'ਮੰਮੀਂ' ਉਸਨੂੰ ਰਤਾ ਓਪਰਾ ਜਿਹਾ ਪ੍ਰਤੀਤ ਹੁੰਦਾ ਹੈ। ਉਸ ਨੂੰ ਦੁੱਖ ਹੈ ਕਿ ਉਸ ਨੇ ਮੰਗਲਾ ਹੱਥ ਭੇਜੇ ਰਾਣੀ ਜਿੰਦਾਂ ਦੇ ਸੁਨੇਹੇ 'ਤੇ ਅਮਲ ਨਹੀਂ ਕੀਤਾ, ਨਹੀਂ ਤਾਂ ਉਹ ਧਰਮ ਨਾ ਹਾਰਦਾ। ਦਲੀਪ ਸਿੰਘ ਜਵਾਬ ਵਿਚ ਕਹਿੰਦਾ ਹੈ ਕਿ ਫਿਰ ਮੈਂ ਅੱਜ ਤੁਹਾਡੇ ਸਾਮ੍ਹਣੇ ਜਿੰਦਾ ਖੜ੍ਹਾ ਨਾ ਹੁੰਦਾ। ਕਦੋਂ ਦਾ ਮਰ ਖਪ ਗਿਆ ਹੁੰਦਾ। ਰਾਣੀ ਜਿੰਦਾਂ ਉਸ ਨੂੰ ਪੰਜਾਬ ਜਾਣ ਲਈ ਪ੍ਰੇਰਦੀ ਹੈ, ਪਰ ਉਹ ਕਹਿੰਦਾ ਹੈ 14 ਸਾਲ ਮਗਰੋਂ ਵੀ ਉਹ ਰਤਾ ਨਹੀਂ ਬਦਲੇ। ਉਹ ਮਾਂ ਨੂੰ ਹਕੀਕਤ ਪਛਾਣਨ ਲਈ ਕਹਿੰਦਾ ਹੈ। ਅੱਗੋਂ ਰਾਣੀ ਜਿੰਦਾਂ ਕਹਿੰਦੀ ਹੈ ਕਿ ਹੁਣ ਜ਼ਮਾਨਾ ਬਦਲ ਗਿਆ ਹੈ, ਲੋਕ ਜਾਗ ਪਏ ਹਨ। ਜੇਕਰ ਸੰਨ 1857 ਦੇ ਗਦਰ ਸਮੇਂ ਉਹ ਇਥੇ ਹੁੰਦਾ ਤਾਂ ਫਰੰਗੀ

ਦੇਸ਼ ਵਿਚੋਂ ਨਿਕਲ ਗਏ ਹੁੰਦੇ। ਜਦੋਂ ਰਾਣੀ ਜਿੰਦਾਂ ਨੂੰ ਉਸ ਕੋਲੋਂ ਪਤਾ ਲਗਦਾ ਹੈ ਕਿ ਉਹ ਤਾਂ ਉਸ ਨੂੰ ਵਲਾਇਤ ਲਿਜਾਣ ਲਈ ਆਇਆ ਹੈ ਤਾਂ ਉਸ ਨੂੰ ਬਹੁਤ ਸਦਮਾ ਪੁੱਜਦਾ ਹੈ। ਉਹ ਵਾਸਤਾ ਪਾਂਦੀ ਹੈ ਕਿ ਉਹ ਉਸ ਦੀ ਮਿੱਟੀ ਨੂੰ ਪ੍ਰਦੇਸਾਂ ਵਿਚ ਨਾ ਰੋਲੇ। ਰਾਣੀ ਜਿੰਦਾਂ, ਪੰਜਾਬ ਦੀ ਫ਼ਰੰਗੀਆਂ ਹੱਥੋਂ ਹਾਰ ਨੂੰ ਹੋਣੀ ਨਾਲ ਜੋੜਦੀ ਹੈ। ਉਹ ਮਾਂ ਨੂੰ ਕਹਿੰਦਾ ਹੈ ਕਿ ਉਹ ਵਲਾਇਤ ਲਿਜਾ ਕੇ, ਉਸ ਦੀਆਂ ਅੱਖਾਂ ਦਾ ਇਲਾਜ ਕਰਾਏਗਾ। ਪਰ, ਉਹ ਕਹਿੰਦੀ ਹੈ ਕਿ "ਤੂੰ ਮੇਰੀ ਲੋਥ ਨੂੰ ਹੀ ਵਿਲਾਇਤ ਲਿਜਾ ਸਕਦਾ ਹੈਂ।" ਇਤਨੇ ਨੂੰ ਹੋਟਲ ਦੇ ਬਾਹਰੋਂ ਉੱਚੀ ਉੱਚੀ ਨਾਹਰਿਆਂ ਦੀ ਆਵਾਜ਼ ਸੁਣਾਈ ਦੇਂਦੀ ਹੈ। ਪੁੱਛਣ ਤੇ ਦਲੀਪ ਸਿੰਘ ਨੂੰ ਪਤਾ ਚਲਦਾ ਹੈ ਕਿ ਚੀਨ ਦੀ ਲੜਾਈ ਤੋਂ ਮੁੜੇ ਇਹ ਸਿੱਖ ਸਿਪਾਹੀ ਹਨ ਜੋ ਉਸ ਦੇ ਦਰਸ਼ਨ ਕਰਨ ਲਈ ਖੱਪ ਪਾ ਰਹੇ ਹਨ। ਇਥੋਂ ਪ੍ਰੇਰਿਤ ਹੋ ਕੇ ਰਾਣੀ ਜਿੰਦਾਂ ਫਿਰ ਦਲੀਪ ਸਿੰਘ ਨੂੰ ਕਹਿੰਦੀ ਹੈ ਕਿ "ਤੂੰ ਮੇਰੀ ਗੱਲ 'ਤੇ ਯਕੀਨ ਨਹੀਂ ਸੀ ਕਰ ਰਿਹਾ। ਸਾਰਾ ਪੰਜਾਬ ਉਡੀਕ ਰਿਹੈ। ਜੇ ਕਲਕੱਤੇ ਵਿਚ ਇਹ ਹਾਲ ਹੈ ਤਾਂ ਪੰਜਾਬ ਦਾ ਤੂੰ ਆਪੇ ਅੰਦਾਜ਼ਾ ਲਾ ਲੈ। ਡਰ-ਭਉ ਲਾਹ ਦੇ, ਤਿਆਰ ਹੋ ਜਾਹ।" ਇਤਨੇ ਨੂੰ ਮੇਜਰ ਗਵਰਨਰ ਜਨਰਲ ਲਾਰਡ ਕੈਨਿੰਗ ਦਾ ਹੁਕਮ ਦਲੀਪ ਸਿੰਘ ਨੂੰ ਸੁਣਾਉਂਦਾ ਹੈ ਕਿ ਉਹ ਇੰਗਲੈਂਡ ਜਾਣ ਲਈ ਫੌਰਨ ਤਿਆਰ ਹੋ ਜਾਏ। ਬਾਹਰ ਸ਼ੋਰ-ਸ਼ਰਾਬਾ ਜਾਰੀ ਹੈ। ਦਲੀਪ ਸਿੰਘ ਹੈਰਾਨੀ ਵਿਚ ਥੰਮ੍ਹ ਵਾਂਗ ਅਹਿਲ ਖੜਾ ਹੈ। ਰਾਣੀ ਜਿੰਦਾਂ ਉਸ ਨੂੰ ਹਲੂਣਦੀ ਹੈ ਤੇ ਕਹਿੰਦੀ ਹੈ ਕਿ ਉਹ ਦਿਲ ਨਾ ਢਾਹੇ, ਤਕੜਾ ਹੋਵੇ ਕਿਉਂਕਿ ਉਹ ਉਸ ਦੇ ਨਾਲ ਹੈ।

ਇਸ ਨਾਟ (ਐਕਟ) ਦੀ ਪੰਜਵੀਂ ਝਾਕੀ ਸ਼ੁਰੂ ਹੁੰਦੀ ਹੈ। ਇਸ ਦ੍ਰਿਸ਼ ਦਾ ਸਮਾਂ 1 ਅਗਸਤ 1863 ਹੈ ਅਤੇ ਥਾਂ ਲੰਡਨ ਵਿਖੇ ਆਬਿੰਗਡਨ ਹਾਊਸ ਦਾ ਇਕ ਕਮਰਾ ਹੈ। ਰਾਣੀ ਜਿੰਦਾਂ ਲੰਬੀ ਬਿਮਾਰੀ ਦੀ ਹਾਲਤ ਵਿਚ ਪਲੰਘ 'ਤੇ ਪਈ ਹੋਈ ਹੈ। ਬੇਚੈਨੀ ਕਾਰਨ ਕਿਸੇ ਵਕਤ ਝੱਟ ਉੱਠ ਕੇ ਬੈਠ ਜਾਂਦੀ ਹੈ। ਇਕ ਬੰਗਾਲੀ ਡਾਕਟਰ ਕੋਲ ਖੜਾ ਹੈ। ਸੂਰਤੂ ਦਾਸੀ ਘੜੀ ਮੁੜੀ ਬਾਹਰ ਜਾਂਦੀ ਹੈ। ਰਾਣੀ ਜਿੰਦਾਂ ਆਪਣੇ ਪੁੱਤਰ ਦਲੀਪ ਸਿੰਘ ਦੀ ਉਡੀਕ ਵਿਚ ਹੈ। ਉਹ ਦਸਦੀ ਹੈ ਕਿ ਉਸ ਨੂੰ ਧੁਰ ਦਰਗਾਹੋਂ ਸੱਦਾ ਆ ਗਿਆ ਹੈ। ਉਹ ਬਾਰ ਬਾਰ ਡਾਕਟਰ ਨੂੰ ਕਹਿੰਦੀ ਹੈ ਕਿ ਉਹ ਉਸ ਨੂੰ ਦਲੀਪ ਸਿੰਘ ਦੇ ਆਖ਼ਰੀ ਦਰਸ਼ਨ ਕਰਵਾ ਦੇਵੇ। ਡਾਕਟਰ ਕਹਿੰਦਾ ਹੈ ਕਿ ਬੰਦਾ ਬੁਲਾਉਣ ਲਈ ਭੇਜਿਆ ਹੋਇਆ ਹੈ। ਡਾਕਟਰ ਤੇ ਰਾਣੀ ਜਿੰਦਾਂ ਵਿਚਕਾਰ ਖੁੱਲ੍ਹ ਕੇ ਗੱਲਬਾਤ ਹੁੰਦੀ ਹੈ। ਭਾਰਤੀ ਮੂਲ ਦਾ ਹੋਣ ਕਰਕੇ ਉਸਨੂੰ (ਡਾਕਟਰ) ਸਾਰੇ ਹਾਲਾਤ ਦਾ ਪਤਾ ਸੀ। ਉਸ ਦਾ ਵਿਚਾਰ ਹੈ ਕਿ ਪੰਜਾਬੀਆਂ ਦੇ ਅੰਦਰ ਕੌਮੀ ਜਜ਼ਬਾ ਅਜੇ ਪ੍ਰਪੱਕ ਨਹੀਂ ਸੀ ਹੋਇਆ ਜਿਸ ਕਰਕੇ . ਉਨ੍ਹਾਂ ਦੀ ਹਾਰ ਹੋਈ ਹੈ। ਡਾਕਟਰ, ਰਾਣੀ ਜਿੰਦਾਂ ਕੋਲੋਂ ਪੁੱਛਦਾ ਹੈ ਕਿ ਕੀ ਪੰਜਾਬ ਦੀ ਹਾਰ ਵਿਚ ਉਨ੍ਹਾਂ ਦਾ ਭਾਰੀ ਹੱਥ ਸੀ। ਇਹ ਸੁਣਕੇ ਉਹ ਬਹੁਤ ਖ਼ਫਾ ਹੁੰਦੀ ਹੈ। ਇਤਨੇ ਨੂੰ ਦਲੀਪ ਸਿੰਘ ਵੀ ਉਥੇ ਪੁੱਜ ਜਾਂਦਾ ਹੈ। ਰਾਣੀ ਜਿੰਦਾਂ ਉਸ ਦੀਆਂ ਮਜਬੂਰੀਆਂ ਨੂੰ ਚਿਤਾਰਦੀ ਹੈ ਅਤੇ ਫ਼ਰੰਗੀਆਂ ਨੂੰ ਖ਼ੂਬ ਕੋਸਦੀ ਹੈ। ਉਹ ਦਲੀਪ ਸਿੰਘ ਕੋਲੋਂ ਵਚਨ ਲੈਂਦੀ ਹੈ ਕਿ ਉਹ ਉਸ ਦੀ ਮੜ੍ਹੀ 'ਤੇ ਜ਼ਰੂਰ ਦੀਵਾ ਬਾਲੇਗਾ। ਉਹ ਉਸਨੂੰ ਤਿੰਨ ਕੰਮ ਕਰਨ ਲਈ ਹਿਦਾਇਤਾਂ ਦੇਂਦੀ ਹੈ। ਪਹਿਲਾ ਇਹ ਕਿ ਉਹ ਛੇਤੀ ਤੋਂ ਛੇਤੀ ਸਿੱਖ ਧਰਮ ਕਬੂਲ ਕਰ ਲਵੇ। ਇਸ ਨਾਲ ਉਸ ਦਾ ਰੂਹਾਨੀ ਰਿਸ਼ਤਾ ਕਾਇਮ ਹੋ ਜਾਵੇ ਗਾ। ਦੂਜਾ, ਉਹ ਅਟਾਰੀ ਵਾਲਿਆਂ ਦੇ ਸ਼ਾਦੀ ਕਰ ਲਵੇ। ਇੰਝ ਕਰਨ ਨਾਲ ਉਸ ਦਾ ਨਾਤਾ ਮੁੜ ਪੰਜਾਬ ਨਾਲ ਜੁੜ ਜਾਵੇਗਾ। ਤੀਸਰਾ, ਉਹ ਉਸ ਦੇ ਸਸਕਾਰ ਦੇ ਬਹਾਨੇ ਪੰਜਾਬ ਜਾਵੇ ਅਤੇ ਉਸ ਦਾ ਸਸਕਾਰ ਸ਼ੇਰੇ ਪੰਜਾਬ ਦੀ ਸਮਾਧ ਦੇ ਕੋਲ ਲਾਹੌਰ ਵਿਚ ਕੀਤਾ ਜਾਵੇ ਅਤੇ ਉਸ ਦੇ ਫੁੱਲ ਰਾਵੀ ਦਰਿਆ ਵਿਚ ਜਲ-ਪ੍ਰਵਾਹ ਕੀਤੇ ਜਾਣ। ਇਤਨੇ ਨੂੰ ਰਾਣੀ ਜਿੰਦਾਂ ਦਾ ਸਾਹ ਉਖੜ ਜਾਂਦਾ ਹੈ ਅਤੇ ਦਲੀਪ ਸਿੰਘ ਉਸ ਨੂੰ ਭਰੋਸਾ ਦਿਵਾਉਂਦਾ ਹੈ ਕਿ ਉਹ ਉਸ ਦੀ ਅੰਤਮ ਇੱਛਾ ਜਾਨ ਵਾਰ ਕੇ ਵੀ ਪੂਰੀ ਕਰੇਗਾ। ਉਹ ਬੇਹੋਸ਼ੀ ਵੱਲ ਵਧਦੀ ਹੋਈ ਆਪਣੀਆਂ ਗੱਲਾਂ ਨੂੰ ਦੁਹਰਾਉਂਦੀ ਜਾਂਦੀ ਹੈ ਅਤੇ ਫਿਰ ਹੈਰਾਨ ਹੋ ਕੇ ਪੁੱਛਦੀ ਹੈ ਕਿ ਕੀ ਉਹ ਪੰਜਾਬ ਦੀ ਉਹੋ ਸ਼ਾਨੋ ਸ਼ੌਕਤ ਦਾ ਚਿੱਤਰ ਅੱਖੀਂ ਵੇਖ ਕੇ ਜਾ ਰਹੀ ਹੈ? ਦਲੀਪ ਸਿੰਘ ਹਾਂ ਵਿਚ ਸਿਰ ਹਿਲਾਉਂਦਾ ਹੈ। ਉਸ ਨੂੰ ਝਾਉਲਾ ਪੈਂਦਾ ਹੈ ਕਿ ਭਾਰਤ ਮਾਂ ਸੰਗਲਾਂ ਵਿਚ ਜਕੜੀ ਹੋਈ, ਇਕ ਗੋਰਾ ਸਿਪਾਹੀ ਬੰਦੂਕ ਲਈ ਕੋਲ ਖੜਾ ਹੈ। "ਦਲੀਪ ਭਾਰਤ ਮਾਂ ਦੇ ਸੰਗਲ....." ਕਹਿੰਦੀ ਹੋਈ, ਸੰਗਲ ਸ਼ਬਦ ਉਸ ਦੇ ਮੂੰਹ ਵਿਚ ਹੀ ਰਹਿ ਜਾਂਦਾ ਹੈ ਅਤੇ ਸਿਰ ਲਟਕ ਜਾਂਦਾ ਹੈ। ਰੋਂਦਾ ਹੋਇਆ ਦਲੀਪ ਸਿੰਘ ਰਾਣੀ ਜਿੰਦਾਂ ਉਪਰ ਚਾਦਰ ਤਾਣਦਾ ਹੈ ਅਤੇ ਸਿਰ ਝੁਕਾ ਕੇ ਦੁੱਖ ਨਾਲ ਬੁੱਤ ਬਣ ਜਾਂਦਾ ਹੈ। ਬੰਗਾਲੀ ਡਾਕਟਰ ਤੇ ਦਾਸੀ ਸੂਰਤੂ ਵੀ ਸਿਰ ਝੁਕਾ ਕੇ ਕੋਲ ਖੜ੍ਹੇ ਹੋ ਜਾਂਦੇ ਹਨ। ਪਿਛੋਕੜ ਤੋਂ ਨੌਵੀ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚੋਂ ਸੁਰੀਲੀ ਆਵਾਜ਼ ਵਿਚ ਸਲੋਕਾਂ ਦਾ ਪਾਠ ਸੁਣਾਈ ਦੇਂਦਾ ਹੈ। ਇਸ ਨਾਲ ਹੀ ਇਸ ਨਾਟਕ ਦਾ ਅੰਤ ਹੋ ਜਾਂਦਾ ਹੈ।

ਪਾਠ-3

'ਰਾਣੀ ਜਿੰਦਾਂ : ਨਾਟਕ ਦਾ ਵਿਸ਼ਾ ਅਤੇ ਸਮੱਸਿਆ

ਵਿਦਿਆਰਥੀਓ ! ਇਸ ਪਾਠ ਵਿਚ ਅਸੀਂ ਨਾਟਕ 'ਰਾਣੀ ਜਿੰਦਾਂ' ਦੇ ਵਿਸ਼ੇ ਬਾਰੇ ਵਿਸਤਾਰ ਸਹਿਤ ਚਰਚਾ ਕਰਾਂਗੇ । ਇਸ ਪਾਠ ਵਿਚ ਅਸੀਂ ਵਿਚਾਰ ਕਰਾਂਗੇ ਕਿ ਇਸ ਨਾਟਕ ਦਾ ਵਿਸ਼ਾ ਕੀ ਹੈ ਅਤੇ ਇਸ ਨਾਟਕ ਵਿਚਲੀ ਮੂਲ ਸਮੱਸਿਆ ਕੀ ਹੈ? ਇਸ ਦਾ ਵਿਸ਼ਾ ਅਤੇ ਸਮੱਸਿਆ ਨਾਟਕ ਵਿਚ ਕਿਸ ਤਰ੍ਹਾਂ ਪੇਸ਼ ਹੋਏ ਹਨ। ਇਥੇ ਇਹ ਜਾਣ ਲੈਣਾ ਅਤਿ ਅਵਸ਼ਕ ਹੈ ਕਿ ਕਿਸੇ ਵੀ ਸਾਹਿਤਕ-ਰਚਨਾ ਦਾ ਵਿਸ਼ਾ ਅਤੇ ਸਮੱਸਿਆ ਆਪਸ ਵਿਚ ਅੰਤਰ ਸੰਬੰਧਤ ਹੁੰਦੇ ਹਨ। ਵਿਸ਼ੇ ਬਾਰੇ ਗੱਲ ਕਰਦਿਆਂ ਸਮੱਸਿਆ ਵੀ ਸਹਿਜੇ ਹੀ ਚਰਚਾ ਦਾ ਵਿਸ਼ਾ ਬਣ ਜਾਂਦੀ ਹੈ ਅਤੇ ਸਮੱਸਿਆ ਬਾਰੇ ਗੱਲ ਕਰਦਿਆਂ ਵਿਸ਼ਾ ਗੈਰ-ਹਾਜ਼ਰ ਨਹੀਂ ਹੋ ਸਕਦਾ। ਸੋ! ਇੱਥੇ ਅਸੀਂ ਨਾਟਕ 'ਰਾਣੀ ਜਿੰਦਾਂ' ਦੇ ਵਿਸ਼ੇ ਅਤੇ ਸਮੱਸਿਆ ਦੋਹਾਂ ਬਾਰੇ ਚਰਚਾ ਕਰਾਂਗੇ ਅਤੇ ਇਨ੍ਹਾਂ ਦੋਹਾਂ ਵਿਚਲੇ ਅੰਤਰ ਸੰਬੰਧਾਂ ਨੂੰ ਵੀ ਉਭਾਰਾਂਗੇ।

ਪਾਠ ਆਰੰਭ ਕਰਨ ਸਮੇਂ ਇਹ ਜਾਣ ਲੈਣਾ ਵੀ ਬਹੁਤ ਜ਼ਰੂਰੀ ਹੈ ਕਿ ਕਿਸੇ ਸਾਹਿਤਕ ਰਚਨਾ ਦੇ ਵਿਸ਼ੇ-ਵਸਤੂ ਜਾਂ ਸਮੱਸਿਆ ਦਾ ਸੰਬੰਧ ਉਸਦੇ 'ਵਿਚਾਰ' ਨਾਲ ਹੁੰਦਾ ਹੈ। ਇਹ 'ਵਿਚਾਰ' ਸਾਹਿਤ ਤੋਂ ਬਾਹਰਲੇ ਵਿਚਾਰ ਨਾਲੋਂ ਭਿੰਨ ਜਾਂ ਵਖਰਾ ਹੁੰਦਾ ਹੈ। ਭਾਵ, ਕੋਈ ਵਿਚਾਰ ਰੂਪਾਂਤਰਿਤ ਹੋ ਕੇ ਹੀ 'ਕਲਾ' ਜਾਂ 'ਸਾਹਿਤ' ਦਾ ਰੂਪ ਧਾਰਦਾ ਹੈ। ਰੂਪਾਂਤਰਣ ਦੀ ਪ੍ਰਕਿਰਿਆ ਵਿਚ ਪੈ ਕੇ ਉਹ ਆਪਣਾ ਰੂਪ ਬਦਲ ਲੈਂਦਾ ਹੈ। ਸਾਹਿਤ ਜਾਂ ਕਲਾ ਦਾ ਆਪਣਾ ਹੀ ਵਿਧੀ-ਵਿਧਾਨ ਹੁੰਦਾ ਹੈ, ਜੁਗਤਾਂ ਹੁੰਦੀਆਂ ਹਨ, ਜਿਨ੍ਹਾਂ ਦੀ ਮਦਦ ਨਾਲ ਵਾਸਤਵਿਕ ਵਿਚਾਰ, ਸਾਹਿਤ ਜਾਂ ਕਲਾ ਦਾ ਰੂਪ ਧਾਰਦਾ ਹੈ। ਇਸ ਕਾਰਣ ਇਨ੍ਹਾਂ ਦੋਹਾਂ ਵਿਚਾਰਾਂ ਵਿਚਲਾ ਬੁਨਿਆਦੀ ਅੰਤਰ ਸਾਡੇ ਸਾਹਮਣੇ ਰਹਿਣਾ ਚਾਹੀਦਾ ਹੈ। 'ਸਾਹਿਤ' ਜਾਂ 'ਕਲਾ' ਵਿਚਲਾ ਵਿਚਾਰ, ਉਸ ਤੋਂ ਵੱਖਰੇ ਤੌਰ ਤੇ ਜਾਂ ਅਲਗ ਰੂਪ ਵਿਚ ਨਹੀਂ ਪਿਆ ਹੁੰਦਾ, ਸਗੋਂ ਉਸ ਵਿਚ ਪੂਰੀ ਤਰ੍ਹਾਂ ਇਕ ਮਿਕ ਹੁੰਦਾ ਹੈ। ਉਸਨੂੰ ਕਲਾ ਕਿਰਤ ਵਿਚੋਂ ਖ਼ਾਰਜ ਕਰਕੇ ਦਸਿਆ ਨਹੀਂ ਜਾ ਸਕਦਾ।

ਇਸ ਵਿਚਾਰ ਨੂੰ ਇਸ ਪ੍ਰਕਾਰ ਵੀ ਸਮਝਿਆ ਜਾ ਸਕਦਾ ਹੈ ਕਿ ਕਿਸੇ ਕਲਾ-ਕਿਰਤ ਵਿਚ ਵਿਚਾਰ ਬਾਹਰ ਪਈ ਵਸਤੂ ਵਾਂਗ ਨਹੀਂ ਹੁੰਦਾ, ਕਿ ਉਸਨੂੰ ਭਾਂਡੇ ਵਿਚ ਪਾ ਲਈਏ ਅਤੇ ਲੋੜ ਪੈਣ 'ਤੇ ਉਸ ਭਾਂਡੇ ਵਿਚੋਂ ਸੰਬੰਧਤ ਵਸਤੂ ਨੂੰ ਕੱਢ ਲਿਆ ਜਾਵੇ। ਦੂਸਰੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਕਲਾ-ਕਿਰਤ ਕੋਈ ਭਾਂਡੇ ਵਰਗੀ ਚੀਜ਼ ਨਹੀਂ, ਜਿਸ ਵਿਚ ਵਸਤੂ ਵਰਗੇ ਵਿਚਾਰ ਨੂੰ ਰੱਖ ਦਿੱਤਾ ਜਾਂਦਾ ਹੈ। ਸਗੋਂ, ਵਿਚਾਰ ਤਾਂ ਕਲਾ-ਕਿਰਤ ਦਾ ਅਨਿੱਖੜ ਅੰਗ ਹੁੰਦਾ ਹੈ ਜਾਂ ਕਹੋ ਕਿ ਉਹ ਹੀ ਕਲਾ ਦਾ ਰੂਪ ਬਣਿਆ ਹੁੰਦਾ ਹੈ। ਸੋ, ਕਲਾ ਤੋਂ ਵੱਖਰੀ ਉਸਦੀ ਕੋਈ ਪਛਾਣ ਨਹੀਂ ਹੁੰਦੀ। ਜਦੋਂ ਵੀ ਕਲਾਤਮਕ ਜਾਂ ਸਾਹਿਤਕ-ਵਿਚਾਰ ਦੀ ਗੱਲ ਕੀਤੀ ਜਾਵੇਗੀ ਤਾਂ ਸਾਹਿਤਕ ਜਾਂ ਕਲਾਤਮਕ ਸੰਧਰਭ ਵਿਚ ਹੀ ਕੀਤੀ ਜਾਵੇਗੀ। ਇਥੇ ਇਹ ਵੀ ਸਪਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਜਦੋਂ ਵੀ ਕੋਈ ਵਿਚਾਰ, ਸਾਹਿਤਕ-ਕਿਰਤ ਦਾ ਵਿਸ਼ਾ-ਵਸਤੂ ਜਾਂ ਸਮੱਸਿਆ ਬਣਦਾ ਹੈ ਤਾਂ ਉਹ ਕਿਸੇ 'ਅਮੂਰਤ' (abstract) ਰੂਪ ਵਿਚ ਪੇਸ਼ ਨਹੀਂ ਹੁੰਦਾ ਸਗੋਂ 'ਸਮੂਰਤ' (concrete) ਰੂਪ ਵਿਚ ਪ੍ਰਗਟ ਹੁੰਦਾ ਹੈ। ਭਾਵ, ਰਚਨਾਕਾਰ ਆਪਣੀ ਰਚਨਾ ਵਿਚ ਕੁਝ ਸਥਿਤੀਆਂ, ਘਟਨਾਵਾਂ ਅਤੇ ਪਾਤਰਾਂ ਦੀ ਮਦਦ ਨਾਲ ਇਕ ਕਲਾਤਮਕ-ਰੂਪ ਦੀ ਸਿਰਜਣਾ ਕਰਦਾ ਹੈ। ਉਸ ਰਚਨਾ ਦਾ 'ਵਿਸ਼ਾ' ਜਾਂ 'ਸਮੱਸਿਆ' ਇਸੇ ਸਮੂਰਤ ਰੂਪ ਵਿਚ ਇਸ ਦੀ ਸਮੁੱਚ ਵਿਚ ਸਮਾਇਆ ਹੁੰਦਾ ਹੈ ਅਤੇ ਇਸਦੇ ਅਰਥ, ਸਮੁੱਚ (Totality) ਵਿਚ ਹੀ ਗ੍ਰਹਿਣ ਕੀਤੇ ਜਾ ਸਕਦੇ ਹਨ। ਰਚਨਾ ਵਿਚ ਇਹ ਸਭ ਕੁਝ, ਇਕ ਵਿਸ਼ੇਸ਼ ਵਿਧੀ-ਵਿਧਾਨ ਅਨੁਸਾਰ ਅਤੇ ਕੁਝ ਕਲਾਤਮਕ-ਜੁਗਤਾਂ ਦੀ ਮਦਦ ਨਾਲ, ਇਕ ਪ੍ਰਬੰਧ (order) ਦੇ ਰੂਪ ਵਿਚ ਸੰਗਠਿਤ ਹੋਇਆ ਹੁੰਦਾ ਹੈ। ਜਦੋਂ ਤੁਹਾਨੂੰ 'ਰਾਣੀ ਜਿੰਦਾਂ' ਨਾਟਕ ਦੇ 'ਵਿਸ਼ੇ ਵਸਤੂ' ਜਾਂ ਸਮੱਸਿਆ ਬਾਰੇ ਪ੍ਰਸ਼ਨ ਪੁੱਛਿਆ ਜਾਵੇ ਤਾਂ ਇਨ੍ਹਾਂ ਗੱਲਾਂ ਨੂੰ ਧਿਆਨ ਵਿਚ ਰੱਖਣਾ ਹੈ। ਅਜਿਹੇ ਪ੍ਰਸ਼ਨਾਂ ਦਾ ਉੱਤਰ ਦੇਣ ਸਮੇਂ, ਸੰਬੰਧਤ ਪਾਠ ਦੀ 'ਸਮੁੱਚਤਾ' ਅਤੇ ਇਸ ਦੇ ਆਪਣੇ ਨਵੇਕਲੇ ਰਚਨਾ-ਵਿਧਾਨ ਨੂੰ ਜ਼ਰੂਰ ਧਿਆਨ ਵਿਚ ਰੱਖਿਆ ਜਾਵੇ। ਅਜਿਹਾ ਨਾ ਕਰਨ 'ਤੇ ਤੁਸੀਂ ਸੰਬੰਧਤ ਰਚਨਾ ਨਾਲ ਠੀਕ ਨਿਆਂ ਨਹੀਂ ਕਰ ਸਕੋਗੇ।

'ਰਾਣੀ ਜਿੰਦਾਂ' ਨਾਟਕ ਦਾ ਵਿਸ਼ਾ ਵਸਤੂ

ਨਾਟਕਕਾਰ ਹਰਚਰਨ ਸਿੰਘ ਦੇ ਨਾਟਕਾਂ ਬਾਰੇ ਇਹ ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਉਸਦੇ ਆਰੰਭਲੇ ਨਾਟਕ, ਰੁਮਾਂਟਿਕ ਆਦਰਸ਼ਵਾਦੀ ਨਾਟਕ ਹਨ ਅਤੇ ਉਨ੍ਹਾਂ ਵਿਚ ਸੁਧਾਰ ਦੀ ਰੁਚੀ ਪ੍ਰਧਾਨ ਹੈ। ਪਰ ਹਥਲਾ ਨਾਟਕ 'ਰਾਣੀ ਜਿੰਦਾਂ' ਉਸਦੇ ਇਨ੍ਹਾਂ ਆਰੰਭਲੇ ਨਾਟਕਾਂ ਨਾਲੋਂ ਬਿਲਕੁਲ ਵੱਖਰੀ ਤਰ੍ਹਾਂ ਦਾ ਹੈ, ਇਹ ਨਾਟਕ ਬੁਨਿਆਦੀ ਤੌਰ ਤੇ ਸਿੱਖ-ਇਤਿਹਾਸ ਨਾਲ ਸੰਬੰਧਤ ਹੈ। ਇਸ ਨਾਟਕ ਦੀ ਰਚਨਾ ਉਸਨੇ ਖਾਲਸਾ ਰਾਜ ਦੇ ਅੰਤ ਅਤੇ ਅੰਗ੍ਰੇਜ਼ਾਂ ਦੇ ਪੰਜਾਬ ਉਪਰ ਕੀਤੇ ਕਬਜ਼ੇ ਦੀਆਂ ਇਤਿਹਾਸਕ-ਰਾਜਨੀਤਕ ਘਟਨਾਵਾਂ ਨੂੰ ਆਧਾਰ ਬਣਾ ਕੇ ਕੀਤੀ ਹੈ। ਇਹ ਨਾਟਕ ਉਸਦੇ ਇਤਿਹਾਸਕ ਨਾਟਕਾਂ ਦੀ ਕੋਟੀ ਦਾ ਇਕ ਕਾਮਯਾਬ ਨਾਟਕ ਹੈ। ਨਾਟਕ ਦੇ ਵਿਸ਼ੇ ਵਸਤੂ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਇਹ ਪੰਜਾਬ ਵਿਚ ਸਿੱਖ ਰਾਜ ਦੇ ਅੰਤ ਅਤੇ ਅੰਗ੍ਰੇਜ਼ਾਂ ਦੇ ਪੰਜਾਬ ਉਪਰ ਕੀਤੇ ਕਬਜ਼ੇ ਨਾਲ ਸੰਬੰਧਤ ਹੈ। ਇਸਦਾ ਸਿਰਲੇਖ 'ਰਾਣੀ ਜਿੰਦਾਂ' ਹੈ।

ਰਾਣੀ ਜਿੰਦਾਂ ਦਾ ਅਸਲ ਨਾਂ ਮਹਾਰਾਣੀ ਜਿੰਦ ਕੌਰ ਸੀ, ਇਹ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਮਹਾਰਾਣੀ ਸੀ। ਇਹ ਮਹਾਰਾਣੀ ਜਿੰਦਾਂ ਹੀ ਇਸ ਨਾਟਕ ਦੀ ਮੁੱਖ ਨਾਇਕਾ ਹੈ।

ਇਸ ਨਾਟਕ ਦੀ ਰਚਨਾ ਪਿੱਛੇ ਨਾਟਕਕਾਰ ਦਾ ਇਕ ਖਾਸ ਮਕਸਦ ਜਾਂ ਉਦੇਸ਼ ਹੈ। ਇਹ ਮਕਸਦ ਕੇਵਲ ਖਾਲਸਾ-ਰਾਜ ਦੇ ਖ਼ਾਤਮੇ ਅਤੇ ਅੰਗ੍ਰੇਜ਼ੀ ਹਕੂਮਤ ਦੀ ਪੰਜਾਬ ਵਿਚ ਸਥਾਪਤੀ ਨਾਲ ਸੰਬੰਧਤ ਇਤਿਹਾਸਕ-ਰਾਜਨੀਤਿਕ ਘਟਨਾਵਾਂ ਦੀ ਪੇਸ਼ਕਾਰੀ ਹੀ ਨਹੀਂ ਸਗੋਂ ਰਾਣੀ ਜਿੰਦਾਂ ਬਾਰੇ ਇਤਿਹਾਸਕਾਰਾਂ ਅਤੇ ਲੇਖਕਾਂ ਦੇ ਪਾਏ ਭੁਲੇਖਿਆਂ ਨੂੰ ਦੂਰ ਕਰਨਾ ਹੈ ਅਤੇ ਉਸਦੇ ਵਿਗੜੇ ਬਿੰਬ ਨੂੰ ਸੁਧਾਰਨਾ ਹੈ। ਅਜਿਹਾ ਕਰਦਿਆਂ ਉਸ ਵੇਲੇ ਦੇ ਰਾਜਨੀਤਕ-ਸਮਾਜਕ ਮਾਹੌਲ ਨੂੰ ਪੇਸ਼ ਕਰਨਾ ਸੁਭਾਵਕ ਹੀ ਸੀ, ਕਿਉਂਕਿ ਰਾਣੀ ਜਿੰਦਾਂ ਉਸ ਵੇਲੇ ਦੇ ਸਾਰੇ ਮਾਹੌਲ ਅਤੇ ਘਟਨਾ-ਕ੍ਰਮ ਨਾਲ ਪੂਰੀ ਤਰ੍ਹਾਂ ਜੁੜੀ ਹੋਈ ਸੀ। ਮਹਾਰਾਣੀ ਹੋਣ ਦੇ ਨਾਤੇ ਅਤੇ ਉਸ ਸਮੇਂ ਦੀ ਸਭ ਤੋਂ ਵੱਧ ਸਿਆਸੀ ਸੂਝ ਰੱਖਣ ਵਾਲੀ ਔਰਤ ਹੋਣ ਦੇ ਨਾਤੇ ਉਹ ਇਸ ਸਾਰੇ ਘਟਨਾ ਕ੍ਰਮ ਤੋਂ ਕਿਸ ਤਰ੍ਹਾਂ ਅਭਿੱਜ ਰਹਿ ਸਕਦੀ ਸੀ। ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸ਼ਾਹੀ ਘਰਾਣੇ ਦੀ ਜ਼ਿੰਮੇਵਾਰੀ ਉਸ ਉਪਰ ਆ ਗਈ ਸੀ। ਉਹ ਪੂਰ ਦ੍ਰਿੜਤਾ, ਨਿਡਰਤਾ, ਸਵੈਮਾਣ ਅਤੇ ਆਤਮ ਵਿਸ਼ਵਾਸ ਨਾਲ ਅੰਗ੍ਰੇਜ਼ਾਂ ਨਾਲ ਲੜਦੀ ਦਿਖਾਈ ਗਈ ਹੈ। ਮਸਲਾ ਹਾਰ-ਜਿੱਤ ਦਾ ਨਹੀਂ, ਹਾਰ ਕੇ ਵੀ ਉਹ ਅਦੁੱਤੀ ਵੀਰ-ਨਾਇਕਾ ਦੇ ਰੂਪ ਵਿਚ ਉੱਭਰਦੀ ਹੈ, ਜਿਸਨੂੰ ਪੰਜਾਬ ਦੀ ਧਰਤੀ ਨਾਲ ਅੰਤਾਂ ਦਾ ਮੋਹ ਹੈ।

ਇਹ ਨਾਟਕ ਮੂਲ ਰੂਪ ਵਿਚ ਨਾਇਕਾ-ਪ੍ਰਧਾਨ ਨਾਟਕ ਹੈ। ਭਾਵ, ਹਰ ਘਟਨਾ, ਸਿੱਧੇ ਜਾਂ ਅਸਿੱਧੇ ਰੂਪ ਵਿਚ ਨਾਟਕ ਦੀ ਨਾਇਕਾ ਰਾਣੀ-ਜਿੰਦਾਂ ਨਾਲ ਸੰਬੰਧ ਰਖਦੀ ਹੈ। ਇਸੇ ਕਾਰਦ ਉਹ ਨਾਟਕ ਦੇ ਹਰ ਦ੍ਰਿਸ਼ ਵਿਚ 'ਅਗਰਭੂਮੀ' ਵਿਚ ਰਹਿੰਦੀ ਹੈ ਅਤੇ ਖ਼ਾਲਸਾ-ਰਾਜ ਅਤੇ ਪੰਜਾਬ ਵਿਚ ਅੰਗ੍ਰੇਜ਼ੀ ਹਕੂਮਤ ਦੀ ਸਥਾਪਤੀ ਨਾਲ ਸੰਬੰਧਤ ਸਭ ਘਟਨਾਵਾਂ 'ਪਿੱਠ-ਭੂਮੀ' ਵਿਚ ਚਲਦੀਆਂ ਜਾਂਦੀਆਂ ਹਨ। ਇਹ ਇਹਿਾਸਕ ਮਹੱਤਵ ਰੱਖਣ ਵਾਲੀਆਂ ਸਿਆਸੀ ਘਟਨਾਵਾਂ ਸੰਕੇਤ ਰੂਪ ਵਿਚ ਨਾਟਕੀ-ਸੰਵਾਦਾਂ ਰਾਹੀਂ ਸਾਹਮਣੇ ਆਉਂਦੀਆਂ ਹਨ।

ਵਿਦਿਆਰਥੀਓ, ਕਿਉਂਕਿ ਪਿਛਲੇ ਪਾਠ ਵਿਚ ਅਸੀਂ ਨਾਟਕ ਦਾ ਸਾਰ ਤੁਹਾਨੂੰ ਬੜੇ ਵਿਸਥਾਰ ਨਾਲ ਦੱਸ ਚੁੱਕੇ ਹਾਂ ਇਸ ਲਈ ਇਸ ਪਾਠ ਵਿਚ ਅਸੀਂ ਮੂਲ ਪਾਠ ਬਾਰੇ ਸੰਕੇਤ ਮਾਤਰ ਹੀ ਲਿਖਾਂਗੇ।

ਨਾਟਕ ਕੇ ਆਰੰਭ ਵਿਚ ਹੀ ਦੋ ਨਾਟਕੀ ਸੰਵਾਦ ਸਾਹਮਣੇ ਆਉਂਦੇ ਹਨ ਜਿਨ੍ਹਾਂ ਵਿਚੋਂ ਕੁਝ ਸਮਾਂ ਪਹਿਲਾਂ ਹੋਈਆਂ ਕੁਝ ਅਹਿਮ ਘਟਨਾਵਾਂ ਦੀ ਸੂਚਨਾ ਮਿਲਦੀ ਹੈ। ਸਮਾਂ 16 ਅਗਸਤ 1847 ਦਾ ਹੈ, ਸਵੇਰ, ਮੂੰਹ ਹਨੇਰ ਦਾ ਵਕਤ ਹੈ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਨੂੰ ਸੱਤ ਸਾਲ ਹੋ ਚੁੱਕੇ ਹਨ। ਇਸ ਸਮੇਂ ਦੌਰਾਨ ਸ਼ਾਹੀ ਦਰਬਾਰ ਵਿਚ ਕਾਫੀ ਟੁੱਟ-ਭੰਨ ਹੋਈ ਹੈ, ਲਾਹੌਰ ਦਰਬਾਰ ਵਿਚ ਖੂਨ ਦੀ ਹੋਲੀ ਖੇਡੀ ਗਈ ਸੀ। ਅੰਗ੍ਰੇਜ਼ਾਂ ਨੇ ਇਸ ਸਥਿਤੀ ਦਾ ਪੂਰਾ ਫ਼ਾਇਦਾ ਉਠਾਇਆ ਅਤੇ ਸਹਿਜੇ ਸਹਿਜੇ ਪੰਜਾਬ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ। ਇਥੇ ਸ਼ਾਹ ਮੁਹੰਮਦ ਦੇ ਜੰਗਨਾਮੇ ਦਾ ਵੀ ਜ਼ਿਕਰ ਕੀਤਾ ਗਿਆ ਹੈ। ਨਾਟਕਕਾਰ, ਇਸ ਜੰਗਨਾਮੇ ਦੇ ਕੁਝ ਮਹੱਤਵਪੂਰਨ ਬੰਦਾਂ ਨੂੰ ਇਕ ਨਾ-ਕਟੇ ਸਿਪਾਹੀ ਦੇ ਮੂਹੋਂ ਸੁਣਵਾ ਕੇ, ਪਿਛੋਕੜ ਵਿਚ ਵਾਪਰੀਆਂ ਘਟਨਾਵਾਂ ਨੂੰ ਆਪਣੇ ਨਾਟਕੀ-ਕਾਰਜ ਨਾਲ ਜੋੜਦਾ ਹੈ। ਨਾਟਕਕਾਰ ਡਾ: ਹਰਚਰਨ ਸਿੰਘ ਬੜੀ ਖੂਬਸੂਰਤੀ ਨਾਲ, ਸੰਨ 1839 ਤੋਂ 1847 ਦੇ ਦਰਮਿਆਨ ਲਾਹੌਰ ਦਰਬਾਰ ਵਿਚ ਵਾਪਰੀਆਂ ਅਣਸੁਖਾਵੀਆਂ ਸਿਆਸੀ-ਘਟਨਾਵਾਂ ਵੱਲ ਸੰਕੇਤ ਕਰ ਜਾਂਦਾ ਹੈ, ਇਨ੍ਹਾਂ ਸੰਕੇਤਾਂ ਤੋਂ ਅਸੀਂ ਸਹਿਜੇ ਹੀ ਉਸ ਵਕਤ ਦੇ ਹਾਲਾਤ ਦਾ ਜਾਇਜ਼ਾ ਲੈ ਸਕਦੇ ਹਾਂ। ਨਾਟਕਕਾਰ, ਇਨ੍ਹਾਂ ਘਟਨਾਵਾਂ ਦੇ ਬਿਆਨ ਸਮੇਂ ਬਹੁਤੇ ਵਿਸਥਾਰ ਵਿਚ ਨਹੀਂ ਜਾਂਦਾ ਸਗੋਂ ਸੰਕੇਤਾਂ ਰਾਹੀਂ ਸਾਰੇ ਹਾਲਾਤ ਨੂੰ ਉਘਾੜ ਜਾਂਦਾ ਹੈ।

ਇਸ ਤਰ੍ਹਾਂ ਇਨ੍ਹਾਂ ਸੰਕੇਤਾਂ ਦੀ ਮਦਦ ਨਾਲ 'ਰਾਣੀ ਜਿੰਦਾਂ' ਨਾਟਕ ਦੀ ਮੂਲ (Content) ਦੇ ਪਿਛੋਕੜ ਵਿਚ ਵਾਪਰੀਆਂ ਘਟਨਾਵਾਂ ਦਾ ਭਰਪੂਰ ਬਿੰਬ ਉਭਰ ਕੇ ਸਾਡੇ ਸਾਹਮਣੇ ਆ ਜਾਂਦਾ ਹੈ । ਨਾਟਕ ਦਾ ਅਸਲ ਆਰੰਭ ਤਾਂ ਰਾਣੀ ਜਿੰਦਾਂ ਅਤੇ ਮਿਸਰ ਦੀਨਾ ਨਾਥ ਤੇ ਹਕੀਮ ਨੂਰ-ਉ-ਦੀਨ ਦੋ ਵਜ਼ੀਰਾਂ ਵਿਚਕਾਰ ਹੋਈ ਵਾਰਤਾਲਾਪ ਨਾਲ ਹੁੰਦਾ ਹੈ। ਨਾਂ ਕਟੇ ਫੌਜੀ ਦੀ ਫਰਿਆਦ ਅਤੇ ਰਾਣੀ ਜਿੰਦਾਂ ਦੀ ਮਨਬਚਨੀ ਰਾਹੀਂ, ਨਾਟਕ ਦੀ ਵਰਤਮਾਨ ਸਥਿਤੀ ਨੂੰ ਪਿਛੋਕੜ ਵਿਚ ਵਾਪਰੀਆਂ ਇਤਿਹਾਸਕ ਮਹੱਤਵ ਵਾਲੀਆਂ ਸਿਆਸੀ-ਘਟਨਾਵਾਂ ਦੀ ਕੜੀ ਨੂੰ ਜੋੜਿਆ ਗਿਆ ਹੈ। ਰਾਣੀ ਜਿੰਦਾਂ ਅਤੇ ਉਪਰ ਦੱਸੇ ਗਏ ਦੋ ਵਜ਼ੀਰਾਂ ਵਿਚਕਾਰ ਹੋਣ ਵਾਲੀ ਗੱਲਬਾਤ ਨਾਲ ਨਾਟਕੀ-ਕਾਰਜ, ਆਪਣੇ ਮੂਲ ਪ੍ਰਯੋਜਨ ਵੱਲ ਵੱਧਦਾ ਹੈ। ਇਹ ਮੂਲ ਪ੍ਰਯੋਜਨ ਇਕ ਪਾਸੇ ਰਾਣੀ ਜਿੰਦਾਂ ਨੂੰ ਇਕ ਅਦੁੱਤੀ ਵੀਰ ਨਾਇਕਾ ਦੇ ਰੂਪ ਵਿਚ ਉਭਾਰਣ ਦੇ ਨਾਲ ਸੰਬੰਧਤ ਹੈ ਅਤੇ ਦੂਜੇ ਪਾਸੇ ਅੰਗ੍ਰੇਜ਼ਾਂ ਦੀ ਸ਼ਹਿ 'ਤੇ ਕੁਝ ਇਤਿਹਾਸਕਾਰਾਂ 'ਤੇ ਲੇਖਕਾਂ ਦੁਆਰਾ ਜਾਣ-ਬੁੱਝ ਕੇ ਰਾਣੀ ਜਿੰਦਾਂ ਦੇ ਵਿਗਾੜੇ ਗਏ ਬਿੰਬ ਨੂੰ ਸੁਧਾਰ ਕੇ ਉਸਨੂੰ ਦੇਸ਼ ਦੀ ਸੁਤੰਤਰਤਾ ਲਈ ਲੜੀ ਗਈ ਜੰਗ ਦੀ ਪਹਿਲੀ ਸੁਤੰਤਰਤਾ ਸੰਗਰਾਮੀ ਨਾਇਕਾ ਸਿੱਧ ਕਰਨ ਨਾਲ ਸਰੋਕਾਰ ਰਖਦਾ ਹੈ।

ਰਾਣੀ ਜਿੰਦਾਂ ਅਤੇ ਮਿਸਰ ਦੀਨਾ ਨਾਥ ਤੇ ਹਕੀਮ ਨੂਰ-ਉ-ਦੀਨ ਦੋ ਵਜ਼ੀਰਾਂ ਵਿਚਕਾਰ ਹੋਈ ਗੱਲਬਾਤ ਵਿਚੋਂ ਕੁਝ ਮਹੱਤਵਪੂਰਨ ਨੁਕਤੇ ਉਜਾਗਰ ਹੁੰਦੇ ਹਨ। ਪਹਿਲਾਂ ਇਹ ਕਿ ਭੈਰੋਵਾਲ ਦੇ ਅਹਿਦਨਾਮੇ ਮੁਤਾਬਕ ਸਾਰੀ ਸਿਆਸੀ ਤਾਕਤ

ਹੁਣ ਅੰਗ੍ਰੇਜ਼ ਰੈਜ਼ੀਡੈਂਟ ਦੇ ਹੱਥਾਂ ਵਿਚ ਜਾ ਚੁੱਕੀ ਹੈ ਅਤੇ ਲੋਕੀਂ, ਹਾਰ ਦੀ ਜ਼ਿੰਮੇਵਾਰੀ ਰਾਣੀ ਜਿੰਦਾਂ ਦੇ ਸਿਰ 'ਤੇ ਮੜ੍ਹ ਰਹੇ ਹਨ। ਰਾਣੀ ਜਿੰਦਾਂ ਦਾ ਮਤ ਹੈ ਕਿ ਦੁਸ਼ਮਣਾਂ ਨੇ ਆਪਣੀ ਗੱਦਾਰੀ ਨੂੰ ਛੁਪਾਉਣ ਲਈ, ਕਲੰਕ ਦਾ ਟਿੱਕਾ ਉਸ ਦੇ ਮੱਥੇ 'ਤੇ ਮੜ੍ਹ ਦਿੱਤਾ ਹੈ। ਇਥੋਂ ਤਕ ਕਿ ਉਹ ਸ਼ਾਹ ਮੁਹੰਮਦ ਦੇ 'ਜੰਗਨਾਮੇਂ' (ਨਾਟਕ ਵਿਚ ਇਸ ਲਈ ਕਿੱਸਾ ਸ਼ਬਦ ਦੀ ਵੀ ਵਰਤੋਂ ਕੀਤੀ ਗਈ ਹੈ) ਨੂੰ ਵੀ ਕੋਰਾ ਝੂਠ ਅਤੇ ਉਸ ਭੰਡਣ ਵਾਲੀ ਸਾਜਿਸ਼ ਕਹਿੰਦੀ ਹੈ, ਜਿਸ ਪਿੱਛੇ ਉਹ ਫਰੰਗੀਆਂ ਦਾ ਜ਼ਾਹਿਰਾ ਹੱਥ ਮੰਨਦੀ ਹੈ। ਯਾਦ ਰਹੇ ਕਿ ਆਪਣੇ ਇਸ ਜੰਗਨਾਮੇ ਵਿਚ ਵੀ ਸ਼ਾਹ ਮੁਹੰਮਦ ਨੇ ਪੰਜਾਬ ਦੀ ਅੰਗ੍ਰੇਜ਼ਾਂ ਹੱਥੋਂ ਹੋਈ ਹਾਰ ਦੀ ਸਾਰੀ ਜ਼ਿੰਮੇਵਾਰੀ ਜਾਣੀ ਜਿੰਦਾਂ ਉਪਰ ਥੋਪੀ ਹੈ। ਮਿਸਾਲ ਦੇ ਤੌਰ 'ਤੇ ਫੌਜੀ ਦੇ ਮੂੰਹੋਂ ਸੁਣਵਾਏ ਗਏ ਇਸ ਜੰਗਨਾਮੇ ਦੇ ਇਕ ਕਾਵਿ-ਬੰਦ ਨੂੰ ਹੀ ਲਉ :-

ਫੌਜੀ : ਸਾਰੀ ਫੌਜ ਨੂੰ ਚਾਇ ਜਵਾਬ ਦਿੱਤਾ,
ਦਿੱਤੀ ਨੌਕਰੀ ਛੱਡ ਵਿਚਾਰਿਆਂ ਨੇ।
ਸ਼ਾਹ ਮੁਹੰਮਦਾ ਏਸ ਰਾਣੀ ਜਿੰਦ ਕੌਰਾਂ,
ਤੋੜ ਸੁਟਿਆ ਮੁਲਕ ਉਜਾੜਿਆਂ ਨੇ।

ਰਾਣੀ ਜਿੰਦਾਂ ਇਸ ਕਾਵਿ-ਬੰਦ ਨੂੰ ਫੌਜੀ ਦੇ ਮੂੰਹੋਂ ਸੁਣ ਕੇ ਗੁੱਸੇ ਨਾਲ ਭਰੀ ਪੀਤੀ ਜਾਂਦੀ ਹੈ। ਅਤੇ ਇਸ ਨੂੰ ਝੂਠੀ ਤੁਹਮਤ ਕਹਿੰਦੀ ਹੈ। ਉਸ ਨੂੰ ਪੱਕਾ ਵਿਸ਼ਵਾਸ ਹੈ ਕਿ ਉਹ ਹੋਣੀ ਦਾ ਮੂੰਹ ਮੋੜ ਛੱਡੇਗੀ।

ਰਾਣੀ ਜਿੰਦਾਂ ਦੋਹਾਂ ਵਜ਼ੀਰਾਂ ਨੂੰ ਦਸਦੀ ਹੈ ਕਿ ਅੰਗ੍ਰੇਜ਼ ਰੈਜ਼ੀਡੈਂਟ ਦਾ ਉਸ ਪ੍ਰਤੀ ਰਵੱਈਆ ਦਿਨੋ ਦਿਨ ਸਖ਼ਤ ਹੁੰਦਾ ਜਾ ਰਿਹੈ। ਉਸ ਨੂੰ ਭਾਸ ਰਿਹੈ ਕਿ ਰੈਜ਼ੀਡੈਂਟ ਜਲਦੀ ਹੀ ਉਸ ਉੱਪਰ ਤਕੜਾ ਵਾਰ ਕਰਨ ਜਾ ਰਿਹੈ। ਵਜ਼ੀਰ ਉਸਨੂੰ ਦਸਦੇ ਹਨ ਕਿ ਸਵਾਏ ਰਾਣੀ ਜਿੰਦਾਂ ਦੇ ਕੰਪਨੀ ਨੂੰ ਹੋਰ ਕਿਸੇ ਕੋਲੋਂ ਡਰ ਭਉ ਨਹੀਂ। ਕੰਪਨੀ ਉਸਨੂੰ ਹਊਆ ਸਮਝਦੀ ਹੈ। ਵਜ਼ੀਰ ਉਸਨੂੰ ਸਲਾਹ ਦੇਂਦੇ ਹਨ ਕਿ ਉਹ ਸਰਦਾਰਾਂ ਦੇ ਦਿਲਾਂ ਵਿਚੋਂ ਸ਼ੰਕੇ ਸ਼ੁਬੇ ਕੱਢੇ ਅਤੇ ਉਨ੍ਹਾਂ ਨੂੰ ਮੁੜ ਖ਼ਾਲਸਾ ਰਾਜ ਦਾ ਹਿੱਤੂ ਬਣਾਏ ਅਤੇ ਸਰਦਾਰਾਂ ਦੇ ਨਾਲ ਨਰਮੀ ਵਾਲਾ ਵਿਹਾਰ ਕਰੇ ਅੱਗੋਂ ਰਾਣੀ ਜਿੰਦਾਂ ਉਨ੍ਹਾਂ ਦਾ ਵਿਰੋਧ ਕਰਦੀ ਹੈ। ਵਜ਼ੀਰਾਂ ਨੂੰ ਡਰ ਹੈ ਕਿ ਹੋ ਸਕਦਾ ਹੈ ਕਿ ਖ਼ਾਲਸਾ ਫੌਜ ਫਰੰਗੀਆਂ ਦਾ ਸਾਥ ਦੇਵੇ। ਉਸਨੂੰ ਸੂਚਨਾ ਮਿਲਦੀ ਹੈ ਕਿ ਅਗਲੇ ਦਿਨ ਇਕ ਖਾਸ ਦਰਬਾਰ ਲੱਗਣ ਜਾ ਰਿਹਾ ਹੈ, ਜਿਸ ਵਿਚ ਵਫ਼ਾਦਾਰ ਅਹਿਲਕਾਰਾਂ ਨੂੰ ਖ਼ਿਤਾਬ, ਖਿਲਤਾਂ ਤੇ ਜਗੀਰਾਂ ਬਖਸ਼ੀਆਂ ਜਾਣਗੀਆਂ ਅਤੇ ਭਰੇ ਦਰਬਾਰ ਵਿਚ ਸਭ ਤੋਂ ਪਹਿਲਾਂ ਤੇਜ ਸਿੰਘ ਨੂੰ ਮਹਾਰਾਜਾ ਦਲੀਪ ਸਿੰਘ ਹੱਥੋਂ ਤਿਲਕ ਲਗਵਾਇਆ ਜਾਵੇਗਾ ਅਤੇ ਉਸ ਨੂੰ ਰਾਜਾ ਦੀ ਪਦਵੀ ਪ੍ਰਦਾਨ ਕੀਤੀ ਜਾਵੇਗੀ। ਇਹ ਸਭ ਕੁਝ ਸੁਣਕੇ ਰਾਣੀ ਜਿੰਦਾਂ ਤਿਲਮਿਲਾ ਉਠਦੀ ਹੈ ਅਤੇ ਕਹਿੰਦੀ ਹੈ ਕਿ ਉਹ ਇਹ ਹਰਗਿਜ਼ ਨਹੀਂ ਹੋਣ ਦੇਵੇਗੀ। ਦਲੀਪ ਸਿੰਘ ਦੀ ਨੰਨ੍ਹੀ ਜਾਨ ਨੂੰ ਖ਼ਤਰਾ ਮਹਿਸੂਸ ਕਰਦੀ ਹੋਈ ਉਹ ਉਸੇ ਰਾਤ ਕੋਈ ਅਹਿਮ ਕਦਮ ਪੁੱਟਣ ਦਾ ਐਲਾਨ ਕਰਦੀ ਹੈ। ਮਿਸਰ ਦੀਨਾ ਨਾਥ ਤੇ ਹਕੀਮ ਨੂਰਉਦੀਨ ਉਸ ਨੂੰ ਦੂਰ-ਅੰਦੇਸ਼ੀ ਤੋਂ ਕੰਮ ਲੈਣ ਲਈ ਪ੍ਰੇਰਦੇ ਹਨ। ਉਹ ਕਹਿੰਦੇ ਹਨ ਕਿ ਕਾਹਲੀ ਤੇ ਗੁੱਸੇ ਵਿਚ ਪੁੱਟਿਆ ਕਦਮ ਉਲਟਾ ਵੀ ਹੋ ਸਕਦਾ ਹੈ। ਦੋਵੇਂ ਭਾਵੀ ਨੂੰ ਟਾਲਣ ਲਈ ਕਹਿੰਦੇ ਹਨ। ਪਰ, ਰਾਣੀ ਜਿੰਦਾਂ ਉਨ੍ਹਾਂ ਦੇ ਤਰਕ ਨਾਲ ਸਹਿਮਤ ਨਹੀਂ ਹੁੰਦੀ। ਉਹ ਇਥੋਂ ਤੱਕ ਕਹਿ ਜਾਂਦੀ ਹੈ ਕਿ ਇਉਂ ਲਗਦਾ ਹੈ ਕਿ ਜਿਵੇਂ ਉਨ੍ਹਾਂ ਦੇ ਮਨਾਂ ਵਿਚ ਵੀ ਫਰੰਗੀ ਦਾ ਭੂਤ ਸਵਾਰ ਹੋਵੇ। ਉਹ ਵਜ਼ੀਰਾਂ ਦੀ ਕਾਇਰਾਂ ਵਾਲੀ ਅਰਜ਼ ਨੂੰ ਤਿਆਰ ਨਹੀਂ ਹੈ ਅਤੇ ਐਲਾਨ ਕਰਦੀ ਹੈ ਕਿ ਮੁਲਤਾਨ ਪੁੱਜਕੇ, ਫੌਜਾਂ ਦੀ ਕਮਾਨ ਨੂੰ ਉਹ ਖ਼ੁਦ ਸੰਭਾਲੇਗੀ ਅਤੇ ਫਰੰਗੀ ਨੂੰ ਪੰਜਾਬੋਂ ਕੱਢ ਕੇ ਹੀ ਸਾਹ ਲਵੇਗੀ।

ਇਸ ਸਾਰੀ ਵਾਰਤਾਲਾਪ ਵਿਚੋਂ ਰਾਣੀ ਜਿੰਦਾਂ ਦੇ ਸੁਭਾਅ ਦੇ ਕਈ ਗੁਣ-ਔਗੁਣ ਉੱਭਰ ਕੇ ਸਾਹਮਦੇ ਆਉਂਦੇ ਹਨ। ਅਗਲੀ ਸਵੇਰ ਬਾਬੇ ਬਾਗ਼ੀ ਦੇ ਦਸੇ ਅਨੁਸਾਰ ਖ਼ਾਲਸਾ ਦਰਬਾਰ ਲਗਦਾ ਹੈ। ਅੰਗ੍ਰੇਜ਼ ਰੈਜ਼ੀਡੈਂਟ ਹੈਨਰੀ ਲਾਰੰਸ ਅਤੇ ਮਿਸਟਰ ਫਰੈਡਰਿਕ ਕਰੀ ਵੀ ਉਥੇ ਮੌਜੂਦ ਹਨ। ਮਿੱਥੇ ਪ੍ਰੋਗਰਾਮ ਅਨੁਸਾਰ, ਮਹਾਰਾਜਾ ਦਲੀਪ ਸਿੰਘ ਉੱਪਰ ਜ਼ੋਰ ਪਾਇਆ ਜਾਂਦਾ ਹੈ ਕਿ ਉਹ ਤੇਜ ਸਿੰਘ ਦੇ ਮੱਥੇ 'ਤੇ ਤਿਲਕ ਲਗਾਵੇ। ਪਰ, ਮਹਾਰਾਜਾ ਦਲੀਪ ਸਿੰਘ "ਮੈਂ ਗ਼ਦਾਰ ਦੇ ਮੱਥੇ ਤਿਲਕ ਨਹੀਂ ਲਗਾਵਾਂਗਾ" ਕਹਿ ਕੇ, ਤਿਲਕ ਲਾਣ ਤੋਂ ਇਨਕਾਰ ਕਰ ਦੇਂਦਾ ਹੈ। ਰਾਮ ਸਿੰਘ ਦੇ ਪੁਚਕਾਰਨ 'ਤੇ ਜਦੋਂ ਤੇਜ ਸਿੰਘ ਤਿਲਕ ਲਵਾਉਣ ਲਈ ਸਿਰ ਝੁਕਾ ਕੇ ਅੱਗੇ ਹੁੰਦਾ ਹੈ ਤਾਂ ਮਹਾਰਾਜਾ ਦਲੀਪ ਸਿੰਘ ਉਸ ਨੂੰ ਲੱਤ ਮਾਰਦਾ ਹੈ। ਇਸ ਦ੍ਰਿਸ਼ ਨੂੰ ਵੇਖਕੇ ਸਾਰੇ ਘਬਰਾ ਜਾਂਦੇ ਹਨ ਅਤੇ ਹੈਰਾਨੀ ਵਿਚ ਝੁੰਜਲਾ ਜਾਂਦੇ ਹਨ। ਆਖ਼ਰ! ਹੈਨਰੀ ਲਾਰੰਸ ਖ਼ੁਦ ਤੇਜ ਸਿੰਘ ਦੇ ਮੱਥੇ 'ਤੇ ਆਪਣੇ ਹੱਥੀਂ ਤਿਲਕ ਲਗਾ ਦੇਂਦਾ ਹੈ ਅਤੇ ਇਸ ਘਟਨਾ ਦੀ ਸਾਰੀ ਜ਼ਿੰਮੇਵਾਰੀ ਰਾਣੀ ਜਿੰਦਾਂ ਦੇ ਸਿਰ ਮੜ੍ਹ ਦਿੱਤੀ ਜਾਂਦੀ ਹੈ। ਇਸ ਘਟਨਾ ਨਾਲ ਇਕ ਅਜੀਬ ਕਿਸਮ ਦਾ ਨਾਟਕੀ ਵਿਸਫ਼ੋਟ ਹੁੰਦਾ ਹੈ ਅਤੇ ਨਤੀਜਨ, ਰਾਣੀ ਜਿੰਦਾਂ ਦੇ ਸਿਰ ਉੱਪਰ ਕਹਿਰਾਂ ਦੇ ਪਹਾੜ ਟੁੱਟ ਪੈਂਦੇ ਹਨ। ਇਸ ਘਟਨਾ ਦੇ ਮਗਰੋਂ ਨਾਟਕੀ-ਕਾਰਜ ਬੜੀ ਤੇਜ਼ ਗਤੀ ਨਾਲ ਅੱਗੇ ਵੱਧਦਾ ਹੈ।

ਨਾਟਕ ਦੇ ਪਹਿਲੇ ਐਕਟ ਦੀ ਤੀਜੀ ਝਾਕੀ ਰਾਹੀਂ ਸਥਿਤੀ ਨਾਲ ਨਿਪਟਣ ਸੰਬੰਧੀ ਵਿਚਾਰਾਂ ਵਿਚਲੇ ਮੱਤਭੇਦ ਉਭਰ ਕੇ ਸਾਮ੍ਹਣੇ ਆਉਂਦੇ ਹਨ। ਹੈਨਰੀ ਲਾਰੰਸ, ਪੰਜਾਬੀ ਲੋਕਾਂ ਦੇ ਦਿਲ ਜਿੱਤਣ ਲਈ, ਉਨ੍ਹਾਂ ਨਾਲ ਘੁਲ ਮਿਲ ਕੇ ਰਹਿਣ, ਉਨ੍ਹਾਂ ਨਾਲ ਨਰਮੀ ਨਾਲ ਪੇਸ਼ ਆਉਣ ਵਿਚ ਵਿਸ਼ਵਾਸ ਰਖਦਾ ਹੈ। ਉਹ ਮਿਸਾਲਾਂ ਦੇ ਕੇ ਮਿਸਟਰ ਫਰੈਡਰਿਕ ਕਰੀ ਨੂੰ ਸਮਝਾਉਂਦਾ

ਹੈ ਕਿ ਪੰਜਾਬੀ ਲੋਕ ਬਹਾਦਰ ਤੇ ਅਣਖੀ ਹਨ। ਇਨ੍ਹਾਂ ਨੂੰ ਪਿਆਰ ਨਾਲ ਹੀ ਜਿੱਤਿਆ ਜਾ ਸਕਦਾ ਹੈ, ਹੈਂਕੜ ਨਾਲ ਨਹੀਂ। ਨਾਲ ਹੀ ਹੋਰ ਵਾਰਤਾਲਾਪ ਤੋਂ ਪਤਾ ਚਲਦਾ ਹੈ ਕਿ ਮਿਸਟਰ ਲਾਰੰਸ ਅੰਦਰੋਂ ਬੜਾ ਖਰਾਂਟ ਤੇ ਤਿੱਖਾ ਆਦਮੀ ਹੈ। ਰਾਣੀ ਜਿੰਦਾਂ ਨੂੰ ਕੁਝ ਦਿਨ ਸ਼ੇਖੂਪੁਰੇ ਦੇ ਕਿਲ੍ਹੇ ਵਿਚ ਨਜ਼ਰਬੰਦ ਕਰਨ ਦਾ ਆਪਣਾ ਮਨਸੂਬਾ ਉਹ ਤੇਜ ਸਿੰਘ ਨੂੰ ਦੱਸ ਦੇਂਦਾ ਹੈ। ਉਸਨੂੰ ਤੇਜ ਸਿੰਘ ਦੇ ਰਾਜਾ ਬਣਨ ਦੀ ਸਖ਼ਤ ਈਰਖਾ ਹੈ। ਇਥੇ ਸ਼ੇਰ ਸਿੰਘ ਨਾਲ ਹੋਈ ਗੱਲਬਾਤ ਤੋਂ ਪਤਾ ਲਗਦਾ ਹੈ ਕਿ ਸ਼ੇਰ ਸਿੰਘ ਅਟਾਰੀ ਦਾ ਇਸ ਸਭ ਕੁਝ ਦੇ ਪਿੱਛੇ ਆਪਣਾ ਨਿੱਜੀ ਸੁਆਰਥ ਲੁਕਿਆ ਹੋਇਆ ਹੈ। ਉਹ ਰੈਜ਼ੀਡੈਂਟ ਹੈਨਰੀ ਲਾਰੰਸ ਦੀ ਮਦਦ ਨਾਲ ਆਪਣੀ ਭੈਣ ਦੀ ਥਾਂ 'ਤੇ ਆਪਣੀ ਲੜਕੀ ਦੀ ਸ਼ਾਦੀ ਮਹਾਰਾਜਾ ਦਲੀਪ ਸਿੰਘ ਨਾਲ ਕਰਨੀ ਚਾਹ ਰਿਹਾ ਹੈ। ਉਹ ਹੈਨਰੀ ਲਾਰੰਸ ਉੱਪਰ ਜ਼ੋਰ ਪਾਉਂਦਾ ਹੈ ਕਿ ਉਹ ਇਸ ਸੰਬੰਧੀ ਗਵਰਨਰ ਜਨਰਲ ਲਾਰਡ ਹਾਰਡਿੰਗ ਨੂੰ ਦੁਬਾਰਾ ਲਿਖੇ। ਉਹ ਇਸ ਸੰਬੰਧੀ ਲਾਰਡ ਹਰਡਿੰਗ ਨੂੰ ਲਿਖਣ ਦਾ ਝੂਠਾ ਮੂਠਾ ਵਾਅਦਾ ਵੀ ਕਰਦਾ ਹੈ। ਪਰ, ਅੰਦਰੋਂ ਉਹ ਸ਼ੇਰ ਸਿੰਘ ਨੂੰ ਚੰਗੀ ਤਰ੍ਹਾਂ ਸਮਝਦਾ ਹੈ ਅਤੇ ਉਸ ਦੀ ਡੂੰਘੀ ਇੱਛਾ ਨੂੰ ਭਾਂਪ ਜਾਂਦਾ ਹੈ। ਤਾਂ ਹੀ ਉਹ ਕਹਿ ਉਠਦਾ ਹੈ :-

ਲਾਰੰਸ : "ਤੁਸੀਂ ਅਟਾਰੀ ਵਾਲੇ ਸਰਦਾਰ ਹੁਸ਼ਿਆਰ ਹੋ,
ਆਪਣਾ ਕੰਮ ਪੁਖ਼ਤਾ ਕਰਨਾ ਚਾਹੁੰਦੇ ਹੋ।" (ਪੰਨਾ : 32)

ਇੰਝ ਕਰਨ ਨਾਲ ਰਾਜਾ ਤੇਜ ਸਿੰਘ ਤੇ ਸ਼ੇਰ ਸਿੰਘ ਅਟਾਰੀ ਦਾ ਸੁਆਰਥੀਪੁਣਾ ਵੀ ਉਜਾਗਰ ਹੋ ਜਾਂਦਾ ਹੈ ਅਤੇ ਰੈਜ਼ੀਡੈਂਟ ਹੈਨਰੀ ਲਾਰੰਸ ਦੀ ਡਿਪਲੋਮੇਸੀ ਵੀ। ਉਹ ਇਕ ਤਰਫ਼, ਰਾਜਾ ਤੇਜ ਸਿੰਘ ਨੂੰ ਰਾਣੀ ਜਿੰਦਾਂ ਦੀ ਸ਼ੇਖੂਪੁਰੇ ਦੇ ਕਿਲ੍ਹੇ ਵਿਚ ਕੀਤੀ ਜਾਣ ਵਾਲੀ ਨਜ਼ਰਬੰਦੀ ਦੀ ਤਿਆਰੀ ਲਈ ਭੇਜਦਾ ਹੈ ਅਤੇ ਦੂਸਰੀ ਤਰਫ, ਸ਼ੇਰ ਸਿੰਘ ਅਟਾਰੀ ਨੂੰ ਮਹਾਰਾਜਾ ਦਲੀਪ ਸਿੰਘ ਦੀ ਹਿਫਾਜਤ ਵਾਸਤੇ ਪੁੱਖ਼ਤਾ ਇੰਤਜ਼ਾਮ ਕਰਨ ਲਈ, ਸ਼ਾਲਾਮਾਰ ਬਾਗ਼ ਵਿਚ ਭੇਜਦਾ ਹੈ। ਇਕੋ ਸਮੇਂ ਵਾਪਰ ਰਹੀਆਂ ਇਨ੍ਹਾਂ ਦੋਹਾਂ ਘਟਨਾਵਾਂ ਦੇ ਪਿਛੋਕੜ ਵਿਚ ਕੰਪਨੀ ਸਰਕਾਰ ਦੀ ਡੂੰਘੀ ਸਾਜਿਸ਼ ਕਾਰਜਸ਼ੀਲ ਹੈ। ਕੰਪਨੀ ਸਰਕਾਰ ਰਾਣੀ ਜਿੰਦਾਂ ਨੂੰ ਮਹਾਰਾਜਾ ਦਲੀਪ ਸਿੰਘ ਤੋਂ ਅਲਾਹਿਦਾ ਕਰਨਾ ਚਾਹ ਰਹੀ ਹੈ ਤਾਂ ਜੋ ਮਹਾਰਾਜੇ ਦੇ ਸਿਰੋਂ ਉਸ ਦੀ ਸਰਪ੍ਰਸਤੀ ਖ਼ਤਮ ਹੋ ਜਾਵੇ।

ਰੈਜ਼ੀਡੈਂਟ ਲਾਰੰਸ ਦੀਆਂ ਦਿੱਤੀਆਂ ਹਿਦਾਇਤਾਂ ਦੇ ਮੁਤਾਬਕ ਰਾਜਾ ਤੇਜ ਸਿੰਘ ਟੈਕਟ ਤੇ ਨਰਮੀ ਵਰਤ ਕੇ, ਰਾਣੀ ਜਿੰਦਾਂ ਨੂੰ ਕੁਝ ਦਿਨਾਂ ਵਾਸਤੇ ਲਿਜਾਣ ਲਈ ਪ੍ਰੇਰਦਾ ਹੈ। ਤੇਜ ਸਿੰਘ ਉਸ ਨੂੰ ਦਸਦਾ ਹੈ ਕਿ ਭੈਰੋਵਾਲ ਦੇ ਅਹਿਦਨਾਮੇ (ਸੰਧੀਨਾਮੇ) ਨੇ ਉਨ੍ਹਾਂ ਦੇ ਹੱਥ ਕੱਟ ਦਿੱਤੇ ਹੋਏ ਹਨ, ਅਤੇ ਹੁਣ ਉਹ ਸਿਰਫ਼ ਬਰਾਏਨਾਮ ਹੀ ਮਹਾਰਾਣੀ ਹਨ। ਪਹਿਲਾਂ ਤਾਂ ਉਹ ਤੇਜ ਸਿੰਘ ਨੂੰ ਬੇਈਮਾਨ ਗ਼ਦਾਰ, ਮੱਕਾਰ, ਦੇਸ਼ ਧਰੋਹੀ ਕਹਿ ਕੇ, ਗੁੱਸਾ ਕਰਦੀ ਹੈ। ਪਰ, ਜਦੋਂ ਕੋਈ ਪੇਸ਼ ਨਾ ਜਾਂਦੀ ਵੇਖਕੇ, ਅੰਗ੍ਰੇਜ਼ ਸਾਰਜੈਂਟ ਨਾਲ ਜਾਣ ਲਈ ਤਿਆਰ ਹੋ ਜਾਂਦੀ ਹੈ। ਆਪਣੀ ਦਾਸੀ ਮੰਗਲਾ ਨੂੰ, ਮਹਾਰਾਜੇ ਦੇ ਨਾਂ ਗੁੱਪਤ ਸੁਨੇਹਾ ਭੇਜਦੀ ਹੈ। ਇਸ ਸਭ ਦੇ ਬਾਵਜੂਦ ਵੀ ਉਸ ਦੇ ਚਿਹਰੇ 'ਤੇ ਅਪਾਰ ਦ੍ਰਿੜਤਾ ਤੇ ਰੂਹਾਨੀਅਤ ਦੇ ਆਸਰਾ ਨਜ਼ਰ ਆਉਂਦੇ ਹਨ। ਪੰਜਵੀਂ ਝਾਕੀ ਵਿਚ ਸਾਰੇ ਬਾਗ਼ੀ ਇਸ ਘਟਨਾ ਦਾ ਵਿਰੋਧ ਕਰਦੇ ਹਨ ਅਤੇ ਇਕ ਵਿਰੋਧੀ (ਅੰਗ੍ਰੇਜ਼ ਪੱਖੀ) ਰਾਣੀ ਜਿੰਦਾਂ ਨੂੰ ਹਾਰ ਦਾ ਕਸੂਰਵਾਰ ਠਹਿਰਾਂਦਾ ਹੈ। ਪਰ, ਰਾਜ ਪ੍ਰੋਹਤ ਸ਼ਿਵ ਦਿਆਲ ਬਾਬੇ ਬਾਗ਼ੀ ਦਾ ਪੱਖ ਪੂਰਦਯੇ ਹੋਏ ਕਹਿੰਦਾ ਹੈ ਕਿ ਰਾਜਮਾਤਾ ਹਾਰ ਲਈ ਹਰਗਿਜ਼ ਜ਼ਿੰਮੇਵਾਰ ਨਹੀਂ। ਜਿੱਥੇ ਫ਼ੌਜ ਦਾ ਜਰਨੈਲ ਅਤੇ ਵਜ਼ੀਰ ਆਜ਼ਮ ਆਦਿ ਅੰਦਰੋਂ ਵੈਰੀ ਨਾਲ ਮਿਲੇ ਹੋਣ ਉਥੇ ਰਾਜਮਾਤਾ ਕੀ ਕਰਦੀ? ਇਉਂ ਇਸ ਸੰਬਾਦ ਦੇ ਕਾਰਨ ਨਾਟਕੀ-ਕਾਰਜ ਕੁਝ ਦੇਰ ਲਈ ਮੱਠਾ ਪੈ ਜਾਂਦਾ ਹੈ।

ਨਾਟਕ ਦੇ ਪਹਿਲੇ ਐਕਟ ਦੀ ਛੇਵੀਂ ਝਾਕੀ ਫਿਰ ਨਾਟਕੀ-ਕਾਰਜ ਦੇ ਨਾਲ ਜਾ ਜੁੜਦੀ ਹੈ। ਰਾਣੀ ਜਿੰਦਾਂ ਸ਼ੇਖੂਪੁਰੇ ਦੇ ਕਿਲ੍ਹੇ ਵਿਚ ਨਜ਼ਰਬੰਦ ਹੈ। ਬਾਬੇ ਬਾਗ਼ੀ ਦੀ ਮਦਦ ਨਾਲ ਰਾਣੀ ਜਿੰਦਾਂ ਕਿਲ੍ਹੇ ਵਿਖੋਂ ਫਰਾਰ ਹੋਣ ਦਾ ਅਸਫਲ ਯਤਨ ਕਰਦੀ ਹੈ। ਇਥੇ ਉਨ੍ਹਾਂ ਦੀ ਜਾਮਾ ਤਲਾਸ਼ੀ ਦਾ ਜ਼ਿਕਰ ਹੈ। ਮੇਜਰ, ਬੇਗਮ ਦੇ ਰੂਪ ਵਿਚ ਰਾਣੀ ਜਿੰਦਾਂ ਅਤੇ ਉਸ ਦੀ ਗੋਲੀ ਦੇ ਰੂਪ ਵਿਚ ਸੰਤ ਮਹਾਰਾਜ ਸਿੰਘ ਦੇ ਸੇਵਕ ਬਾਗ਼ੀ ਨੂੰ ਵੇਖਕੇ ਬਹੁਤ ਹੈਰਾਨ ਹੁੰਦਾ ਹੈ। ਬਾਬਾ ਬਾਗ਼ੀ ਭੇਸ ਵਟਾ ਕੇ, ਰਾਣੀ ਜਿੰਦਾਂ ਨੂੰ ਨਸਾਣ ਲਈ ਆਇਆ ਸੀ। ਇਤਨੇ ਨੂੰ ਹਰਕਾਰਾ ਰੈਜ਼ੀਡੈਂਟ ਫ਼ਰੈਡਰਿਕ ਕਰੀ ਦਾ ਲਿਖਤੀ ਹੁਕਮ ਮੇਜਰ ਨੂੰ ਦੇਂਦਾ ਹੈ ਜਿਸ ਦੇ ਮੁਤਾਬਕ, ਮੁਲਤਾਨ ਦੀ ਬਗ਼ਾਵਤ ਵਿਚ ਰਾਣੀ ਜਿੰਦਾਂ ਦੀ ਸਾਜਿਸ਼ ਸਾਬਤ ਹੋ ਚੁੱਕੀ ਹੈ ਅਤੇ ਉਸ ਨੂੰ ਦੇਸ਼ ਨਿਕਾਲੇ ਦਾ ਹੁਕਮ ਦਿੱਤਾ ਗਿਆ ਹੈ। ਜੇ ਉਹ ਫਿਰ ਵੀ ਬਾਜ਼ ਨਾ ਆਏ ਤਾਂ ਉਸ ਨੂੰ ਖੌਫ਼ਨਾਕ ਭੋਰਿਆਂ ਵਿਚ ਕੈਦ ਕੀਤਾ ਜਾਵੇ। ਨਾਟਕ ਦੇ ਦੂਜੇ ਐਕਟ ਦੀ ਪਹਿਲੀ ਝਾਕੀ ਵਿਚੋਂ ਰਾਣੀ ਜਿੰਦਾਂ ਦੇ ਕਿਲ੍ਹੇ ਵਿਚੋਂ ਫਰਾਰ ਹੋ ਜਾਣ ਦੀ ਸਾਨੂੰ ਸੂਚਨਾ ਮਿਲਦੀ ਹੈ।

ਨਾਟਕ ਦੇ ਦੂਸਰੇ ਐਕਟ ਦੀਆਂ ਪੰਜ ਝਾਕੀਆਂ ਹਨ ਅਤੇ ਜਿਨ੍ਹਾਂ ਪੰਜਾਂ ਝਾਕੀਆਂ ਰਾਹੀਂ ਨਾਟਕੀ-ਕਾਰਜ ਬੜੀ ਤੇਜ਼ ਗਤੀ ਨਾਲ ਆਪਣੇ ਮੂਲ ਪ੍ਰਯੋਜਨ ਦੀ ਸਿੱਧੀ ਲਈ ਅੱਗੇ ਵਧਦਾ ਹੈ। ਇਕ ਤੋਂ ਬਾਅਦ ਦੂਜੀ ਘਟਨਾ, ਇਕ ਦੂਜੀ ਦੇ ਨਾਲ ਕਾਰਜ-ਕਰਨ ਸੰਬੰਧਾਂ ਵਿਚ ਬੱਝਕੇ ਪੇਸ਼ ਹੁੰਦੀ ਹੈ ਅਤੇ ਨਾਟਕ ਦੇ ਪਹਿਲੇ ਪ੍ਰਭਾਵ ਨੂੰ ਹੋਰ ਸੰਘਣਾ ਕਰਦੀ ਚਲੀ

ਜਾਂਦੀ ਹੈ। ਓਪਰੀ-ਨਜ਼ਰੇ ਵੇਖਿਆਂ ਪਤਾ ਚਲਦਾ ਹੈ ਕਿ ਨਾਟਕੀ ਸੰਘਰਸ਼ ਮੂਲ ਰੂਪ ਵਿਚ ਦੋ ਧਿਰਾਂ ਦੇ ਵਿਚਕਾਰ ਹੈ। ਇਕ ਧਿਰ ਕੰਪਨੀ ਹਕੂਮਤ ਦੀ ਹੈ ਅਤੇ ਦੂਸਰੀ ਧਿਰ ਸਹਿਜੇ ਸਹਿਜੇ ਖ਼ਤਮ ਹੋ ਰਹੇ ਸਿੱਖ ਰਾਜ ਦੀ ਹੈ ਜਿਸ ਦੀ ਪ੍ਰਤੀਨਿਧਤਾ ਹੁਣ ਰਾਣੀ ਜਿੰਦਾਂ ਕਰ ਰਹੀ ਹੈ। ਕੰਪਨੀ ਦੀ ਹਕੂਮਤ ਨੂੰ ਪੰਜਾਬ ਵਿਚ ਜੇ ਕਿਸੇ ਕੋਲੋਂ ਖ਼ਤਰਾ ਹੈ ਤਾਂ ਉਹ ਸਿਰਫ਼ ਰਾਣੀ ਜਿੰਦਾਂ ਕੋਲੋਂ ਹੈ। ਕੰਪਨੀ ਹਕੂਮਤ ਦੀ ਨਜ਼ਰ ਵਿਚ ਰਾਣੀ ਜਿੰਦਾਂ ਪੰਜਾਬ ਵਿਚ ਸਭ ਤੋਂ ਜ਼ਿਆਦਾ ਸਿਆਸੀ ਸੂਝ ਬੂਝ ਰੱਖਣ ਵਾਲੀ, ਦਲੇਰ, ਨਿਡਰ, ਸ਼ਰਾਰਤੀ ਤੇ ਖ਼ਤਰਨਾਕ ਔਰਤ ਹੈ। ਉਸ ਨੂੰ ਕਾਬੂ ਕਰਨਾ ਅਤੇ ਉਸ ਦੀ ਹਰ ਸਾਜਿਸ਼ ਨੂੰ ਨਾਕਾਮ ਕਰਨਾ, ਅੰਗ੍ਰੇਜ਼ੀ ਹਕੂਮਤ ਦਾ ਹੁਣ ਪ੍ਰਮੁੱਖ ਉਦੇਸ਼ ਹੈ।

ਇਸ ਤੋਂ ਬਾਅਦ ਰਾਣੀ ਜਿੰਦਾਂ ਦੇ ਕਿਲ੍ਹਾ ਚੁਨਾਰ 'ਚੋਂ ਫਰਾਰ ਹੋ ਜਾਣ ਦੀ ਸੂਚਨਾ ਮਿਲਦੀ ਹੈ। ਅਗਲੀ ਝਾਕੀ ਵਿਚ ਰਾਣੀ ਜਿੰਦਾਂ ਉਦਾਸੀ ਸਾਧਣੀਆਂ ਦੇ ਭਗਵੇਂ ਭੇਸ ਵਿਚ ਆਪਣੀ ਦਾਸੀ ਹਰਗੋ ਦੇ ਨਾਲ ਔਝੜੇ ਰਾਹ 'ਤੇ ਪਈਆਂ ਦਿਸਦੀਆਂ ਹਨ। ਰਾਹ ਵਿਚ ਧਾੜਵੀ ਡਾਕੂਆਂ ਨਾਲ ਉਨ੍ਹਾਂ ਦਾ ਸੰਪਰਕ ਬਣਦਾ ਹੈ। ਇਸ ਤਰ੍ਹਾਂ ਔਝਤ ਥਾਵਾਂ 'ਚੋਂ ਦੀ ਲੰਘ ਕੇ, ਮੁਸ਼ਕਲਾਂ ਦਾ ਸਾਮ੍ਹਣਾ ਕਰਦੀਆਂ ਹੋਈਆਂ ਆਖ਼ਰ ਨੇਪਾਲ ਦੀ ਰਾਜਧਾਨੀ ਕਾਠਮੰਡੂ ਜਾ ਪੁੱਜਦੀਆਂ ਹਨ।

ਕਾਠਮੰਡੂ ਵਿਖੇ ਥਾਪਾਥਲੀ ਉੱਤੇ ਇਕ ਛੋਟੇ ਜਿਹੇ ਬੰਗਲੇ ਵਿਚ ਦੋਵੇਂ ਆਪਣਾ ਟਿਕਾਣਾ ਰਖਦੀਆਂ ਹਨ। ਪੰਜਾਬ ਦੇ ਪ੍ਰਸਿੱਧ ਬਾਗ਼ੀ ਚੇਤ ਸਿੰਘ ਤੇ ਮੀਆਂ ਮੁੱਲਾਂ ਵੀ ਉਥੇ ਪੁੱਜ ਜਾਂਦੇ ਹਨ। ਪੁੱਛਣ ਤੇ ਦੋਵੇਂ ਦਸਦੇ ਹਨ ਕਿ ਦੇਸ਼ ਦਾ ਹਾਲ ਤਾਂ ਠੀਕ ਹੀ ਹੈ, ਪਰ ਪੰਜਾਬ ਦਾ ਹਾਲ ਸਖ਼ਤ ਭੈੜਾ ਹੈ। ਕਿਉਂਕਿ, ਫ਼ਰੰਗੀ ਪੰਜਾਬ 'ਚ ਪੱਕੇ ਪੈਰ ਜਮਾ ਕੇ ਬੈਠ ਚੁੱਕੇ ਹਨ ਆਗੂ ਦੀ ਘਾਟ ਕਾਰਨ ਉਹ ਜਿੱਤੀ ਬਾਜ਼ੀ ਫਿਰ ਹਾਰ ਰਹੇ ਹਨ। ਉਨ੍ਹਾਂ ਨੂੰ ਸਰਕਾਰੀ ਏਲਚੀ ਰਾਣਾ ਜੰਗ ਬਹਾਦਰ ਸਿੰਘ ਦਾ ਸਰਕਾਰੀ ਸੰਦੇਸ਼ ਰਾਣੀ ਜਿੰਦਾਂ ਨੂੰ ਦੇਦਾ ਹੈ ਕਿ ਰੈਜ਼ੀਡੈਂਟ ਹੇਨਜ਼ੇ ਨੇ ਇਤਲਾਹ ਦਿੱਤੀ ਹੈ ਕਿ ਪੰਜਾਬ ਤੋਂ ਖ਼ਤਰਨਾਕ ਬਾਗ਼ੀ ਇਥੇ ਪੁੱਜੇ ਹੋਏ ਹਨ। ਉਹ ਤੁਹਾਡੀ ਨਿਗਰਾਨੀ ਲਈ ਗੋਰੇ ਪਹਿਰੇਦਾਰ ਤੈਨਾਤ ਕਰਨਾ ਚਾਹੁੰਦਾ ਹੈ। ਉਧਰ ਨੇਪਾਲੀ ਸਰਕਾਰ ਨੂੰ ਖ਼ਤਰਾ ਹੈ ਜੇਕਰ ਕੋਈ ਬਾਗ਼ੀ ਇਥੋਂ ਪਕੜਿਆ ਗਿਆ ਤਾਂ ਨੇਪਾਲੀ ਸਰਕਾਰ ਦੀ ਕੰਪਨੀ ਨਾਲ ਵਿਗੜ ਜਾਵੇਗੀ। ਰਾਣੀ ਜਿੰਦਾਂ ਦੋਹਾਂ ਬਾਗ਼ੀਆਂ ਨੂੰ ਭੇਸ ਵਟਾਂ ਕੇ ਛੁੱਪਣ ਲਈ ਕਹਿੰਦੀ ਹੈ ਅਤੇ ਤੂਸਰੀ ਤਰਫ਼, ਰਾਣਾ ਬਹਾਦਰ ਸਿੰਘ ਨੂੰ ਵਿਸ਼ਵਾਸ ਦਿਵਾਉਂਦਾ ਹੈ ਕਿ ਉਹ ਇਹੋ ਜਿਹਾ ਕੋਈ ਕੰਮ ਨਹੀਂ ਕਰੇਗੀ ਜਿਸ ਨਾਲ ਨੇਪਾਲ ਦੀ ਹੱਤਕ ਹੋਵੇ। ਉਹ ਨੇਪਾਲ ਸਰਕਾਰ ਦੀ ਬਹੁਤ ਅਹਿਸਾਨਮੰਦ ਹੈ ਜਿਸ ਨੇ ਔਖੀ ਘੜੀ ਵਿਚ ਉਸ ਨੂੰ ਸ਼ਰਣ ਦਿੱਤੀ ਹੈ। ਇਥੇ ਹੀ ਨਾਟਕਕਾਰ ਆਪਣੇ ਮੰਤਵ ਦੀ ਸਿੱਧੀ ਲਈ ਚੇਤ ਸਿੰਘ ਤੇ ਮੀਆਂ ਮੁੱਲਾਂ ਦੇ ਮੂੰਹੋਂ ਰਾਣੀ ਜਿੰਦਾਂ ਦਾ ਗੁਣ-ਗਾਇਨ ਕਰਵਾਉਂਦਾ ਹੈ ਜਿਵੇਂ ਕਿ :-

"ਮਹਾਰਾਣੀ ਜੀ, ਤੁਹਾਡੇ ਲਾਸਾਨੀ ਕਾਰਨਾਮੇ ਪੰਜਾਬ ਦਾ ਸਿਰ ਸਦਾ ਲਈ ਉੱਚਾ ਰਖਣਗੇ।"

ਜਾਂ

"ਤੁਹਾਡੇ ਚੁਨਾਰ ਦੇ ਕਿਲ੍ਹੇ 'ਚੋਂ ਨਿਕਲਣ ਦੀ ਖ਼ਬਰ ਅੱਗ ਵਾਂਗ ਫੈਲੀ ਸੀ।"

"ਲੋਕਾਂ ਉੱਤੇ ਬੇਹਦ ਅਸਰ ਪਿਆ। ਹੁਣ ਤੱਕ ਅਸ਼ ਅਸ਼ ਕਰਦੇ ਨੇ।" (ਪੰਨਾ : 63)

ਅਗੋਂ ਰਾਣੀ ਜਿੰਦਾਂ ਕੋਲੋਂ ਵੀ ਉਹ (ਨਾਟਕਕਾਰ) ਇਉਂ ਅਖਵਾਉਂਦਾ ਹੈ "ਪੰਜਾਬ ਦੀ ਧਰਤੀ ਨੂੰ ਮੇਰੀ ਪਰਨਾਮ ਕਰਨੀ, ਉਸ ਦੀ ਛੋਹ ਨੂੰ ਮੈਂ ਦਿਨ-ਰਾਤ ਤਰਸਦੀ ਹਾਂ।" ਨਾਟਕਕਾਰ, ਇਹ ਸਭ ਕੁਝ ਆਪਣੀ ਪੂਰਵ ਮਿਥੀ ਯੋਜਨਾ ਦੇ ਤਹਿਤ ਕਰ ਰਿਹਾ ਹੈ। ਇਸ ਨਾਟਕ ਨੂੰ ਲਿਖਣ ਦਾ ਉਸਦਾ ਬੁਨਿਆਦੀ ਮਕਸਦ ਰਾਣੀ ਜਿੰਦਾਂ ਦੇ ਜਾਣ ਬੁਝਕੇ, ਇਕ ਸੋਚੀ ਸਮਝੀ ਸਾਜਿਸ਼ ਦੇ ਤਹਿਤ ਵਿਗਾੜੇ ਗਏ ਬਿੰਬ ਨੂੰ ਸੁਧਾਰ ਕੇ, ਨਾਟਕੀ-ਕਾਰਜ ਰਾਹੀਂ ਪੇਸ਼ ਕਰਨਾ ਹੈ।

ਨਾਟਕ ਦੀਆਂ ਆਖ਼ਰੀ ਦੋ ਝਾਕੀਆਂ ਰਾਹੀਂ ਨਾਟਕਕਾਰ ਰਾਣੀ ਜਿੰਦਾਂ ਦੀ ਮਹਾਰਾਜਾ ਦਲੀਪ ਸਿੰਘ ਕਲਕੱਤੇ ਸਪੈਨਸਿਜ਼ ਹੋਟਲ ਦੇ ਇਕ ਕਮਰੇ ਵਿਚ ਮੁਲਾਕਾਤ ਕਰਵਾਉਂਦਾ ਹੈ। ਦਲੀਪ ਸਿੰਘ ਉਸ ਨੂੰ ਵਲਾਇਤ ਲਿਜਾਣਾ ਚਾਹੁੰਦਾ ਹੈ ਪਰ ਉਹ ਦਲੀਪ ਸਿੰਘ ਨੂੰ ਪੰਜਾਬ ਦੀ ਧਰਤੀ ਵੱਲ ਮੁੜਨ ਲਈ ਪ੍ਰੇਰਦੀ ਹੈ। ਦੇਸ਼ ਨਿਕਾਲੇ, ਇਕੱਲਤਾ ਦੀ ਪੱਧਰ 'ਤੇ ਚੱਲਣ ਦੇ ਬਾਵਜੂਦ ਉਸ ਦੇ ਚਿਹਰੇ 'ਤੇ ਨਿਧੜਕਤਾ ਤੇ ਸ਼ਾਹੀ ਮਿਜਾਜ਼ ਕਾਇਮ ਹੈ। ਦੋਹਾਂ ਵਿਚਕਾਰ ਵਿਚਾਰਾਂ ਦੀ ਪੱਧਰ 'ਤੇ ਕਸ਼ਮਕਸ਼ ਹੁੰਦੀ ਹੈ। ਆਖ਼ਰ ! ਨਾ ਚਾਹੁੰਦੀ ਹੋਈ ਵੀ ਉਹ ਦਲੀਪ ਸਿੰਘ ਦੇ ਨਾਲ ਵਲਾਇਤ ਹੋ ਤੁਰਦੀ ਹੈ। ਨਾਟਕ ਦੀ ਆਖ਼ਰੀ ਝਾਕੀ ਵਿਚ ਰਾਣੀ ਜਿੰਦਾਂ, ਲੰਦਨ ਵਿਖੇ 'ਆਬਿੰਗਡਨ ਹਾਊਸ' ਦੇ ਇਕ ਕਮਰੇ ਵਿਚ, ਲੰਬੀ ਬੀਮਾਰੀ ਦੀ ਹਾਲਤ ਵਿਚ ਬੈਡ 'ਤੇ ਪਈ ਹੋਈ ਵਿਖਾਈ ਜਾਂਦੀ ਹੈ। ਉਸ ਦਾ ਅੰਤ ਸਮਾਂ ਨੇੜੇ ਆ ਚੁੱਕਾ ਹੈ। ਸਿਰਫ਼ ਦਲੀਪ ਸਿੰਘ ਦੀ ਉਡੀਕ ਹੋ ਰਹੀ ਹੈ। ਦਲੀਪ ਸਿੰਘ ਦੇ ਉਥੇ ਪੁੱਜਦੇ ਹੀ ਉਹ ਉਸ ਨੂੰ ਤਿੰਨ ਕੰਮ ਕਰਨ ਲਈ ਪ੍ਰੇਰਦੀ ਹੈ। ਇਹ ਕੰਮ ਹਨ : ਪਹਿਲਾ, ਛੇਤੀ ਤੋਂ ਛੇਤੀ ਉਹ ਸਿੱਖ ਧਰਮ ਕਬੂਲ ਲਵੇ, ਇਸ ਨਾਲ ਉਸਦਾ ਰੂਹਾਨੀ ਰਿਸ਼ਤਾ ਮੁੜ ਕੇ ਕਾਇਮ ਹੋ ਜਾਵੇਗਾ। ਦੂਸਰਾ, ਉਹ ਅਟਾਰੀ ਵਾਲਿਆਂ ਦੇ ਸ਼ਾਦੀ ਕਰ ਲਵੇ। ਇਸ ਨਾਲ ਉਸ ਦਾ ਪੰਜਾਬ ਦੇ ਨਾਲ ਨਾਤਾ ਮੁੜ ਜੁੜ ਜਾਵੇਗਾ। ਤੀਸਰਾ, ਉਹ ਉਸਦੇ ਸਸਕਾਰ ਦੇ ਬਹਾਨੇ ਪੰਜਾਬ ਜਾਵੇ ਅਤੇ ਮਹਾਰਾਜੇ ਦੀ ਸਮਾਧ ਦੇ ਕੋਲ ਲਾਹੌਰ ਵਿਚ ਉਸ ਦਾ ਸਸਕਾਰ ਕੀਤਾ ਜਾਵੇ ਅਤੇ ਉਸ ਦੇ ਫੁੱਲ ਰਾਵੀ ਵਿਚ ਜਲ ਪ੍ਰਵਾਹ ਕੀਤੇ ਜਾਣ।

ਇਉਂ, ਰਾਣੀ ਜਿੰਦਾਂ ਦੇ ਇਸ ਅਦੁੱਤੀ ਸੰਘਰਸ਼ ਦਾ ਇਹ ਵਿਸ਼ਾ, ਨਾਟਕੀ-ਕਾਰਜ ਰਾਹੀਂ ਪੇਸ਼ ਹੋਇਆ ਹੈ। ਇਸ ਨਾਟਕ ਰਾਹੀਂ ਉਹ ਇਕ ਅਦੁੱਤੀ ਵੀਰ-ਨਾਇਕਾ ਦੇ ਰੂਪ ਵਿਚ ਉੱਭਰ ਕੇ ਸਾਮ੍ਹਣੇ ਆਉਂਦੀ ਹੈ। ਜਿਸ ਨੂੰ ਪੰਜਾਬ ਦੀ ਧਰਤੀ ਨਾਲ ਅੰਤਾਂ ਦਾ ਮੋਹ ਸੀ।

'ਰਾਣੀ ਜਿੰਦਾਂ' ਨਾਟਕ ਦੀ ਮੂਲ ਸਮੱਸਿਆ

ਜਿਵੇਂ ਕਿ ਇਸ ਪਾਠ ਦੇ ਮੁੱਢ ਵਿਚ ਦਸਿਆ ਗਿਆ ਸੀ ਕਿ ਕਿਸੇ ਵੀ ਸਾਹਿਤਕ-ਰਚਨਾਂ ਦੀ ਮੂਲ 'ਸਮੱਸਿਆ' ਦਾ ਉਸ ਦੇ 'ਵਿਸ਼ੇ-ਵਸਤੂ' ਨਾਲ ਡੂੰਘਾ ਸੰਬੰਧ ਹੁੰਦਾ ਹੈ। ਦੂਸਰੇ ਸ਼ਬਦਾਂ ਵਿਚ, ਲੇਖਕ ਦਾ ਉਦੇਸ਼, ਮੰਤਵ ਜਾਂ ਮਕਸਦ ਹੀ, ਉਸ ਰਚਨਾ ਦੀ ਸਮੱਸਿਆ ਬਣ ਕੇ ਪੇਸ਼ ਹੁੰਦੀ ਹੈ। ਇਸ ਵਿਚਾਰ ਨੂੰ ਅਸੀਂ ਇਉਂ ਵੀ ਪੇਸ਼ ਕਰ ਸਕਦੇ ਹਾਂ ਕਿ ਕਿਸੇ ਰਚਨਾਂ ਦੇ ਉਦੇਸ਼ ਜਾਂ ਸਮੱਸਿਆ ਦੀ ਪੂਰਤੀ, ਉਸ ਦੇ ਵਿਸ਼ੇ-ਵਸਤੂ ਦੀ ਮਦਦ ਨਾਲ ਹੁੰਦੀ ਹੈ। ਠੀਕ ਇਸੇ ਤਰ੍ਹਾਂ 'ਰਾਣੀ ਜਿੰਦਾਂ' ਨਾਟਕ ਦੀ ਮੂਲ ਸਮੱਸਿਆ ਨੂੰ ਵੀ ਸਮਝਿਆ ਜਾ ਸਕਦਾ ਹੈ। ਇਸ ਨਾਟਕ ਦੇ ਲੇਖਕ ਡਾ: ਹਰਚਰਨ ਸਿੰਘ ਨੇ ਇਸ ਨਾਟਕ ਦੀ ਭੂਮਿਕਾ "ਨਾਟਕ ਬਾਰੇ : ਦੋ ਸ਼ਬਦ" ਵਿਚ, ਇਸ ਨਾਟਕ ਨੂੰ ਲਿਖਣ ਦੀ ਪ੍ਰੇਰਣਾ ਅਤੇ ਉਦੇਸ਼ ਬਾਰੇ ਕੁਝ ਮਹੱਤਵਪੂਰਣ ਗੱਲਾਂ ਕਹੀਆਂ ਹਨ। ਵਿਦਿਆਰਥੀਓ! ਤੁਸੀਂ ਜਦੋਂ ਇਸ ਨਾਟਕ ਦਾ ਪਾਠ ਕਰੋ ਜਾਂ ਇਸ ਦਾ ਅਧਿਐਨ ਕਰੋ ਤਾਂ ਨਾਟਕ ਦੀ ਭੂਮਿਕਾ ਨੂੰ ਵੀ ਜ਼ਰੂਰ ਪੜ੍ਹੋ। ਇਸ ਵਿਚ ਅੰਕਿਤ ਕੀਤੇ ਗਏ ਨਾਟਕਕਾਰ ਦੇ ਵਿਚਾਰਾਂ ਨੂੰ ਆਪਣੇ ਮਨ ਵਿਚ ਵਸਾਉ। ਇੰਝ ਕਰਨ ਨਾਲ ਤੁਹਾਨੂੰ ਸੰਬੰਧਤ ਰਚਨਾ ਨੂੰ ਸਮਝਣ ਵਿਚ ਕਾਫੀ ਮਦਦ ਮਿਲੇਗੀ। ਕਈ ਵਾਰ ਇਮਤਿਹਾਨ ਵਿਚ ਸੰਬੰਧਤ ਰਚਨਾ ਦੀ ਭੂਮਿਕਾ ਦੇ ਆਧਾਰ ਤੇ ਪ੍ਰਸ਼ਨ ਵੀ ਪੁੱਛ ਲਿਆ ਜਾਂਦਾ ਹੈ।

ਰਾਣੀ ਜਿੰਦਾਂ ਨਾਟਕ ਦੇ ਅਧਿਐਨ ਤੋਂ ਇਹ ਪਤਾ ਚਲਦਾ ਹੈ ਕਿ ਇਸ ਨਾਟਕ ਦੀ ਮੂਲ ਸਮੱਸਿਆ, ਸਿੱਖ ਰਾਜ ਦੇ ਖ਼ਾਤਮੇ ਨਾਲ ਸੰਬੰਧਤ ਘਟਨਾਵਾਂ ਨੂੰ ਨਾਟਕ ਦੇ ਰੂਪ ਵਿਚ ਪੇਸ਼ ਕਰਨਾ ਨਹੀਂ, ਸਗੋਂ ਰਾਣੀ ਜਿੰਦਾਂ ਬਾਰੇ ਪੈਦਾ ਕੀਤੀਆਂ ਗਈਆਂ ਗ਼ਲਤ-ਫਹਿਮੀਆਂ ਨੂੰ ਦੂਰ ਕਰਕੇ, ਉਸ ਦੇ ਅਸਲੀ ਬਿੰਬ ਨੂੰ ਉਭਾਰਣ ਨਾਲ ਸੰਬੰਧ ਰਖਦੀ ਹੈ। ਇਸ ਦੀ ਪ੍ਰੇਰਣਾ ਉਸ ਨੂੰ ਰਾਣੀ ਜਿੰਦਾ ਦੀ ਇਕ ਗੁਪਤ ਚਿੱਠੀ ਤੋਂ ਮਿਲੀ ਜੋ ਉਸ ਨੇ ਸ਼ੇਖੂਪੁਰੇ ਦੇ ਕਿਲ੍ਹੇ ਦੀ ਕੈਦ ਵਿਚੋਂ ਰਾਜਾ ਸ਼ੇਰ ਸਿੰਘ ਅਟਾਰੀ ਦੇ ਨਾਂ ਲਿਖੀ ਸੀ। ਇਸ ਚਿੱਠੀ 'ਚੋਂ ਰਾਣੀ ਜਿੰਦਾਂ ਦਾ ਚਰਿੱਤਰ ਤੇ ਸੁਭਾਅ ਪ੍ਰਗਟ ਹੁੰਦਾ ਹੈ। ਦ੍ਰਿੜਤਾ, ਨਿਡਰਤਾ, ਸੈਮਾਨ, ਆਤਮ-ਵਿਸ਼ਵਾਸ ਅਤੇ ਪੰਜਾਬ ਦੀ ਮਿੱਟੀ ਨਾਲ ਅੰਤਾਂ ਦਾ ਮੋਹ-ਉਸ ਦੀ ਸ਼ਖ਼ਸੀਅਤ ਪ੍ਰਮੁੱਖ ਗੁਣ, ਨਾਟਕਕਾਰ ਡਾ. ਹਰਚਰਨ ਸਿੰਘ ਨੂੰ ਉਸ ਚਿੱਠੀ ਵਿਚੋਂ ਮਿਲੇ। ਉਸ ਚਿੱਠੀ ਨੂੰ ਪੜ੍ਹ ਕੇ ਡਾ. ਹਰਚਰਨ ਸਿੰਘ ਨੂੰ ਇਉਂ ਲੱਗਿਆ ਜਿਵੇਂ ਇਕ ਨਿਪੁੰਨ ਨੀਤੀਵਾਨ ਅਤੇ ਕਲਮ ਦਾ ਧਨੀ ਆਪਣੇ ਕਿਸੇ ਜਰਨੈਲ ਦੇ ਕਾਰਨਾਮਿਆਂ ਨੂੰ ਸਲਾਹ ਵੀ ਰਿਹਾ ਹੈ ਅਤੇ ਦ੍ਰਿੜਤਾ ਤੇ ਦੇਸ਼-ਭਗਤੀ ਦਾ ਸਬਕ ਵੀ ਸਿਖਾ ਰਿਹਾ ਹੈ। ਉਹ ਚਿੱਠੀ ਇਸ ਤਰ੍ਹਾਂ ਆਰੰਭ ਹੁੰਦੀ ਹੈ :-

> "ਲਿਖਤੁਮ ਬੀਬੀ ਸਾਹਿਬ ਜੋਗ ਸ਼ੇਰ ਸਿੰਘ ਅਟਾਰੀ। ਤੇਰੀ ਸੂਰਮਗਤੀ ਤੋਂ ਸੌ ਸੌ ਵਾਰ ਬਲਿਹਾਰ। ਜਦ ਤਕ ਧਰਤੀ ਤੇ ਆਕਾਸ਼ ਕਾਇਮ ਹਨ, ਲੋਕ ਤੇਰੀ ਪ੍ਰਸਿੱਧੀ ਦਾ ਚਰਚਾ ਕਰਦੇ ਰਹਿਣਗੇ। ਇਹਨਾਂ ਮਲੇਛਾਂ ਦੇ ਵਿਰੁੱਧ ਉਹ ਚਾਲਬਾਜ਼ੀਆਂ ਤੇ ਫਰੇਬ ਵਰਤੇ ਜੋ ਉਹ ਸਾਡੇ ਵਿਰੁੱਧ ਵਰਤਦੇ ਰਹੇ ਹਨ। ਸਭ ਤੋਂ ਵੱਡੀ ਗੱਲ ਨਿਸ਼ਚੇ ਦੇ ਪੱਕੇ ਰਹੋ.... ਮੇਰਾ ਧਿਆਨ ਦਿਨ ਰਾਤ ਪੰਜਾਬ ਵੱਲ ਰਹਿੰਦਾ ਹੈ।"

ਅੱਗੇ ਚਲਕੇ ਡਾ. ਹਰਚਰਨ ਸਿੰਘ ਲਿਖਦਾ ਹੈ ਕਿ ਲਾਰਡ ਐਲਬਨਰੋ, ਹੈਨਰੀ ਹਾਰਡਿੰਗ, ਹੈਨਰੀ ਲਾਰੰਸ : ਲਾਰਡ ਡਲਹੌਜ਼ੀ ਲੇਡੀ ਲੋਗਨ ਤੇ ਹੋਰ ਦਰਜਨਾਂ ਵਿਦੇਸ਼ੀ ਸ਼ਾਸਕਾਂ ਤੇ ਵਿਦਵਾਨਾਂ ਦੀਆਂ ਰਾਣੀ ਜਿੰਦਾਂ ਬਾਰੇ ਗੁਪਤ ਜਾਂ ਜ਼ਾਹਰਾ ਰਾਵਾਂ, ਇਸ ਚਿੱਠੀ ਦੇ ਮਜ਼ਮੂਨ ਨਾਲ ਮੇਲ ਖਾਂਦੀਆਂ ਹਨ। ਇਸ ਸੰਬੰਧੀ ਸਭ ਦੀ ਸਾਂਝੀ ਰਾਏ ਇਹ ਹੈ ਕਿ ਰਾਣੀ ਜਿੰਦਾਂ, ਪੰਜਾਬ ਵਿਚ ਸਭ ਤੋਂ ਵੱਧ ਸਿਆਸੀ ਸੂਝ ਰੱਖਣ ਵਾਲੀ ਦਲੇਰ, ਸਿਰੜੀ ਪਰ ਖ਼ਤਰਨਾਕ ਤੇ ਸਾਜ਼ਸ਼ੀ ਔਰਤ ਹੈ। ਜਦੋਂ ਵੀ ਦੋ ਦੇਸ਼ਾਂ ਵਿ ਜੰਗ ਛਿੜਦੇ ਹਨ ਤਾਂ ਸਭ ਤੋਂ ਪਹਿਲਾਂ ਕਤਲ ਸੱਚ ਦਾ ਹੁੰਦਾ ਹੈ। ਝੂਠੀਆਂ ਅਫ਼ਵਾਹਾਂ, ਤੱਥਾਂ ਦੀ ਥਾਂ ਮੱਲ ਲੈਂਦੀਆਂ ਹਨ। ਪਰਜਾ ਦਾ ਧਰਮ, ਸਭਿਆਚਾਰ ਤੇ ਇਤਿਹਾਸ ਵਿਗਾੜਣ, ਵਿਦੇਸ਼ੀ ਹਾਕਮਾਂ ਦੀ ਰਾਜਨੀਤੀ ਦਾ ਜ਼ਰੂਰੀ ਅੰਗ ਹੁੰਦਾ ਹੈ। ਡਾ. ਹਰਚਰਨ ਸਿੰਘ ਨੂੰ ਇਸ ਗੱਲ ਦਾ ਸਖ਼ਤ ਅਫਸੋਸ ਹੈ ਕਿ ਸਾਡੇ ਇਤਿਹਾਸਕਾਰਾਂ ਤੇ ਵਿਦਵਾਨਾਂ ਨੇ ਵੀ ਅੰਨ੍ਹੇ ਵਾਹ ਵਿਦੇਸ਼ੀ ਹਵਾਲਿਆਂ ਦੇ ਆਧਾਰ 'ਤੇ ਰਾਣੀ ਜਿੰਦਾਂ ਨੂੰ ਮੂੜ੍ਹ, ਉਜੱਡ, ਕਮ-ਅਕਲ, ਨਿਕਟ-ਦ੍ਰਿਸ਼ਟੀ ਅਤੇ ਨੀਵੇਂ ਆਚਰਣ ਵਾਲੀ ਸਾਧਾਰਣ ਇਸਤਰੀ ਸਾਬਤ ਕਰਨ ਦੇ ਯਤਨ ਕੀਤੇ ਹਨ। ਉਨ੍ਹਾਂ ਦੀ ਨਜ਼ਰ ਵਿਚ ਸ਼ਾਇਦ ਹੀ ਸੰਸਾਰ ਦੇ ਕਿਸੇ ਹੋਰ ਦੇਸ਼ ਵਿਚ ਆਪਣੀ ਵੀਰ-ਨਾਇਕਾ ਨਾਲ ਅਜਿਹਾ ਭੱਦਾ ਸਲੂਕ ਕੀਤਾ ਗਿਆ ਹੋਵੇ।

ਬੁਨਿਆਦੀ ਤੌਰ 'ਤੇ 'ਰਾਣੀ ਜਿੰਦਾਂ' ਨਾਟਕ ਦੀ ਮੂਲ ਸਮੱਸਿਆ ਵੀ ਇਹੋ ਹੀ ਹੈ। ਸੰਨ 1839 ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਮਗਰੋਂ, ਲਾਹੌਰ ਦਰਬਾਰ ਖ਼ਾਨਾ-ਜੰਗੀ ਦਾ ਕੇਂਦਰ ਬਣ ਗਿਆ। ਸੰਨ 1843 ਵਿਚ ਜਦੋਂ ਰਾਜਕੁਮਾਰ ਬਾਲ ਦਲੀਪ ਸਿੰਘ ਸ਼ਾਹੀ ਤਖ਼ਤ 'ਤੇ ਬੈਠਿਆ ਤਾਂ ਉਦੋਂ ਖ਼ਾਲਸਾ ਰਾਜ ਅਤੇ ਲਾਹੌਰ ਦਰਬਾਰ ਦੇ ਹਾਲਾਤ ਇਤਨੇ ਬੇਕਾਰ ਹੋ ਚੁੱਕੇ ਹੋਏ ਸਨ ਕਿ ਉਨ੍ਹਾਂ ਨੂੰ ਸੁਲਝਾਣਾ ਕਿਸੇ ਹਾਰੀਸਾਰੀ ਦਾ ਕੰਮ ਨਹੀਂ ਸੀ। ਫੌਜ ਦਾ ਸਾਰਾ ਪ੍ਰਬੰਧ, ਫੌਜੀ ਪੰਚਾਇਤ

ਦੇ ਹੱਥਾਂ ਵਿਚ ਜਾ ਚੁੱਕਿਆ ਸੀ। ਰਾਣੀ ਜਿੰਦਾਂ ਤੇ ਖ਼ਾਲਸਾ ਦਰਬਾਰ ਦੇ ਸੂਝਵਾਨ ਵਜ਼ੀਰ ਬੇਵੱਸ ਸਨ। ਫੌਜੀ ਪੰਚਾਇਤ ਹੁਕਮ ਨਾਲ ਰਾਣੀ ਜਿੰਦਾਂ ਦੇ ਭਰਾ ਜਵਾਹਰ ਸਿੰਘ ਵਜ਼ੀਰੇ ਆਜ਼ਮ ਨੂੰ, ਉਸ ਦੀਆਂ ਅੱਖਾਂ ਸਾਹਮਣੇ ਬੜੀ ਬੇਰਹਿਮੀ ਨਾਲ ਕਤਲ ਕੀਤਾ ਗਿਆ। ਰਾਣੀ ਜਿੰਦਾਂ ਤੇ ਉਸ ਦੇ ਪੁੱਤਰ ਦਲੀਪ ਸਿੰਘ ਨੂੰ ਤਖ਼ਤ ਤੋਂ ਅਲਹਿਦਾ ਕਰਨ ਦੀ ਧਮਕੀ ਦਿੱਤੀ ਗਈ।ਅੰਗ੍ਰੇਜ਼ਾਂ ਨਾਲ ਲੜਾਈ ਛੇੜਣ ਦਾ ਗੁਰਮਤਾ ਵੀ ਫੌਜੀ ਪੰਚਾਇਤ ਨੇ ਹੀ ਕੀਤਾ ਸੀ, ਪਰ ਉਸ ਨੂੰ ਰਾਣੀ ਜਿੰਦਾਂ ਦੇ ਸਿਰ ਮੜ ਕੇ ਉਸ ਨੂੰ ਖ਼ੂਬ ਬਦਨਾਮ ਕੀਤਾ ਗਿਆ।

ਇਸ ਨਾਟਕ ਵਿਚ ਡਾ. ਹਰਚਰਨ ਸਿੰਘ ਨੇ ਰਾਣੀ ਜਿੰਦਾਂ ਦਾ ਰੋਲ ਭੈਰੋਵਾਲ ਦੇ ਅਹਿਦਨਾਮੇ (ਸੰਧੀਨਾਮੇ) ਤੋਂ ਬਾਅਦ ਲਿਆ ਗਿਆ ਹੈ। ਖ਼ਾਸ ਕਰਕੇ, ਜਦੋਂ ਉਸ ਨੂੰ ਨਿਸ਼ਚਾ ਹੋ ਜਾਂਦਾ ਹੈ ਕਿ ਫ਼ਰੰਗੀਆਂ ਦੀ ਬਦਨੀਤ ਪੰਜਾਬ ਨੂੰ ਹੜੱਪ ਕਰਨ ਦੀ ਹੈ ਅਤੇ ਉਹ ਪੰਜਾਬ ਉੱਪਰ ਮੁਕੰਮਲ ਕਬਜ਼ਾ ਕਰਨ ਲਈ ਸਿਰਫ ਬਹਾਨਾ ਢੂੰਡ ਰਹੇ ਹਨ। ਇਹ ਭੇਤ ਖੁੱਲ੍ਹਣ 'ਤੇ ਉਹ ਉਸ ਵਕਤ ਦੀ ਦੁਨੀਆਂ ਦੀ ਸਭ ਤੋਂ ਵੱਡੀ ਸ਼ਕਤੀਸ਼ਾਲੀ ਤਾਕਤ ਨਾਲ ਟੱਕਰ ਲੈਣ ਲਈ ਤਿਆਰ ਹੋ ਜਾਂਦੀ ਹੈ। ਇਹ ਦਰੁਸਤ ਹੈ ਕਿ ਸਵਾਲ ਜਿੱਤ ਹਾਰ ਦਾ ਨਹੀਂ ਸੀ। ਡਾ. ਹਰਚਰਨ ਸਿੰਘ ਦੇ ਅਨੁਸਾਰ, ਜਿਸ ਦ੍ਰਿੜਤਾ, ਨਿਡਰਤਾ ਅਤੇ ਦਲੇਰੀ ਨਾਲ ਉਹ ਉਮਰ ਭਰ ਜਦੋ-ਜਹਿਦ ਕਰਦੀ ਰਹੀ, ਉਸ ਦੀ ਸੂਰਮਗਤੀ ਭਾਰਤ ਦੇ ਇਤਿਹਾਸ ਵਿਚ ਲਾਸਾਨੀ ਹੈ। ਅਪਣੀ ਉਮਰ ਦਾ ਇਕ ਲੰਬਾ ਸਮਾਂ ਉਸ ਨੇ ਜੇਲ੍ਹਾਂ ਦੀਆਂ ਕਾਲ-ਕੋਠੜੀਆਂ ਵਿਚ ਗੁਜ਼ਾਰਿਆ। ਘੋਰ ਤਸੀਹੇ ਸਹਿ ਕੇ ਵੀ, ਉਸ ਨੇ ਦਿਲ ਨਾ ਛੱਡਿਆ। ਉਸ ਵਕਤ ਦੀ ਸੰਸਾਰ ਦੀ ਸਭ ਤੋਂ ਸ਼ਕਤੀਸ਼ਾਲੀ ਤਾਕਤ ਨੂੰ ਵੰਗਾਰਨਾ ਕੋਈ ਸਾਧਾਰਣ ਗੱਲ ਨਹੀਂ ਸੀ। ਨਾਟਕਕਾਰ ਦੀ ਨਜ਼ਰ ਵਿਚ ਉਹ ਭਾਰਤ ਦੀ ਪਹਿਲੀ ਸੁਤੰਤਰਤਾ ਸੰਗਰਾਮੀ ਹੈ। ਸਵਾਸਾਂ ਦੇ ਅੰਤਲੇ ਸਮੇ ਤੱਕ ਉਹ ਆਪਣੇ ਇਰਾਦੇ ਵਿਚ ਦ੍ਰਿੜ ਤੇ ਅਟੱਲ ਰਹਿੰਦੀ ਹੈ। ਉਸ ਦੀ ਦਲੇਰੀ ਤੇ ਦੇਸ਼ ਭਗਤੀ ਦਾ, ਦਲੀਪ ਸਿੰਘ ਦੇ ਜੀਵਨ ਤੇ ਵਿਚਾਰਾਂ ਉਪਰ ਜ਼ਾਹਿਰਾ ਅਸਰ ਪੈਂਦਾ ਹੈ। ਇਸ ਅਦੁੱਤੀ ਵੀਰ ਨਾਇਕਾ ਦੇ ਕਾਰਨਾਮਿਆਂ, ਉਸ ਦੀ ਦਲੇਰੀ, ਨਿਡਰਤਾ, ਸਵੈਮਾਣ, ਆਤਮ-ਵਿਸ਼ਵਾਸ ਅਤੇ ਪੰਜਾਬ ਦੀ ਧਰਤੀ ਪ੍ਰਤੀ ਉਸ ਦੇ ਅੰਤਾਂ ਦੇ ਮੋਹ ਨੂੰ ਪੇਸ਼ ਕਰਨ ਲਈ ਹੀ ਇਸ ਨਾਟਕ ਦੀ ਰਚਨਾ ਕੀਤੀ ਗਈ। ਅਤੇ ਇਹੋ ਨਾਟਕ ਦੀ ਮੂਲ ਸਮੱਸਿਆ ਹੈ।

ਡਾ. ਹਰਚਰਨ ਸਿੰਘ ਨੇ 'ਰਾਣੀ ਜਿੰਦਾਂ' ਨਾਟਕ ਦੀ ਭੂਮਿਕਾ 'ਨਾਟਕ ਬਾਰੇ : ਦੋ ਸ਼ਬਦ' ਵਿਚ, ਇਸ ਨਾਟਕ ਨੂੰ ਲਿਖਣ ਦੀ ਪ੍ਰੇਰਣਾ ਬਾਰੇ ਕੋ ਕੁਝ ਵੀ ਕਿਹਾ ਹੈ, ਉਸੇ ਨੂੰ ਹੀ ਸਿਰਜਣਾਤਮਕ ਪੱਧਰ 'ਤੇ ਨਾਟਕੀ ਰੂਪ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਰਾਣੀ ਜਿੰਦਾਂ ਦੇ ਬਾਰੇ ਵਿਚ ਡਾ. ਹਰਚਰਨ ਸਿੰਘ ਦਾ ਆਪਣਾ ਵੱਖਰਾ ਦ੍ਰਿਸ਼ਟੀਕੋਣ ਹੈ ਜੋ ਵਿਦੇਸ਼ੀ ਹਵਾਲਿਆਂ ਨਾਲ ਲਿਖੇ ਗਏ ਇਤਹਾਸਾਂ ਅਤੇ ਹੋਰ ਲਿਖਤਾਂ (ਜਿਨ੍ਹਾਂ ਵਿਚ ਸ਼ਾਹ ਮੁਹੰਮਦ ਦਾ ਜੰਗਨਾਮਾ ਵੀ ਸ਼ਾਮਲ ਹੈ) ਨਾਲੋਂ ਭਿੰਨ ਹੈ। ਆਪਣੇ ਇਸੇ ਵੱਖਰੇ ਦ੍ਰਿਸ਼ਟੀਕੋਣ ਨੂੰ ਹੀ ਉਸ ਨੇ ਇਥੇ ਨਾਟਕੀ-ਰੂਪਾਂਤਰਣ (dramatic-transformtion) ਦੇਣ ਦੀ ਸਫ਼ਲ ਕੋਸ਼ਿਸ਼ ਕੀਤੀ ਹੈ। ਭਿੰਨ ਭਿੰਨ ਨਾਟਕੀ ਜੁਗਤਾਂ (diamatic devices), ਵਿਧੀਆਂ ਤੇ ਤਕਨੀਕਾਂ ਦੀ ਮਦਦ ਨਾਲ ਉਹ ਆਪਣੇ ਵਿਸ਼ੇ-ਵਸਤੂ (subject matter) ਨੂੰ ਇਸ ਨਾਟਕ ਦੇ ਰੂਪ ਵਿਚ ਸੰਗਠਿਤ ਕਰਦਾ ਹੈ। ਇਸ ਵਿਸ਼ੇ ਵਸਤੂ ਵਿਚੋਂ ਇਸ ਨਾਟਕ ਦੀ ਮੂਲ ਸਮੱਸਿਆ ਨੂੰ ਉਭਾਰਿਆ ਜਾ ਸਕਦਾ ਹੈ। ਇਸ ਕਾਰਜ ਲਈ ਨਾਟਕ ਦੇ ਮੂਲ-ਪਾਠ ਅਤੇ ਭੂਮਿਕਾ ('ਨਾਟਕ ਬਾਰੇ : ਦੋ ਸ਼ਬਦ') ਦਾ ਡੂੰਘਾ ਅਧਿਐਨ ਲਾਜ਼ਮੀ ਹੈ।

ਪਾਠ-4

ਪਾਤਰ-ਚਿਤਰਣ ਕਲਾ ਤੇ 'ਰਾਣੀ ਜਿੰਦਾਂ' ਦੇ ਪ੍ਰਮੁੱਖ ਪਾਤਰ

ਨਾਟਕ ਵਿਚ ਪਾਤਰ ਚਿਤਰਣ : ਨਾਟਕ ਇਕ ਅਜਿਹਾ ਸਾਹਿਤ ਰੂਪ ਹੈ ਜਿਸ ਵਿਚ ਦੂਸਰੇ ਸਾਹਿਤ-ਰੂਪਾਂ (ਨਾਵਲ, ਨਿੱਕੀ ਕਹਾਣੀ, ਕਵਿਤਾ, ਵਾਰਤਕ ਆਦਿ) ਦੇ ਮੁਕਾਬਲੇ ਵਿਚ ਪਾਤਰ-ਚਿਤਰਣ (characterization) ਨੂੰ ਵਿਸ਼ੇਸ਼ ਮਹੱਤਵ ਪ੍ਰਾਪਤ ਹੈ। ਕਿਉਂਕਿ, ਨਾਟਕ ਨੂੰ ਆਮ ਤੌਰ 'ਤੇ ਅਸੀਂ 'ਦਰਸ਼ਨੀ ਕਲਾਂ' ਦੇ ਰੂਪ ਵਿਚ ਗ੍ਰਹਿਣ ਕਰਦੇ ਹਾਂ। ਅੰਗ੍ਰੇਜ਼ੀ ਵਿਚ ਇਸ ਨੂੰ 'performing art' ਕਿਹਾ ਜਾਂਦਾ ਹੈ। ਦਰਸ਼ਨੀ-ਕਲਾ ਦਾ ਬੁਨਿਆਦੀ ਸੰਬੰਧ ਦਰਸ਼ਨ ਕਰਨ ਜਾਂ ਵੇਖਣ ਨਾਲ ਹੁੰਦਾ ਹੈ, ਇਸ ਕਰ ਨਾਟਕ ਨੂੰ ਕਈ ਵਾਰ 'ਦ੍ਰਿਸ਼-ਕਾਵਿ' ਵੀ ਕਹਿ ਦਿੱਤਾ ਜਾਂਦਾ ਹੈ। ਇਹ ਤਾਂ ਅਸੀਂ ਜਾਣਦੇ ਹਾਂ ਕਿ ਨਾਟਕ ਵਿਚ 'ਕਥਾਨਕ' (ਪਲਾਟ) ਨੂੰ ਪਾਤਰਾਂ ਦੀ ਵਾਰਤਾਲਾਪ ਰਾਹੀਂ ਅਤੇ ਪਾਤਰਾਂ ਦੇ ਕਾਰਜਾਂ ਰਾਹੀਂ ਰੰਗਮੰਚ ਉੱਪਰ ਪੇਸ਼ ਕੀਤਾ ਜਾਂਦਾ ਹੈ। ਵਿਦਿਆਰਥੀਓ! ਇਸ ਪੇਸ਼ਕਾਰੀ ਨੂੰ ਜਿਨ੍ਹਾਂ ਵਿਅਕਤੀਆਂ ਦੀ ਮਦਦ ਨਾਲ ਪੇਸ਼ ਕੀਤਾ ਜਾਂਦਾ ਹੈ ਉਨ੍ਹਾਂ ਨੂੰ ਸਾਹਿਤਕ-ਭਾਸ਼ਾ ਵਿਚ 'ਪਾਤਰ' (character) ਕਿਹਾ ਜਾਂਦਾ ਹੈ। ਕਿਉਂਕਿ, ਨਾਟਕ ਵਿਚ ਸਭ ਤੋਂ ਵੱਧ ਮਹੱਤਵ ਪਾਤਰਾਂ ਨੂੰ ਹੀ ਦਿੱਤਾ ਜਾਂਦਾ ਹੈ, ਇਸ ਲਈ ਨਾਟਕ ਵਿਚ ਪਾਤਰ-ਚਿੱਤਰਣ ਦਾ ਬਹੁਤ ਮਹੱਤਵ ਹੈ।

ਨਾਟਕ ਦੇ ਪਾਤਰ ਵੀ ਕਈ ਪ੍ਰਕਾਰ ਦੇ ਹੁੰਦੇ ਹਨ। ਭਾਵ, ਉਹ ਚੰਗੇ ਚਰਿੱਤਰ ਵਾਲੇ ਆਦਰਸ਼ਵਾਦੀ ਵੀ ਹੋ ਸਕਦੇ ਹਨ ਅਤੇ ਭੈੜੇ ਚਰਿਤਰ ਵਾਲੇ ਵੀ। ਇਸ ਤੋਂ ਛੁੱਟ ਉਹ ਚੰਗੇ ਤੇ ਭੈੜੇ ਦਾ ਮਿਲਿਆ ਰੂਪ ਵੀ ਹੋ ਸਕਦੇ ਹਨ ਅਤੇ ਉਸ ਪ੍ਰਕਾਰ ਦੇ ਵੀ ਜਿਨ੍ਹਾਂ ਨੂੰ ਵੇਖਕੇ ਜਾਂ ਸੁਣਕੇ ਅਤੇ ਜਾਂ ਫਿਰ ਉਨ੍ਹਾਂ ਦੇ ਵਤੀਰੇ ਨੂੰ ਵੇਖਕੇ ਸਾਨੂੰ ਹਾਸਾ ਆ ਜਾਏ। ਇਨ੍ਹਾਂ ਸਾਰੀਆਂ ਕਿਸਮਾਂ ਦੇ ਪਾਤਰਾਂ ਦਾ ਨਾਟਕ ਵਿਚ ਆਪਣਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਚੰਗੇ ਚਰਿੱਤਰ ਜਾਂ ਕਿਰਦਾਰ ਵਾਲੇ ਪਾਤਰਾਂ ਨੂੰ ਅਸੀਂ ਨਾਇਕ, ਭੈੜੇ ਚਰਿੱਤਰ ਜਾਂ ਕਿਰਦਾਰ ਵਾਲੇ ਨੂੰ ਖ਼ਲਨਾਇਕ ਜਾਂ ਖ਼ਲਨਾਇਕਾ ਦੇ ਅਰਥਾਂ ਵਿਚ ਗ੍ਰਹਿਣ ਕਰਦੇ ਹਾਂ। ਹਸਾਉਣ ਵਾਲੇ ਪਾਤਰਾਂ ਦੀ ਲੋੜ ਅਕਸਰ 'ਕਾਮਦੀਂ' (comedy) ਨਾਟਕਾਂ ਵਿਚ ਪੈਂਦੀ ਹੈ। 'ਕਾਮਦੀਂ' ਵੀ ਨਾਟਕਾਂ ਦੀ ਇਕ ਵਿਸ਼ੇਸ਼ ਵੰਨਗੀ ਹੈ ਜਿਸ ਦਾ ਪ੍ਰਯੋਜਨ ਪਾਤਰਾਂ ਦੇ ਅਸਾਧਾਰਣ ਵਤੀਰੇ ਰਾਹੀਂ ਦਰਸ਼ਕਾਂ ਨੂੰ ਹਸਾਉਣਾ ਹੁੰਦਾ ਹੈ। 'ਕਾਮਦੀਂ' ਨਾਟਕ ਦੇ ਮੁਕਾਬਲੇ ਵਿਚ ਤ੍ਰਾਸਦੀ (Tragedy) ਦਾ ਨਾਇਕ ਤੇ ਹੋਰ ਪਾਤਰ ਸੰਜੀਦਾ ਕਿਸਮ ਦੇ ਹੁੰਦੇ ਹਨ।

ਨਾਟਕ ਦਾ ਸੰਸਾਰ, ਸਾਡੇ ਦਿਸਦੇ ਸੰਸਾਰ ਨਾਲੋਂ ਵੱਖਰਾ ਹੁੰਦਾ ਹੈ। ਪਰ, ਨਾਟਕਕਾਰ ਦੀ ਕੋਸ਼ਿਸ਼ ਹੁੰਦੀ ਹੈ ਕਿ ਉਹ ਉਸਨੂੰ ਵੱਧ ਤੋਂ ਵੱਧ ਸਾਡੇ ਸੰਸਾਰ ਦੇ ਨੇੜੇ ਲਿਆ ਸਕੇ। ਇਸ ਲਈ ਜ਼ਰੂਰੀ ਹੁੰਦਾ ਹੈ ਕਿ ਨਾਟਕਕਾਰ ਉਨ੍ਹਾਂ ਹੀ ਵਿਅਕਤੀਆਂ ਨੂੰ ਪਾਤਰ ਬਣਾਏ, ਜੋ ਸਾਡੇ ਜੀਵਨ ਵਿਚ ਆਮ ਵਿਚਰਦੇ ਹੁੰਦੇ ਹਨ। ਸਾਡੇ ਜੀਵਨ-ਵਰਤਾਰੇ ਵਿਚ ਅਤਿ ਚੰਗੇ ਤੇ ਅਤਿ ਭੈੜੇ ਲੋਕ ਹੁੰਦੇ ਹਨ, ਪਰ ਉਨ੍ਹਾਂ ਨਾਲੋਂ ਵੱਧ ਗਿਣਤੀ ਉਨ੍ਹਾਂ ਲੋਕਾਂ ਦੀ ਹੁੰਦੀ ਹੈ ਜਿਹੜੇ ਚੰਗੇ ਅਤੇ ਮਾੜੇ ਦਾ ਮਿਲਿਆ ਜੁਲਿਆ ਰੂਪ ਹੁੰਦੇ ਹਨ-ਸਾਡੇ ਆਮ ਲੋਕਾਂ ਵਰਗੇ। ਅੱਜ ਦਾ ਨਾਟਕਕਾਰ ਆਪਣੀ ਰਚਨਾ ਨੂੰ ਯਥਾਰਥ ਦੇ ਨੇੜੇ ਰੱਖਣਾ ਲੋਚਦਾ ਹੈ। ਇਸ ਲਈ ਉਹ ਆਪਣੇ ਨਾਟਕਾਂ ਵਿਚ ਮਿਲੇ ਜੁਲੇ ਤੇ ਸਾਧਾਰਣ ਪਾਤਰਾਂ ਨੂੰ ਪੇਸ਼ ਕਰਨ ਦੀ ਰੁਚੀ ਰਖਦਾ ਹੈ।

ਇਸ ਸੰਬੰਧ ਵਿਚ ਦੂਸਰੀ ਗੱਲ ਇਹ ਹੈ ਕਿ ਉਹ ਵਿਅਕਤੀ-ਚਰਿੱਤਰ ਆਪਣੇ ਵਰਗ ਜਾਂ ਜਾਤੀ ਦਾ ਪ੍ਰਤੀਨਿਧ ਹੋਣਾ ਚਾਹੀਦਾ ਹੈ। ਭਾਵ, ਉਸ ਦੇ ਕੋਲ ਅਜਿਹੀ ਸਮਰੱਥਾ ਹੋਣੀ ਚਾਹੀਦੀ ਹੈ ਕਿ ਉਹ ਆਪਣੇ ਕਿਰਦਾਰ ਰਾਹੀਂ, ਆਪਣੀ ਜਾਤੀ ਜਾਂ ਵਰਗ ਦੇ ਗੁਣਾਂ ਨਾਲ ਸਾਡੀ ਜਾਣ-ਪਛਾਣ ਕਰਵਾ ਸਕੇ। ਇਹ ਸਭ ਕੁਝ ਵੀ ਯਥਾਰਥ ਜਾਂ ਸੱਚ ਦੇ ਝਾਉਲੇ ਜਾਂ ਭਰਮ ਨੂੰ ਸਿਰਜਣ ਲਈ ਹੀ ਕੀਤਾ ਜਾਣਾ ਚਾਹੀਦਾ ਹੈ। ਮਿਸਾਲ ਦੇ ਤੌਰ 'ਤੇ 'ਰਾਣੀ ਜਿੰਦਾਂ' ਨਾਟਕ ਵਿਚ ਨਾਟਕਕਾਰ ਡਾ. ਹਰਚਰਨ ਸਿੰਘ ਦਾ ਸਭ ਤੋਂ ਵੱਧ ਜ਼ੋਰ ਇਹ ਗੱਲ ਸਾਬਤ ਕਰਨ 'ਤੇ ਹੈ ਰਾਣੀ ਜਿੰਦਾਂ ਆਪਣੇ ਜ਼ਮਾਨੇ ਵਿਚ ਇਕੋ ਇਕ ਮਰਦ ਸੀ ਜਿਸਨੇ ਪੰਜਾਬ ਵਿਚ ਉਸ ਵਕਤ ਦੀ ਸੰਸਾਰ ਦੀ ਸਭ ਤੋਂ ਸ਼ਕਤੀਸ਼ਾਲੀ ਹਕੂਮਤ ਦੇ ਖ਼ਿਲਾਫ਼ ਤਰਥੱਲੀ ਮਚਾ ਰੱਖੀ ਸੀ। ਆਪਣੀ ਦ੍ਰਿੜਤਾ, ਨਿਡਰਤਾ, ਸਵੈਮਾਣ, ਆਤਮ-ਵਿਸ਼ਵਾਸ ਤੇ ਸਿਆਸੀ ਸੂਝ ਬੂਝ ਸਦਕਾ ਉਹ ਇਸ ਨਾਟਕ ਵਿਚ ਇਕ ਅਦੁੱਤੀ ਵੀਰ-ਨਾਇਕਾ ਦੇ ਰੂਪ ਵਿਚ ਉੱਭਰੀ ਹੈ ਜਿਸ ਨੂੰ ਨਾਟਕਕਾਰ ਪੰਜਾਬ 'ਚ ਇਕੋ ਇਕ ਮਰਦ' ਕਹਿ ਕੇ ਵਡਿਆਉਂਦਾ ਹੈ।

ਨਾਟਕ ਦੇ ਪਾਤਰਾਂ ਦੀ ਇਕ ਹੋਰ ਵਰਣਨਯੋਗ ਵਿਸ਼ੇਸ਼ਤਾ ਇਹ ਹੈ ਕਿ ਉਹ ਸਾਰੇ ਸੰਸਾਰ ਵਿਚ ਇਕੋ ਤਰ੍ਹਾਂ ਦਾ ਵਿਵਹਾਰ ਕਰਨ। ਭਾਵ, ਉਸ ਦੇ ਚਰਿੱਤਰ ਵਿਚ ਤੁਰੰਤ ਕੋਈ ਤਬਦੀਲੀ ਨਹੀਂ ਵਾਪਰਣੀ ਚਾਹੀਦੀ। ਜੇਕਰ ਕੋਈ ਤਬਦੀਲੀ ਵਾਪਰਦੀ ਹੀ ਹੈ ਤਾਂ ਨਾਟਕਕਾਰ ਨੂੰ ਚਾਹੀਦਾ ਹੈ ਕਿ ਨਾਟਕ ਦੇ ਆਰੰਭ ਵਿਚ ਹੀ ਇਸ ਪ੍ਰਕਾਰ ਦੀ ਤਬਦੀਲੀ ਦੀ ਸੰਭਾਵਨਾ ਵੱਲ ਸੰਕੇਤ ਕਰ ਦੇਵੇ।

'ਰਾਣੀ ਜਿੰਦਾਂ' ਨਾਟਕ ਦੀ ਪਾਤਰ-ਚਿਤਰਣ ਕਲਾ :- ਵਿਦਿਆਰਥੀਓ ! ਨਾਟਕ ਵਿਚ ਪਾਤਰ-ਚਿਤਰਣ ਪਾਤਰਾਂ ਦੀਆਂ

ਕਿਸਮਾਂ ਅਤੇ ਗੁਣਾਂ ਆਦਿ ਉੱਪਰ ਚਰਚਾ ਕਰਨ ਮਗਰੋਂ ਅਸੀਂ ਇਥੇ 'ਰਾਣੀ ਜਿੰਦਾਂ' ਨਾਟਕ ਦੀ ਪਾਤਰ-ਚਿਤਰਣ ਕਲਾ ਉੱਪਰ ਚਰਚਾ ਕਰਨ ਦੀ ਯੋਜਨਾ ਬਣਾਈ ਹੈ। ਪਾਤਰ-ਚਿੱਤਰਣ ਕਲਾ ਦੀ ਦ੍ਰਿਸ਼ਟੀ ਤੋਂ ਵੀ ਇਹ ਨਾਟਕ ਸਾਡਾ ਧਿਆਨ ਆਪਣੇ ਵੱਲ ਖਿੱਚਦਾ ਹੈ।

ਅਸੀਂ ਇਹ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਨਾਟਕ ਵਿਚ ਪਾਤਰਾਂ ਦੀ ਗਿਣਤੀ ਅਕਸਰ ਕਾਫ਼ੀ ਹੁੰਦੀ ਹੈ। ਇਨ੍ਹਾਂ ਵਿਚੋਂ ਕੁਝ ਕੇਂਦਰੀ ਪਾਤਰ ਹੁੰਦੇ ਹਨ, ਕੁਝ ਸਹਾਇਕ ਅਤੇ ਕੁਝ ਗੌਣ ਮਹੱਤਵ ਵਾਲੇ ਪਾਤਰ ਹੁੰਦੇ ਹਨ। ਕੇਂਦਰੀ ਪਾਤਰਾਂ ਨੂੰ ਅਕਸਰ ਨਾਇਕ ਜਾਂ ਨਾਇਕਾ ਦੇ ਅਰਥਾਂ ਵਿਚ ਗ੍ਰਹਿਣ ਕੀਤਾ ਜਾਂਦਾ ਹੈ। ਬਾਕੀ ਦੇ ਪਾਤਰ ਸਹਾਇਕ ਤੇ ਗੌਣ ਹੁੰਦੇ ਹਨ।

ਇਸ ਦ੍ਰਿਸ਼ਟੀ ਤੋਂ ਜਦੋਂ ਅਸੀਂ 'ਰਾਣੀ ਜਿੰਦਾਂ' ਨਾਟਕ ਦੀ ਪਾਤਰ-ਚਿੱਤਰਣ ਕਲਾ ਨੂੰ ਆਪਣੇ ਧਿਆਨ ਦਾ ਕੇਂਦਰ ਬਣਾਉਂਦੇ ਹਾਂ ਤਾਂ ਕਈ ਮਹੱਤਵਪੂਰਣ ਨੁਕਤੇ ਉਜਾਗਰ ਹੁੰਦੇ ਹਨ। ਇਸ ਨਾਟਕ ਦਾ ਅਧਿਐਨ ਕਰਨ ਮਗਰੋਂ ਸਭ ਤੋਂ ਪਹਿਲਾ ਨੁਕਤਾ ਉੱਭਰ ਕੇ ਸਾਮ੍ਹਣੇ ਇਹ ਆਉਂਦਾ ਹੈ ਕਿ ਰਾਣੀ ਜਿੰਦਾਂ ਇਸ ਨਾਟਕ ਦੀ ਮੁੱਖ ਪਾਤਰ ਜਾਂ ਨਾਇਕ ਹੈ। ਨਾਟਕ ਦੀ ਸਾਰੀ ਕਹਾਣੀ, ਸਿੱਧੇ ਤੇ ਅਸਿੱਧੇ ਦੋਹਾਂ ਤਰੀਕਿਆਂ ਨਾਲ ਇਸ ਪਾਤਰ ਨਾਲ ਜੁੜੀ ਹੋਈ ਹੈ। ਅਸੀਂ ਸਹਿਜੇ ਹੀ ਇਸ ਨੂੰ ਕੇਂਦਰੀ ਮਹੱਤਵ ਵਾਲਾ ਪਾਤਰ ਕਹਿ ਸਕਦੇ ਹਾਂ। ਜੇ ਅਸੀਂ ਇਹ ਕਹੀਏ ਕਿ ਇਹ ਨਾਟਕ ਨਾਇਕਾ ਪ੍ਰਧਾਨ ਹੈ ਤਾਂ ਇਸ ਵਿਚ ਕੋਈ ਅਤਿਕਥਨੀ ਵਾਲੀ ਗੱਲ ਨਹੀਂ ਹੋਵੇਗੀ। ਨਾਟਕਕਾਰ ਦਾ ਇਸ ਨਾਟਕ ਵਿਚ ਮੁੱਖ ਉਦੇਸ਼, ਨਾਟਕ ਦੀਆਂ ਸਾਰੀਆਂ ਸਥਿਤੀਆਂ ਪਰਸਥਿਤੀਆਂ ਵਿਚੋਂ ਇਸੇ ਪਾਤਰ ਦੇ ਕਿਰਦਾਰ ਨੂੰ ਉਭਾਰਣਾ ਹੈ। ਸ਼ਾਇਦ ਇਹੀ ਵਜ੍ਹਾ ਹੈ ਕਿ ਇਸ ਨਾਟਕ ਵਿਚ ਰਾਣੀ ਜਿੰਦਾਂ ਹਮੇਸ਼ਾ 'ਅਗਰਭੂਮੀਂ' (foreground) ਵਿਚ ਰਹਿੰਦੀ ਹੈ। ਬਾਕੀ ਦੇ ਸਾਰੇ ਪਾਤਰ, ਇਥੋਂ ਤੱਕ ਕਿ ਮਹਾਰਾਜਾ ਦਲੀਪ ਸਿੰਘ ਵੀ 'ਪਿੱਠਭੂਮੀਂ' (background) ਵਿਚ ਚਲਿਆ ਜਾਂਦਾ ਹੈ। ਨਾਟਕਕਾਰ ਨੇ ਇੰਝ ਜਾਣ-ਬੁੱਝ ਕੇ ਆਪਣੇ ਪੂਰਵ ਮਿੱਥੇ ਪ੍ਰਯੋਜਨ ਦੀ ਸਿੱਧੀ ਲਈ ਕੀਤਾ ਹੈ। ਉਸ ਦਾ ਸਾਰਾ ਜ਼ੋਰ ਇਸ ਪਾਤਰ ਨੂੰ ਘੜਨ ਉੱਪਰ ਲੱਗਿਆ ਹੈ।

ਰਾਣੀ ਜਿੰਦਾਂ, ਮਹਾਰਾਜਾ ਦਲੀਪ ਸਿੰਘ, ਰੈਜ਼ੀਡੈਂਟ ਹੈਨਰੀ ਲਾਰੰਸ, ਮਿਸਟਰ ਫਰੈਡਰਿਕ ਕਰੀ, ਰਾਜਾ ਸ਼ੇਰ ਸਿੰਘ ਅਟਾਰੀ, ਰਾਜਾ ਤੇਜ ਸਿੰਘ, ਮਿਸਰ ਦੀਨਾ ਨਾਥ, ਹਕੀਮ ਨੂਰ-ਉ-ਦੀਨ, ਬਾਬਾ ਬਾਗ਼ੀ, ਬਾਗ਼ੀ ਚੇਤ ਸਿੰਘ ਤੇ ਮੀਆਂ ਮੁੱਲਾਂ, ਮਿਸ ਬੰਬਾ ਦਲੀਪ ਸਿੰਘ, ਸਰਦਾਰ ਹਰਬੰਸ ਸਿੰਘ ਅਟਾਰੀ ਇਸ ਨਾਟਕ ਕੇ ਕੁਝ ਮਹੱਤਵਪੂਰਨ ਪਾਤਰ ਹਨ। ਨਾਟਕੀ-ਕਾਰਜ ਨੂੰ ਅੱਗੇ ਤੋਰਨ ਅਤੇ ਤੇਜ਼ ਕਰਨ ਵਿਚ ਇਹ ਸਾਰੇ ਪਾਤਰ ਕੁਝ ਨਾ ਕੁਝ ਰੋਲ ਅਦਾ ਕਰਦੇ ਨਜ਼ਰ ਆਉਂਦੇ ਹਨ। ਇਨ੍ਹਾਂ ਤੋਂ ਛੁੱਟ ਦਾਸੀਆਂ, ਸੰਤਰੀ, ਪਹਿਰੇਦਾਰ, ਸਾਰਜੈਂਟ, ਗਵਰਨਰ ਜਨਰਲ ਆਦਿ ਕੁਝ ਹੋਰ ਪਾਤਰ ਹਨ ਜਿਨ੍ਹਾਂ ਦਾ ਰੋਲ ਗੌਣ ਹੈ ਅਤੇ ਜੋ ਅਸਿੱਧੇ ਰੂਪ ਵਿਚ ਸਹਾਇਕ ਸ਼ਕਤੀਆਂ ਬਣਦੇ ਨਜ਼ਰ ਆਉਂਦੇ ਹਨ।

ਬਹੁਤੇ ਨਾਟਕਾਂ ਦੀ ਤਰ੍ਹਾਂ ਇਸ ਨਾਟਕ ਦੇ ਇਹ ਸਾਰੇ ਪਾਤਰ ਵੀ ਦੋ ਪਰਸਪਰ ਵਿਰੋਧੀ ਧਿਰਾਂ ਵਿਚ ਵੰਡੇ ਹੋਏ ਹਨ। ਇਕ ਧਿਰ ਸ਼ਾਹੀ ਖ਼ਾਨਦਾਨ ਤੇ ਖ਼ਾਲਸਾ ਰਾਜ ਦੇ ਸੁਹਿਰਦ ਪਾਤਰਾਂ ਦੀ ਹੈ ਜਿਸ ਵਿਚ ਰਾਣੀ ਜਿੰਦਾਂ, ਮਹਾਰਾਜਾ ਦਲੀਪ ਸਿੰਘ, ਮਿਸ ਬੰਬਾ ਦਲੀਪ ਸਿੰਘ, ਮਿਸਰ ਦੀਨਾ ਨਾਥ, ਹਕੀਮ ਨੂਰਉਦੀਨ, ਬਾਬਾ ਬਾਗ਼ੀ (ਸੰਤ ਮਹਾਰਾਜ ਸਿੰਘ ਦਾ ਸੇਵਕ), ਚੇਤ ਸਿੰਘ ਤੇ ਮੀਆਂ ਮੁੱਲਾਂ, ਦਾਸੀਆਂ ਆਦਿ ਸ਼ਾਮਲ ਹਨ। ਦੂਜੀ ਧਿਰ ਕੰਪਨੀ ਸਰਕਾਰ ਦੇ ਕਾਰਕੁਨਾਂ ਰੈਜ਼ੀਡੈਂਟ ਹੈਨਰੀ ਲਾਰੰਸ, ਮਿਸਟਰ ਫਰੈਡਰਿਕ ਕਰੀ, ਗਵਰਨਰ ਜਨਰਲ ਅਤੇ ਇਨ੍ਹਾਂ ਦੇ ਹਮਦਰਦੀ ਜਿਵੇਂ ਕਿ ਰਾਜਾ ਤੇਜ ਸਿੰਘ, ਸ਼ੇਰ ਸਿੰਘ ਅਟਾਰੀ, ਰਾਮ ਸਿੰਘ, ਸੰਤਰੀ, ਸਾਰਜੈਂਟ, ਪਹਿਰੇਦਾਰ ਆਦਿ ਸ਼ਾਮਲ ਹਨ। ਸ਼ੇਰ ਸਿੰਘ ਅਟਾਰੀ ਪਹਿਲਾਂ ਕੰਪਨੀ ਸਰਕਾਰ ਨਾਲ ਮਿਲ ਜਾਂਦਾ ਹੈ ਅਤੇ ਰੈਜ਼ੀਡੈਂਟ ਹੈਨਰੀ ਲਾਰੰਸ ਦੀ ਸੱਜੀ ਬਾਂਹ ਬਣਕੇ ਉੱਭਰਦਾ ਹੈ। ਪਰ, ਮੁਲਤਾਨ ਦੀ ਬਗਾਵਤ ਦੇ ਮਗਰੋਂ ਉਹ ਫਿਰ ਬਾਗ਼ੀਆਂ ਵਿਚ ਸ਼ਾਮਲ ਹੋ ਜਾਂਦਾ ਹੈ। ਨਾਟਕਕਾਰ ਨੇ ਆਪਣੀਆਂ ਨਾਟਕੀ-ਲੋੜਾਂ ਅਤੇ ਰਚਨਾ ਦੇ ਨਿਯਮਾਂ ਅਨੁਸਾਰ ਹੀ ਇਨ੍ਹਾਂ ਪਾਤਰਾਂ ਨੂੰ ਘੜਿਆ ਹੈ। ਇਨ੍ਹਾਂ ਪਾਤਰਾਂ ਦੀ ਘਾੜਤ, ਨਾਟਕਕਾਰ ਨੇ ਆਪਣੇ ਨਾਟਕੀ-ਪ੍ਰਯੋਜਨ ਦੀ ਸਿੱਧੀ ਅਨੁਸਾਰ ਹੀ ਘੜੀ ਹੈ। ਪਾਤਰਾਂ ਦੀ ਅਜਿਹੀ ਘਾੜਤ ਨਾਲ ਇਸ ਨਾਟਕ ਦਾ ਉਦੇਸ਼ ਵੀ ਜੁੜਿਆ ਹੋਇਆ ਹੈ।

ਇਨ੍ਹਾਂ ਪਾਤਰਾਂ ਸੰਬੰਧੀ ਹੋਰ ਵਿਸਤਾਰ ਸਹਿਤ ਚਰਚਾ ਅੱਗੇ ਚਲਕੇ ਕੀਤੀ ਜਾਵੇਗੀ, ਖ਼ਾਸ ਕਰਕੇ ਜਦੋਂ ਅਸੀਂ ਇਸ ਨਾਟਕ ਦੇ ਕੁਝ ਪਾਤਰਾਂ ਦੇ, ਪਾਤਰ-ਚਿੱਤਰਣ ਰਾਹੀਂ, ਗੁਣਾਂ ਨੂੰ ਉਭਾਰਾਂਗੇ। ਹਾਲ ਦੀ ਘੜੀ ਸੰਕੇਤ ਮਾਤਰ ਇਤਨਾ ਜ਼ਿਕਰ ਕਰ ਦੇਣਾ ਹੀ ਕਾਫ਼ੀ ਹੈ।

'ਰਾਣੀ ਜਿੰਦਾਂ' ਨਾਟਕ ਦੇ ਪਾਤਰ

(ੳ) ਰਾਣੀ ਜਿੰਦਾਂ :- ਰਾਣੀ ਜਿੰਦਾਂ ਇਸ ਨਾਟਕ ਦੀ ਮੱਖ ਪਾਤਰ ਜਾਂ ਨਾਇਕਾ ਹੈ। ਇਸਨੂੰ ਅਸੀਂ ਕੇਂਦਰੀ ਪਾਤਰ ਵੀ ਕਹਿ ਸਕਦੇ ਹਾਂ, ਕਿਉਂਕਿ, ਨਾਟਕ ਦੀ ਸਾਰੀ ਕਥਾ ਸਿੱਧੇ ਤੇ ਅਸਿੱਧੇ ਤੌਰ 'ਤੇ ਇਸੇ ਪਾਤਰ ਨਾਲ ਜੁੜੀ ਹੋਈ ਹੈ। ਇਸ ਨਾਟਕ ਦਾ ਸਿਰਲੇਖ 'ਰਾਣੀ ਜਿੰਦਾਂ' ਵੀ ਇਸੇ ਪਾਤਰ ਉੱਪਰ ਪੂਰੀ ਤਰ੍ਹਾਂ ਆਧਾਰਤ ਹੈ। ਨਾਟਕਕਾਰ ਡਾ. ਹਰਚਰਨ ਸਿੰਘ

ਦੇ ਅਨੁਸਾਰ ਰਾਣੀ ਜਿੰਦਾਂ, ਆਪਣੇ ਵੇਲੇ ਦੀ ਇਕੋ ਇਕ ਮਰਦ ਵੀਰ-ਨਾਇਕਾ ਹੈ। ਰਾਣੀ ਜਿੰਦਾਂ ਦੀ ਸ਼ਖ਼ਸੀਅਤ ਦਾ ਇਹ ਗੁਣ, ਇਸ ਨਾਟਕ ਦੇ ਸਿਰਲੇਖ ਨਾਲ, ਟਾਈਟਲ ਕਵਰ ਉੱਪਰ ਅੰਕਿਤ ਵੀ ਕਰ ਦਿੱਤਾ ਹੈ।

ਇਸ ਨਾਟਕ ਵਿਚੋਂ ਰਾਣੀ ਜਿੰਦਾਂ ਦਾ ਜੋ ਬਿੰਬ ਉਭਰਦਾ ਹੈ ਉਹ ਇਕ ਦ੍ਰਿੜ ਨਿਸ਼ਚੇ ਵਾਲੀ, ਨਿਡਰ, ਦਲੇਰ, ਆਤਮ-ਵਿਸ਼ਵਾਸੀ, ਸਵੈਮਾਣ ਵਾਲੀ ਨੀਤੀਵਾਨ ਅਤੇ ਸੰਘਰਸ਼ਸ਼ੀਲ ਵੀਰ-ਨਾਇਕਾ ਦਾ ਬਿੰਬ ਹੈ।

ਨਾਟਕ ਦੇ ਆਰੰਭ ਤੋਂ ਲੈ ਕੇ ਅਖ਼ੀਰ ਤੱਕ ਉਹ ਇਸ ਗੱਲੋਂ ਬਹੁਤ ਦੁਖੀ ਦਿਖਾਈ ਗਈ ਹੈ ਕਿ ਇਕ ਗਿਣੀ ਮਿਥੀ ਸਾਜਿਸ਼ ਦੇ ਅਧੀਨ ਅੰਗ੍ਰੇਜ਼ਾਂ ਹੱਥੋਂ ਹੋਈ ਪੰਜਾਬ ਦੀ ਹਾਰ ਦਾ ਉਸ ਨੂੰ ਦੋਸ਼ੀ ਠਹਿਰਾਇਆ ਜਾ ਰਿਹਾ ਹੈ। ਜਦਕਿ, ਅੰਗ੍ਰੇਜ਼ਾਂ ਦੇ ਵਿਰੁੱਧ ਲੜਾਈ ਦੀ ਸਕੀਮ, ਫੌਜੀ ਪੰਜਾਇਤ ਨੇ ਬਣਾਈ ਸੀ। ਨਾਟਕ ਦੇ ਆਰੰਭ ਵਿਚ ਨਾਟਕਕਾਰ ਇਕ ਨਾਂ-ਕਟੇ ਫੌਜੀ ਦੇ ਮੂੰਹੋਂ ਸ਼ਾਹ ਮੁਹੰਮਦ ਦੇ ਜੰਗਨਾਮੇ ਦੇ ਕੁਝ ਬੰਦ ਸੁਣਵਾਉਂਦਾ ਹੈ। ਰਾਣੀ ਜਿੰਦਾਂ ਇਸ ਨੂੰ ਝੂਠੀ ਤੁਹਮਤ ਕਰਾਰ ਦਿੰਦੀ ਹੈ ਅਤੇ ਇਸ ਜੰਗਨਾਮੇ ਨੂੰ ਕੋਰਾ ਝੂਠ ਤੇ ਅੰਗ੍ਰੇਜ਼ਾਂ ਦੀ ਉਸ ਬਦਨਾਮ ਕਰਨ ਦੀ ਸਾਜਿਸ਼ ਦਸਦੀ ਹੈ। ਇਸੇ ਤਰ੍ਹਾਂ, ਨਾਟਕ ਦੇ ਅੰਤ 'ਤੇ, ਲੰਦਨ ਵਿਖੇ ਅਬਿੰਗਡਨ ਹਾਊਸ ਦੇ ਇਕ ਕਮਰੇ ਵਿਚ ਦੀਰਘ-ਬੀਮਾਰੀ ਨਾਲ ਜੂਝ ਰਹੀ ਅਤੇ ਆਪਣੇ ਅੰਤਮ ਸਵਾਸਾਂ ਨੂੰ ਉਡੀਕ ਰਹੀ ਰਾਣੀ ਜਿੰਦਾਂ ਨੂੰ ਜਦੋਂ ਉਸ ਦੀ ਤਿਮਾਰਦਾਰੀ ਕਰ ਰਿਹਾ ਬੰਗਾਲੀ ਡਾਕਟਰ ਇਹ ਕਹਿੰਦਾ ਹੈ ਕਿ "ਸੁਣਿਐ ਪੰਜਾਬ ਦੀ ਹਾਰ 'ਚ ਤੁਹਾਡਾ ਭਾਰੀ ਹੱਥ ਸੀ।" ਤਾਂ ਉਹ ਫਿਰ ਗੁੱਸੇ ਨਾਲ ਤਿਲਮਿਲਾ ਉਠਦੀ ਹੈ। ਨਾਟਕ ਦੇ ਵਿਚ ਵਿਚਾਲੇ ਦੀ ਦੋ-ਤਿੰਨ ਵਾਰ ਇਸ ਕਿਸਮ ਦੇ ਸੰਵਾਦ ਸਾਮ੍ਹਣੇ ਆਉਂਦੇ ਹਨ।

ਰਾਣੀ ਜਿੰਦਾਂ ਆਪਣੇ ਇਰਾਦੇ ਤੇ ਵਚਨਾਂ ਦੀ ਬੜੀ ਪੱਕੀ ਹੈ। ਕਿਤੇ ਕਿਤੇ ਉਸ ਦੇ ਸੁਭਾਅ ਵਿਚ ਕਾਹਲੀ ਵੀ ਹੈ। ਇਸਦੇ ਸੰਕੇਤ ਸਾਨੂੰ ਨਾਟਕ ਵਿਚੋਂ ਸਹਿਜੇ ਹੀ ਮਿਲ ਜਾਂਦੇ ਹਨ, ਜਿਵੇਂ ਮਿਸਰ ਦੀਨਾ ਨਾਥ ਤੇ ਹਕੀਮ ਨੂਰਉਦੀਨ ਨਾਲ ਵਾਰਤਾਲਾਪ ਦੌਰਾਨ ਅਤੇ ਰਾਜਾ ਤੇਜ ਸਿੰਘ ਵਾਲੀ ਗੱਲਬਾਤ ਆਦਿ।

ਉਹ ਆਪਣੇ ਇਰਾਦੇ ਦੀ ਬਹੁਤ ਪੱਕੀ ਵੀ ਹੈ। ਜਦੋਂ ਉਸ ਨੂੰ ਗੁਪਤ ਸੂਚਨਾ ਮਿਲਦੀ ਹੈ ਕਿ ਕੱਲ ਵਿਸ਼ੇਸ਼ ਤੌਰ 'ਤੇ ਲੱਗਣ ਵਾਲੇ ਖ਼ਾਲਸਾ ਦਰਬਾਰ ਵਿਚ ਵਫ਼ਾਦਾਰ ਅਹਿਲਕਾਰਾਂ ਨੂੰ ਖ਼ਿਤਾਬ, ਖਿਲਤਾਂ ਤੇ ਜਗੀਰਾਂ ਬਖਸ਼ੀਆਂ ਜਾਣਗੀਆਂ ਅਤੇ ਮਹਾਰਾਜੇ ਦੇ ਹੱਥੀਂ ਤੇਜ ਸਿੰਘ ਨੂੰ ਤਿਲਕ ਲਵਾ ਕੇ, ਉਸ ਨੂੰ ਰਾਜਾ ਬਣਾਇਆ ਜਾਵੇਗਾ। ਤਾਂ ਉਹ ਐਲਾਨ ਕਰਦੀ ਹੈ ਕਿ ਉਹ ਇੰਝ ਨਹੀਂ ਹੋਣ ਦੇਵੇਗੀ। ਆਖ਼ਰ ਇੰਝ ਹੀ ਹੋਇਆ। ਭਾਵੇਂ ਉਸ ਦੇ ਗਰਮ ਮਿਜ਼ਾਜ ਨਾਲ ਅੰਗ੍ਰੇਜ਼ ਹਕੂਮਤ ਦਾ ਉਸ ਪ੍ਰਤੀ ਰਵੱਈਆ ਦਿਨ-ਬ-ਦਿਨ ਸਖ਼ਤ ਹੁੰਦਾ ਗਿਆ, ਪਰ ਉਹ ਆਪਣੇ ਦ੍ਰਿੜ ਇਰਾਦੇ ਤੋਂ ਰਤਾ ਵੀ ਇਧਰ ਉਧਰ ਨਹੀਂ ਹੁੰਦੀ।

ਉਹ ਮਹਾਰਾਜਾ ਦਲੀਪ ਸਿੰਘ ਨੂੰ ਪਿਕਨਿਕ ਦੇ ਬਹਾਨੇ ਉਸ ਤੋਂ ਅਲਹਿਦਾ ਕਰਨ ਦੀ ਸਾਜਿਸ਼ ਨੂੰ ਝੱਟ ਭਾਂਪ ਜਾਂਦੀ ਹੈ। ਇਥੋਂ ਉਸ ਦੀ ਸਿਆਸੀ ਸੂਝ ਬੂਝ ਦੀ ਸੂਚਨਾ ਮਿਲਦੀ ਹੈ। ਸ਼ੇਖੂਪੁਰੇ ਦੇ ਕਿਲ੍ਹੇ ਦੀ ਕੈਦ ਵਿਚੋਂ ਉਸਦਾ ਭੱਜ ਨਿਕਲਣਾ, ਆਪਣੀ ਨਜ਼ਰਬੰਦੀ ਦੇ ਦੌਰਾਨ ਹੀ ਮੁਲਤਾਨ ਦੇ ਗਵਰਨਰ ਨੂੰ ਸ਼ਹਿ ਦੇ ਕੇ ਬਗ਼ਾਵਤ ਕਰਵਾ ਦੇਣੀ, ਸਾਧਵੀ ਦਾ ਭੇਸ ਬਣਾ ਕੇ ਔਝੜ ਥਾਵਾਂ 'ਚੋਂ ਦੀ ਲੰਘਦੀ ਹੋਈ ਆਪਣੀ ਦਾਸੀ ਨਾਲ ਉਸ ਦਾ ਨੇਪਾਲ ਦੀ ਰਾਜਧਾਨੀ ਕਾਠਮੰਡੂ ਪੁੱਜਣਾ, ਆਦਿ ਸਾਰੀਆਂ ਗੱਲਾਂ ਉਸ ਦੀ ਸਿਆਸੀ ਸੂਝ ਬੂਝ, ਤਿਗੜਮਬਾਜ਼ੀ ਤੇ ਜੁਗਤਮੁਲਕ ਵਿਵਹਾਰ ਨੂੰ ਦਰਸਾਉਂਦਾ ਹੈ। ਪੰਜਾਬ ਦੀ ਧਰਤੀ ਨਾਲ ਉਸ ਨੂੰ ਅੰਤਾਂ ਦਾ ਮੋਹ ਹੈ। ਉਸ ਦੇ ਕਈ ਵਾਰਤਾਲਾਪਾਂ ਵਿਚੋਂ ਸਾਨੂੰ ਉਸ ਦੀ ਦੇਸ਼ ਭਗਤੀ ਤੇ ਵਤਨਪ੍ਰਸਤੀ ਦੀ ਖ਼ੁਸ਼ਬੋ ਆਉਂਦੀ ਹੈ। ਪਰ, ਆਪਣੇ ਅੰਤਮ ਸਮੇਂ 'ਤੇ ਉਹ ਦਲੀਪ ਸਿੰਘ ਨੂੰ ਤਿੰਨ ਕੰਮ ਕਰਨ ਲਈ ਪ੍ਰੇਰਦੀ ਹੈ। ਉਹ ਕੰਮ ਇਸ ਪ੍ਰਕਾਰ ਹਨ : ਪਹਿਲਾ, ਮੁੜ ਸਿੱਖੀ ਧਾਰਨ ਕਰਨਾ। ਦੂਸਰਾ, ਉਸ ਦਾ ਸਸਕਾਰ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ (ਲਾਹੌਰ ਵਿਖੇ) ਦੇ ਕੋਲ ਕਰਨਾ ਤੇ ਫੁੱਲ ਰਾਵੀ ਦਰਿਆ ਵਿਚ ਪ੍ਰਵਾਹ ਕਰਨੇ। ਤੀਸਰਾ, ਸ਼ੇਰ ਸਿੰਘ ਅਟਾਰੀ ਵਾਲਿਆਂ ਦੇ ਸ਼ਾਦੀ ਕਰ ਲੈਣੀ। ਇਸ ਨਾਲ ਉਸ ਦਾ ਪੰਜਾਬ ਨਾਲ ਨਾਤਾ ਜੁੜ ਜਾਵੇਗਾ। ਇਸ ਸਭ ਕੁਝ ਵਿਚੋਂ ਵੀ ਉਸ ਦਾ ਦੇਸ਼ ਪਿਆਰ, ਪੰਜਾਬ ਦੀ ਧਰਤੀ ਨਾਲ ਉਸਦਾ ਅਟੁੱਟ ਮੋਹ ਉਜਾਗਰ ਹੁੰਦਾ ਹੈ। ਇਉਂ ਉਹ ਇਕ ਦਲੇਰ, ਨਿਡਰ, ਆਤਮ-ਵਿਸ਼ਵਾਸੀ, ਨੀਤੀਵਾਨ, ਸਵੈਮਾਣ ਦੀ ਮਾਲਕ ਵੀਰ-ਨਾਇਕਾ ਦੇ ਰੂਪ ਵਿਚ ਉੱਭਰਦੀ ਹੈ। ਇਸ ਨਾਟਕ ਦਾ ਉਹ ਸਭ ਤੋਂ ਸ਼ਕਤੀਸ਼ਾਲੀ ਪਾਤਰ ਹੈ। ਜਿਸ ਦੇ ਇਰਧ-ਗਿਰਧ ਹੀ ਸਾਰਾ ਨਾਟਕੀ-ਕਾਰਜ ਚਲਦਾ ਹੈ। ਪੰਜਾਬ ਦੀ ਧਰਤੀ ਨਾਲ ਰਾਣੀ ਜਿੰਦਾਂ ਦੇ ਅੰਤਾਂ ਦੇ ਮੋਹ ਦੇ ਨਾਲ ਉਸ ਦੇ ਸਿੱਖੀ ਪ੍ਰਤੀ ਪਿਆਰ, ਗੁਰੂ ਵਿਚ ਅਥਾਹ ਸ਼ਰਧਾ ਤੇ ਵਿਸ਼ਵਾਸ ਅਤੇ ਮਮਤਾ ਦੇ ਜਜ਼ਬੇ ਬਾਰੇ ਵੀ ਗੱਲ ਕੀਤੀ ਜਾ ਸਕਦੀ ਹੈ। ਇਨ੍ਹਾਂ ਗੁਣਾਂ ਨਾਲ ਉਸਦੀ ਸ਼ਖ਼ਸੀਅਤ ਦਾ ਇਕ ਹੋਰ ਆਯਾਮ (dimension) ਖੁਲ੍ਹਦਾ ਹੈ।

(ਅ) ਮਹਰਾਜਾ ਦਲੀਪ ਸਿੰਘ :- ਮਹਾਰਾਜਾ ਦਲੀਪ ਸਿੰਘ, ਰਿਸ਼ਤੇ ਵਿਚ ਮਹਾਰਾਜਾ ਰਣਜੀਤ ਸਿੰਘ ਤੇ ਮਹਾਰਾਣੀ ਜਿੰਦਾਂ ਦਾ ਪੁੱਤਰ ਹੈ। ਸੰਨ 1839 ਵਿਚ ਹੋਈ ਮਹਾਰਾਜੇ ਦੀ ਮੌਤ ਦੇ ਚਾਰ ਕੁ ਸਾਲਾਂ ਮਗਰੋਂ ਉਹ ਗੱਦੀ ਨਸ਼ੀਨ ਹੁੰਦਾ ਹੈ। ਉਸ ਦੇ ਰਾਜ-ਤਖ਼ਤ 'ਤੇ ਬੈਠਣ ਸਮੇਂ ਖ਼ਾਲਸਾ ਰਾਜ ਅਤੇ ਲਾਹੌਰ ਦਰਬਾਰ ਇਤਨੇ ਬੇਕਾਬੂ ਹੋ ਚੁੱਕੇ ਸਨ ਕਿ ਕੋਈ ਰੱਬੀ ਸ਼ਕਤੀ ਹੀ ਉਸ ਸਥਿਤੀ ਨੂੰ ਸੁਲਝਾ ਸਕਦੀ ਸੀ। ਫੌਜ ਦਾ ਸਾਰਾ ਪ੍ਰਬੰਧ ਫੌਜੀ ਪੰਚਾਇਤ ਦੇ ਹੱਥਾਂ ਵਿਚ ਜਾ ਚੁੱਕਾ ਸੀ। ਰਾਣੀ

ਜਿੰਦਾਂ ਤੇ ਖ਼ਾਲਸਾ ਰਾਜ ਦੇ ਵਜ਼ੀਰ ਬੇਵਸ ਸਨ। 'ਲਾਹੌਰ ਦਰਬਾਰ ਵਿਚ ਖ਼ੂਨ ਦੀ ਹੋਲੀ ਖੇਡੀ ਜਾ ਰਹੀ ਸੀ। ਫੌਜੀ ਪੰਚਾਇਤ ਦੇ ਹੁਕਮ ਨਾਲ ਰਾਣੀ ਜਿੰਦਾਂ ਦੇ ਭਰਾ ਜਵਾਹਰ ਸਿੰਘ ਵਜ਼ੀਰੇ ਆਜ਼ਮ ਨੂੰ, ਉਸਦੀਆਂ ਅੱਖਾਂ ਸਾਮ੍ਹਣੇ ਬੜੀ ਬੇਰਹਿਮੀ ਨਾਲ ਕਤਲ ਕੀਤਾ ਗਿਆ। ਰਾਣੀ ਜਿੰਦਾਂ ਤੇ ਉਸ ਦੇ ਪੁੱਤਰ ਦਲੀਪ ਸਿੰਘ ਨੂੰ ਤਖ਼ਤ ਤੋਂ ਅਲਹਿਦਾ ਕਰਨ ਦੀ ਧਮਕੀ ਦਿੱਤੀ ਗਈ।

ਦਸਾਂ ਕੁ ਸਾਲਾਂ ਦੀ ਉਮਰ ਦਾ ਬਾਲ ਦਲੀਪ ਸਿੰਘ ਜਦੋਂ 17 ਅਗਸਤ 1847 ਵਿਚ ਉਚੇਚੇ ਤੌਰ 'ਤੇ ਸਦੇ ਗਏ ਰਾਜ ਦਰਬਾਰ ਵਿਚ ਪ੍ਰਵੇਸ਼ ਕਰਦਾ ਹੈ ਤਾਂ ਅੰਗ੍ਰੇਜ਼ ਰੈਜ਼ੀਡੈਂਟ ਹੈਨਰੀ ਲਾਰੰਸ ਤੇ ਫਰੈਡਰਿਕ ਕਰੀ ਉਸ ਦੇ ਸੁਆਗਤ ਵਿਚ ਉਠ ਕੇ ਖੜੇ ਹੋ ਜਾਂਦੇ ਹਨ। ਬਾਬੇ ਬਾਗ਼ੀ ਦੀ ਗੁਪਤ ਸੂਚਨਾ ਦੇ ਆਧਾਰ 'ਤੇ ਰਾਣੀ ਜਿੰਦਾਂ ਰਾਹੀਂ ਉਸ ਨੂੰ ਇਸ ਦਰਬਾਰ ਵਿਚ ਹੋਣ ਵਾਲੀ ਕਾਰਵਾਈ ਦਾ ਅਗਾਊਂ ਪਤਾ ਸੀ। ਰਾਣੀ ਜਿੰਦਾਂ ਨੂੰ ਉਸ ਸਥਿਤੀ ਨਾਲ ਨਿਪਟਣ ਲਈ ਪਹਿਲਾਂ ਹੀ ਤਿਆਰ ਕਰ ਦਿੱਤਾ ਹੋਇਆ ਸੀ। ਜਦੋਂ ਭਰੇ ਦਰਬਾਰ ਵਿਚ ਹੈਨਰੀ ਲਾਰੰਸ ਉਸ ਨੂੰ ਤੇਜ ਸਿੰਘ ਦੇ ਮੱਥੇ 'ਤੇ ਤਿਲਕ ਲਗਾਉਣ ਲਈ ਕਹਿੰਦਾ ਹੈ ਤਾਂ ਉਹ ਬੋਲ ਉੱਠਦਾ ਹੈ "ਮੈਂ ਗ਼ਦਾਰ ਦੇ ਮੱਥੇ ਤਿਲਕ ਨਹੀਂ ਲਾਵਾਂਗਾ।" ਲਾਰੰਸ ਖ਼ਫ਼ਾ ਹੋ ਜਾਂਦਾ ਹੈ ਅਤੇ ਕਹਿੰਦਾ ਹੈ ਕਿਆ ਕਹਾ? ਅੱਗੋਂ ਰਾਮ ਸਿੰਘ ਉਸ ਨੂੰ ਇਹ ਕਹਿਕੇ ਸਮਝਾਉਂਦਾ ਹੈ ਕਿ "ਸਾਹਿਬ ਬਹਾਦਰ, ਧੀਰਜ ਕਰੋ, ਬੱਚਾ ਹੈ, ਜ਼ਿੱਦ ਕਰ ਰਿਹਾ ਹੈ। ਮਹਾਰਾਜ ਛੇਤੀ ਕਰੋ ਸਭ ਤੁਹਾਡੇ ਵਲ ਵੇਖ ਰਹੇ ਨੇ।" ਜਿਉਂ ਹੀ ਤੇਜ ਸਿੰਘ ਮੱਥੇ 'ਤੇ ਤਿਲਕ ਲਵਾਉਣ ਲਈ ਅੱਗੇ ਵੱਧ ਕੇ ਸਿਰ ਝੁਕਾਂਦਾ ਹੈ ਤਾਂ ਦਲੀਪ ਸਿੰਘ ਉਸ ਨੂੰ ਲੱਤ ਕੱਢ ਮਾਰਦਾ ਹੈ। ਇਥੋਂ ਉਸ ਦੀ ਦਲੇਰੀ ਤੇ ਦ੍ਰਿੜਤਾ ਦਾ ਸਬੂਤ ਮਿਲਦਾ ਹੈ। ਇਕ ਗਿਣੀ ਮਿੱਥੀ ਸਾਜਿਸ਼ ਦੇ ਤਹਿਤ ਲਾਰੰਸ ਬਾਲ ਦਲੀਪ ਸਿੰਘ ਨੂੰ ਸ਼ਾਲਾਮਾਰ ਬਾਗ਼ ਵਿਚ ਪਿਕਨਿਕ ਲਈ ਭੇਜਦਾ ਹੈ। ਸ਼ਿਕਾਰ ਖੇਡਣ ਦੇ ਲਾਲਚ ਵਿਚ ਆ ਕੇ, ਉਹ ਕੰਵਰ ਸ਼ਿਵਦੇਵ ਸਿੰਘ ਨਾਲ ਪਿਕਨਿਕ 'ਤੇ ਚਲਿਆ ਜਾਂਦਾ ਹੈ। ਵਲਾਇਤ ਤੋਂ ਆਏ ਚਾਬੀ ਦੇ ਖਿਡੌਣੇ ਖ਼ਾਸ ਤੌਰ 'ਤੇ ਉਸ ਦੇ ਲਈ ਭੇਜੇ ਗਏ ਸਨ। ਸਾਜਿਸ਼ ਰਾਣੀ ਜਿੰਦਾਂ ਨੂੰ ਕੈਦ ਕਰਕੇ ਸ਼ੇਖੂਪੁਰੇ ਦੇ ਕਿਲ੍ਹੇ ਵਿਚ ਭੇਜਣ ਦੀ ਸੀ ਤਾਂ ਜੋ ਉਸ ਨੂੰ ਮਹਾਰਾਜੇ ਦੀ ਸਰਪ੍ਰਸਤੀ ਤੋਂ ਮੁਕਤ ਕੀਤਾ ਜਾ ਸਕੇ। ਇਸ ਨਿੱਕੀ ਨੰਨ੍ਹੀ ਜਾਨ ਦੀ ਖ਼ਾਤਰ ਰਾਣੀ ਜਿੰਦਾਂ ਕਈ ਜ਼ਫ਼ਲ ਜਾਲਦੀ ਹੈ।

ਆਖ਼ਰ ! ਕੰਪਨੀ ਦੀ ਸਰਕਾਰ, ਮਹਾਰਾਜਾ ਦਲੀਪ ਸਿੰਘ ਨੂੰ ਰਾਣੀ ਜਿੰਦਾਂ ਤੋਂ ਅਲਹਿਦਾ ਕਰਕੇ ਲੰਡਨ ਭੇਜ ਦਿੰਦੀ ਹੈ। ਉਹ ਸਿੱਖੀ ਸਰੂਪ ਤੋਂ ਮੁਕਤ ਹੋ ਕੇ ਇਸਾਈ ਬਣ ਜਾਂਦਾ ਹੈ। 14 ਕੁ ਸਾਲਾਂ ਮਗਰੋਂ ਕਲਕੱਤੇ ਦੇ ਸਪੈਨਸਿਜ਼ ਹੋਟਲ ਦੇ ਇਕ ਕਮਰੇ ਵਿਚ ਰਾਣੀ ਜਿੰਦਾਂ ਨਾਲ ਉਸ ਦੀ ਮੁਲਾਕਾਤ ਹੁੰਦੀ ਹੈ। ਉਦੋਂ ਉਹ 24 ਸਾਲਾਂ ਦਾ ਭਰਵਾਂ ਤੇ ਸੁਨੱਖਾ ਗੱਭਰੂ ਸੀ। ਰਾਣੀ ਜਿੰਦਾਂ, ਛੁੱਪਦੀ ਛੁਪਾਂਦੀ ਕਾਠਮੰਡੂ ਤੋਂ ਇਥੇ ਪਹੁੰਚਦੀ ਹੈ। ਉਸ ਦੀਆਂ ਅੱਖਾਂ ਦੀ ਜੋਤ ਮਧਮ ਪੈ ਚੁੱਕੀ ਹੋਈ ਹੈ। ਦਲੀਪ ਸਿੰਘ ਦੇ ਮੂੰਹੋਂ 'ਮੰਮੀਂ' ਸ਼ਬਦ ਸੁਣ ਕੇ, ਉਸ ਨੂੰ ਓਪਰਾ ਜਿਹਾ ਪ੍ਰਤੀਤ ਹੁੰਦੀ ਹੈ, ਪਰ, ਮਾਂ ਦੀਆਂ ਆਂਦਰਾਂ ਉਸ ਨੂੰ ਪਛਾਣ ਲੈਂਦੀਆਂ ਹਨ। ਰਾਣੀ ਜਿੰਦਾਂ ਉਸ ਨੂੰ ਕਹਿੰਦੀ ਹੈ ਕਿ ਜੇਕਰ ਉਸਨੇ ਉਸਦਾ ਹੁਕਮ ਮੰਨਿਆ ਹੁੰਦਾ ਤਾਂ ਉਹ ਕਦੀ ਧਰਮ ਨਾ ਹਾਰਦਾ। ਜਦੋਂ ਉਹ ਦਲੀਪ ਸਿੰਘ ਨੂੰ ਪੰਜਾਬ ਵਾਪਸ ਜਾਣ ਵਾਸਤੇ ਤਿਆਰ ਹੋਣ ਲਈ ਕਹਿੰਦੀ ਹੈ ਤਾਂ ਉਹ ਕਹਿ ਉਠਦਾ ਹੈ "ਮਾਤਾ ਜੀ ਤੁਸੀਂ 14 ਸਾਲਾਂ ਵਿਚ ਜ਼ਰਾ ਨਹੀਂ ਬਦਲੇ ਲੱਗਦੇ।" ਰਾਣੀ ਜਿੰਦਾਂ ਜਵਾਬ ਵਿਚ ਕਹਿੰਦੀ ਹੈ ਕਿ ਨਿਸ਼ਾਨੇ 'ਤੇ ਪੁੱਜੇ ਬਿਨਾ ਉਹ ਕਿਵੇਂ ਬਦਲ ਸਕਦੀ ਸੀ। ਇਸ ਸੰਬੰਧ ਵਿਚ ਦੋਹਾਂ ਵਿਚਕਾਰ ਸਥਾਪਤ ਹੋਇਆ ਇਹ ਵਾਰਤਾਲਾਪ ਵਿਸ਼ੇਸ਼ ਕਰਕੇ ਸਾਡਾ ਧਿਆਨ ਆਪਣੇ ਵਲ ਖਿੱਚਦਾ ਹੈ :-

"ਦਲੀਪ : ਮਾਤਾ ਜੀ, ਤੁਸੀਂ ਬਹੁਤ ਦਲੇਰ ਤੇ ਬਹਾਦਰ ਓ, ਪਰ ਕੌੜੇ ਸੱਚ ਨੂੰ ਵੀ ਤਾਂ ਸਵੀਕਾਰ ਕਰੋ।

ਜਿੰਦਾਂ : ਕੀ ਹੈ ਤੇਰਾ ਕੌੜਾ ਸੱਚ?

ਦਲੀਪ : ਸ਼ਕਤੀਸ਼ਾਲੀ ਬਰਤਾਨਵੀ ਰਾਜ, ਜਿਸ 'ਤੇ ਸੂਰਜ ਨਹੀਂ ਛੁੱਪਦਾ,
ਜਿਸ ਨਾਲ ਟਕਰਾ ਕੇ ਅਸੀਂ ਚਕਨਾ ਚੂਰ ਹੋ ਜਾਵਾਂਗੇ।

ਜਿੰਦਾਂ : ਕੀ ਤੂੰ ਪੰਜਾਬ ਜਾਣ ਲਈ ਤਿਆਰ ਨਹੀਂ?

ਦਲੀਪ : ਮਾਤਾ ਜੀ, ਹਕੀਕਤ ਨੂੰ ਪਛਾਣੋ, ਅਜੇ ਵਕਤ ਨਹੀਂ।" (ਪੰਨਾ 66)

ਇਸ ਵਾਰਤਾਲਾਪ ਵਿਚੋਂ ਦਲੀਪ ਸਿੰਘ ਤੇ ਰਾਣੀ ਜਿੰਦਾਂ ਦੀ ਸ਼ਖ਼ਸੀਅਤ ਦੇ ਕੁਝ ਪੱਖ ਉਭਰ ਕੇ ਸਾਮ੍ਹਣੇ ਆਉਂਦੇ ਹਨ। ਮਾਂ, ਪੰਜਾਬ ਵਾਸਤੇ ਜਜ਼ਬਾਤੀ ਹੈ। ਪਰ, ਦਲੀਪ ਸਿੰਘ ਕੌੜੀ ਹਕੀਕਤ ਨੂੰ ਸਮਝਦਾ ਹੈ। ਓਪਰੀ ਦ੍ਰਿਸ਼ਟੀ ਤੋਂ ਇਸ ਨੂੰ ਕਮਜ਼ੋਰੀ ਕਿਹਾ ਜਾ ਸਕਦਾ ਹੈ। ਪਰ, ਜਦੋਂ ਅਸੀਂ ਹਾਲਾਤ ਨੂੰ ਸਮੁੱਚੇ ਪ੍ਰਸੰਗ ਵਿਚ ਰੱਖਕੇ ਵੇਖਦੇ ਹਾਂ ਤਾਂ ਇਹੀ ਗੱਲ ਸਿਆਣਪ ਭਰੀ ਲੱਗਣ ਲੱਗਦੀ ਹੈ। ਜਦੋਂ ਰਾਣੀ ਜਿੰਦਾਂ ਆਪਣੇ ਅੰਤਮ ਸਾਹਾਂ 'ਤੇ ਹੁੰਦੀ ਹੈ ਤਾਂ ਉਹ ਦਲੀਪ ਸਿੰਘ ਨੂੰ ਤਿੰਨ ਕੰਮ ਕਰਨ ਲਈ ਕਹਿੰਦੀ ਹੈ। ਇਸ ਸੰਬੰਧ ਵਿਚ ਇਨ੍ਹਾਂ ਦੋਹਾਂ ਵਿਚਕਾਰ ਸਥਾਪਤ ਹੋਇਆ ਵਾਰਤਾਲਾਪ ਵੀ ਕਾਫ਼ੀ ਮਹੱਤਵਪੂਰਣ ਹੈ। ਇਹ ਵਾਰਤਾਲਾਪ ਇਸ ਤਰ੍ਹਾਂ ਹੈ :-

ਜਿੰਦਾਂ : ਛੇਤੀ ਤੋਂ ਛੇਤੀ ਤੂੰ ਸਿੱਖ ਧਰਮ ਕਬੂਲ ਕਰ ਲੈ। ਇਸ ਨਾਲ ਤੇਰਾ ਰੂਹਾਨੀ ਰਿਸ਼ਤਾ ਕਾਇਮ ਹੋ ਜਾਵੇਗਾ।

ਦਲੀਪ : ਮੈਂ ਪ੍ਰਤਿਗਿਆ ਕਰਦਾ ਹਾਂ। ਤੁਹਾਡੀ ਇੱਛਾ ਜ਼ਰੂਰ ਪੂਰੀ ਕਰਾਂਗਾ, ਪਰ ਇੰਗਲੈਂਡ ਤੋਂ ਬਾਹਰ ਜਾ ਕੇ।
ਜਿੰਦਾਂ : ਦੂਜੀ ਗੱਲ, ਤੂੰ ਅਟਾਰੀ ਵਾਲਿਆਂ ਦੇ ਸ਼ਾਦੀ ਕਰ ਲਈਂ। ਤੇਰਾ ਨਾਤਾ ਮੁੜ ਪੰਜਾਬ ਨਾਲ ਜੁੜ ਜਾਵੇਗਾ।
ਦਲੀਪ : ਜ਼ਰੂਰ ਕੋਸ਼ਿਸ਼ ਕਰਾਂਗਾ ਜੇ ਮੈਨੂੰ ਪੰਜਾਬ ਜਾਣ ਦਿੱਤਾ।
ਜਿੰਦਾਂ : ਤੂੰ ਮੇਰੇ ਸਸਕਾਰ ਦੇ ਬਹਾਨੇ ਪੰਜਾਬ ਜਾ ਸਕਦਾ ਹੈਂ। ਕੋਈ ਸ਼ੰਕਾ ਵੀ ਨਹੀਂ ਕਰੇਗਾ। ਮੇਰੀ ਅੰਤਮ ਇੱਛਾ ਇਹ ਹੈ.....(ਖੰਘਦੀ ਹੈ)।
ਦਲੀਪ : ਮਾਤਾ ਜੀ, ਤੁਹਾਡੀ ਅੰਤਮ ਇੱਛਾ ਜਾਨ ਵਾਰ ਕੇ ਵੀ ਪੂਰੀ ਕਰਾਂਗਾ, ਪੂਰੀ ਤਸੱਲੀ ਰਖੋ।"

(ਪੰਨੇ : 73-74)

ਇਸ ਵਾਰਤਾਲਾਪ ਵਿਚੋਂ ਸਾਨੂੰ ਪਤਾ ਚਲਦਾ ਹੈ ਕਿ ਦਲੀਪ ਸਿੰਘ ਨੂੰ ਆਪਣੀਆਂ ਸੀਮਾਵਾਂ ਦਾ ਪੂਰਾ ਪੂਰਾ ਅਹਿਸਾਸ ਹੈ। ਇਹੀ ਵਜ੍ਹਾ ਹੈ ਕਿ ਮਾਂ ਦੇ ਦਸੇ ਹਰ ਕੰਮ ਨੂੰ ਕਰਨ ਵਾਸਤੇ ਵਚਨ ਤਾਂ ਦੇਂਦਾ ਹੈ, ਪਰ ਨਾਲ ਸ਼ਰਤ ਵੀ ਲਗਾ ਦੇਂਦਾ ਹੈ। ਜਿਵੇਂ ਕਿ ਸਿੱਖੀ ਧਾਰਨ ਅਤੇ ਅਟਾਰੀ ਵਾਲਿਆ ਦੇ ਸ਼ਾਦੀ ਤਾਂ ਕਰੇਗਾ ਜੇ ਉਸਨੂੰ ਪੰਜਾਬ ਜਾਣ ਦਿੱਤਾ ਗਿਆ ਆਦਿ ਆਦਿ। ਉਸ ਕੇ ਕਥਨਾਂ ਵਿਚ ਸਿਆਣਪ ਤੇ ਸੂਲਝਿਆਪਨ ਹੈ। ਪਰ, ਉਸ ਅੰਦਰ ਮਾਂ ਵਾਲੀ ਪੰਜਾਬ ਪ੍ਰਤੀ ਭਾਵੁਕਤਾ ਨਹੀਂ ਹੈ। ਸਿੱਖੀ ਪ੍ਰਤੀ ਮੋਹ ਵੀ ਤੀਬਰ ਨਹੀਂ ਹੈ। ਉਹ ਹਾਲਾਤ ਨਾਲ ਜੂਝਣ ਦੀ ਥਾਂਵੇ ਸਮਝੌਤਾ ਕਰਨ ਵਿਚ ਯਕੀਨ ਹੈ। ਇਸ ਨਾਟਕ ਵਿਚ ਮਹਾਰਾਜਾ ਦਲੀਪ ਸਿੰਘ ਦਾ ਰੋਲ ਕੇਂਦਰੀ ਨਾ ਹੋਣ ਕਰਕੇ, ਉਸ ਨੂੰ ਇਥੇ ਬਹੁਤੀ ਅਹਿਮੀਅਤ ਨਹੀਂ ਮਿਲ ਸਕੀ। ਉਸਦੀ ਅਸਲ ਸ਼ਖ਼ਸੀਅਤ ਦੇ ਬਹੁਤੇ ਪੱਖ ਵੀ ਇਥੇ ਉਜਾਗਰ ਨਹੀਂ ਹੋ ਸਕੇ। ਖ਼ੈਰ! ਨਾਟਕੀ-ਕਾਰਜ ਦੀ ਲੋੜ ਮੁਤਾਬਕ, ਉਸ ਦਾ ਚਰਿੱਤਰ-ਚਿੱਤਰਣ ਬਾਖ਼ੂਬੀ ਹੋਇਆ ਹੈ। ਰਾਦੀ ਜਿੰਦਾਂ ਦੇ ਮੁਕਾਬਲੇ ਵਿਚ ਉਸ ਦਾ ਭਰਵਾਂ ਬਿੰਬ ਉਜਾਗਰ ਹੋਣੋਂ ਰਹਿ ਗਿਆ ਹੈ। ਅਜਿਹਾ ਹੋਣਾ ਹੀ ਸੀ, ਕਿਉਂਕਿ ਨਾਟਕਕਾਰ ਦਾ ਮੂਲ ਉਦੇਸ਼ ਰਾਣੀ ਜਿੰਦਾਂ ਦੇ ਵਿਗੜੇ ਬਿੰਬ ਨੂੰ ਸੁਧਾਰ ਕੇ ਪੇਸ਼ ਕਰਨ ਦਾ ਸੀ, ਨਾ ਕਿ ਮਹਾਰਾਜਾ ਦਲੀਪ ਸਿੰਘ ਨੂੰ ਉਭਾਰਣ ਨਾਲ ਸੰਬੰਧਤ ਸੀ।

(ਏ) ਰਾਜਾ ਸ਼ੇਰ ਸਿੰਘ ਅਟਾਰੀ :- ਦੂਸਰੇ ਇਤਿਹਾਸਕ ਪਾਤਰਾਂ ਦੀ ਤਰ੍ਹਾਂ ਰਾਜਾ ਸ਼ੇਰ ਸਿੰਘ ਅਟਾਰੀ ਵੀ ਇਸ ਨਾਟਕ ਨਾਲ ਸੰਬੰਧਤ ਇਕ ਸਹਾਇਕ ਪਾਤਰ ਹੈ। ਨਾਟਕ ਵਿਚੋਂ ਸੂਚਨਾ ਮਿਲਦੀ ਹੈ ਕਿ ਰਾਜਾ ਸ਼ੇਰ ਸਿੰਘ ਅਟਾਰੀ ਰਾਣੀ ਜਿੰਦਾਂ ਦੇ ਪਰਿਵਾਰ ਨਾਲ ਰਿਸ਼ਤੇਦਾਰੀ ਦੇ ਤੌਰ 'ਤੇ ਡੂੰਘੀ ਤਰ੍ਹਾਂ ਸੰਬੰਧਤ ਸੀ। 'ਰਾਣੀ ਜਿੰਦਾਂ ਨਾਟਕ ਦੇ ਪਹਿਲੇ ਐਕਟ ਦੀ ਦੂਜੀ ਝਾਕੀ ਵਿਚ ਉਹ ਸਾਮ੍ਹਣੇ ਆਉਂਦਾ ਹੈ। ਖ਼ਾਸ ਤੌਰ 'ਤੇ ਉਦੋਂ ਜਦੋਂ 17 ਅਗਸਤ 1847 ਨੂੰ ਕੰਪਨੀ ਦੀ ਸਰਕਾਰ ਵੱਲੋਂ ਉਚੇ ਚੇ ਤੌਰ 'ਤੇ ਖ਼ਾਲਸਾ ਦਰਬਾਰ ਦਾ ਆਯੋਜਨ ਕੀਤਾ ਜਾਂਦਾ ਹੈ। ਜਿਸ ਵਿਚ ਤੇਜ ਸਿੰਘ ਨੂੰ ਰਾਜ-ਤਿਲਕ ਲਗਾਉਣ ਦੀ ਰਸਮ ਅਦਾ ਕਰਕੇ, ਉਸ ਨੂੰ ਰਾਜਾ ਦਾ ਖ਼ਿਤਾਬ ਦਿੱਤਾ ਜਾਣਾ ਹੈ। ਜਦੋਂ ਮਹਾਰਾਜਾ ਦਲੀਪ ਸਿੰਘ ਗੁੱਸੇ ਵਿਚ ਆ ਕੇ ਤੇਜ ਸਿੰਘ ਨੂੰ ਲੱਤ ਮਾਰਦਾ ਹੈ ਤਾਂ ਸ਼ੇਰ ਸਿੰਘ ਅਟਾਰੀ ਵੀ ਉਥੇ ਮੌਜੂਦ ਹੈ। ਤੇਜ ਸਿੰਘ ਇਸ ਸਾਰੀ ਘਟਨਾ ਨੂੰ ਰਾਣੀ ਜਿੰਦਾਂ ਦੀ ਸ਼ਰਾਰਤ ਦਾ ਨਤੀਜਾ ਦਸਦਾ ਹੈ ਤਾਂ ਸ਼ੇਰ ਸਿੰਘ ਉਸ ਨਾਲ ਖਹਿਬੜ ਪੈਂਦਾ ਹੈ। ਉਸ ਅਨੁਸਾਰ ਇਸ ਵਿਚ ਰਾਜਮਾਤਾ ਦਾ ਕੋਈ ਦੋਸ਼ ਨਹੀਂ। ਸਹੀ ਲਈ ਬਹਿਸ ਕਰਨ ਤੋਂ ਰਤਾ ਨਹੀਂ ਝੱਕਦਾ। ਉਸ ਦੇ ਬੋਲਾਂ ਵਿਚ ਦਲੇਰੀ ਹੈ ਤੇ ਵਿਚਾਰਾਂ ਦੀ ਸਪਸ਼ਟਤਾ। ਉਸਦੇ ਸੁਭਾਅ ਅੰਦਰ ਪੰਜਾਬੀਆਂ ਵਾਲੀ ਅਣਖ ਵੀ ਮੌਜੂਦ ਹੈ। ਭਾਵੇਂ ਉਹ ਰੈਜ਼ੀਡੈਂਟ ਹੈਨਰੀ ਲਾਰੰਸ ਦੀ ਸੱਜੀ ਬਾਂਹ ਬਣਿਆ ਹੋਇਆ ਹੈ, ਪਰ ਉਸ ਦੇ ਮਨ ਵਿਚ ਰਾਜਮਾਤਾ ਰਾਣੀ ਜਿੰਦਾਂ ਦੇ ਪ੍ਰਤੀ ਹਮਦਰਦੀ ਮੌਜੂਦ ਹੈ। ਪੰਜਾਬੀ ਮਾਨਸਿਕਤਾ ਨੂੰ ਉਹ ਬਾਖ਼ੂਬੀ ਸਮਝਦਾ ਹੈ ਅਤੇ ਲਾਰੰਸ ਨੂੰ ਪੰਜਾਬੀ ਸੁਭਾਅ ਦੇ ਬਹਾਦਰੀ ਤੇ ਅੱਣਖ ਵਾਲੇ ਗੁਣਾਂ ਬਾਰੇ ਦੱਸਣ ਵਿਚ ਰਤਾ ਵੀ ਸੰਕੋਚ ਨਹੀਂ ਕਰਦਾ। ਉਸ ਦੀ ਤੀਬਰ ਇੱਛਾ ਹੈ ਕਿ ਉਸ ਦੀ ਭੈਣ ਦੀ ਥਾਂ ਤੇ ਉਸ ਦੀ ਧੀ ਦੀ ਸ਼ਾਦੀ ਮਹਾਰਾਜਾ ਦਲੀਪ ਸਿੰਘ ਨਾਲ ਹੋ ਜਾਏ। ਪਰ, ਕੰਪਨੀ ਦੀ ਸਰਕਾਰ ਨੂੰ ਇਹ ਸ਼ਾਦੀ ਪਰਵਾਨ ਨਹੀਂ।

ਇਸ ਮਗਰੋਂ ਨਾਟਕ ਵਿਚ ਸ਼ੇਰ ਸਿੰਘ ਅਟਾਰੀ ਦਾ ਜ਼ਿਕਰ ਸਿਰਫ਼ ਉਦੋਂ ਹੀ ਆਉਂਦਾ ਹੈ ਜਦੋਂ ਬੇਗਮ ਦੇ ਭੇਸ ਵਿਚ ਰਾਣੀ ਜਿੰਦਾਂ, ਮੇਜਰ ਨਾਲ ਗੱਲਬਾਤ ਕਰ ਰਹੀ ਹੁੰਦੀ ਹੈ। ਮੇਜਰ ਉਸ ਨੂੰ ਦਸਦਾ ਹੈ ਕਿ ਰਾਣੀ ਜਿੰਦਾਂ ਨੇ ਹਕੂਮਤ ਦੇ ਖ਼ਿਲਾਫ਼ ਬਗਾਵਤ ਕਰਵਾ ਦਿੱਤੀ ਹੈ ਅਤੇ ਰਾਜਾ ਸ਼ੇਰ ਸਿੰਘ ਵੀ ਬਾਗ਼ੀਆਂ ਨਾਲ ਮਿਲ ਗਿਆ ਹੈ। ਨਾਟਕ ਦੇ ਅਖ਼ੀਰ 'ਤੇ ਵੀ ਸ਼ੇਰ ਸਿੰਘ ਅਟਾਰੀ ਦਾ ਪਰੋਖ ਰੂਪ ਵਿਚ ਜ਼ਿਕਰ ਆਉਂਦਾ ਹੈ। ਜਦੋਂ ਰਾਣੀ ਜਿੰਦਾਂ ਆਪਣੀ ਅੰਤਮ ਇੱਛਾ ਆਪਦੇ ਪੁੱਤਰ ਦਲੀਪ ਸਿੰਘ ਨੂੰ ਦਸਦੀ ਹੈ।

ਇਸ ਤਰ੍ਹਾਂ ਸ਼ੇਰ ਸਿੰਘ ਅਟਾਰੀ ਭਾਵੇਂ ਕੋਈ ਕੇਂਦਰੀ ਭੂਮਿਕਾ ਨਿਭਾਉਣ ਵਾਲਾ ਪਾਤਰ ਨਹੀਂ ਹੈ ਪਰ ਫਿਰ ਵੀ ਨਾਟਕਕਾਰ ਨੇ ਨਾਟਕੀ ਕਾਰਜ ਦੀਆਂ ਲੋੜਾਂ ਅਨੁਸਾਰ ਸੰਵਾਦਾਂ ਰਾਹੀਂ ਉਸ ਦੇ ਚਰਿੱਤਰ ਦੀਆਂ ਖ਼ੂਬੀਆਂ ਨੂੰ ਉਭਾਰਣ ਦਾ ਯਤਨ ਕੀਤਾ ਹੈ।

(ਸ) ਰਾਜਾ ਤੇਜ ਸਿੰਘ :- ਰਾਜਾ ਤੇਜ ਸਿੰਘ ਇਸ ਨਾਟਕ ਵਿਚ ਖ਼ਲਨਾਇਕ (villian) ਦੀ ਭੂਮਿਕਾ ਨਿਭਾਉਣ ਵਾਲਾ ਪਾਤਰ ਹੈ। ਉਹ ਆਪਣੇ ਸਵਾਰਥ ਦੀ ਪੂਰਤੀ ਲਈ ਕੰਪਨੀ ਸਰਕਾਰ ਨੂੰ ਰਾਣੀ ਜਿੰਦਾਂ ਦੇ ਖ਼ਿਲਾਫ਼ ਬਹੁਤ ਭੜਕਾਉਂਦਾ ਹੈ ਅਤੇ ਉਸ ਪ੍ਰਤੀ ਆਪਣੀ ਵਫ਼ਾਦਾਰੀ ਦੇ ਸਬੂਤ ਦੇ ਕੇ, ਅੰਗ੍ਰੇਜ਼ੀ ਹਕੂਮਤ ਕੋਲੋਂ 'ਰਾਜੇ' ਦਾ ਖ਼ਿਤਾਬ ਹਾਸਲ ਕਰਦਾ ਹੈ। ਨਾਟਕ

ਦੇ ਪਹਿਲੇ ਐਕਟ ਦੀ ਪਹਿਲੀ, ਦੂਜੀ, ਤੀਜੀ ਤੇ ਚੌਥੀ ਝਾਕੀ ਵਿਚ ਉਸ ਦਾ ਨਾਂਹ-ਪੱਖੀ ਕਿਰਦਾਰ ਪ੍ਰਗਟ ਹੁੰਦਾ ਹੈ। ਪਹਿਲੀ ਝਾਕੀ ਵਿਚ ਬਾਬਾ ਬਾਗ਼ੀ, ਰਾਣੀ ਜਿੰਦਾਂ ਨੂੰ ਇਹ ਗੁਪਤ ਸੂਚਨਾ ਦੇਂਦਾ ਹੈ ਕਿ ਅੱਗਲੇ ਦਿਨ ਉਚੇਚੇ ਤੌਰ 'ਤੇ ਲੱਗਣ ਵਾਲੇ ਖ਼ਾਲਸਾ ਦਰਬਾਰ ਵਿਚ ਤੇਜ ਸਿੰਘ ਨੂੰ ਮਹਾਰਾਜਾ ਦਲੀਪ ਸਿੰਘ ਦੇ ਹੱਥੋਂ ਰਾਜ-ਤਿਲਕ ਕਰਵਾਇਆ ਜਾਵੇਗਾ। ਇਹ ਖ਼ਬਰ ਸੁਣਦੇ ਸਾਰ ਰਾਣੀ ਜਿੰਦਾਂ ਗੁੱਸੇ ਨਾਲ ਭੜਕ ਉੱਠਦੀ ਹੈ ਅਤੇ ਕਹਿੰਦੀ ਹੈ ਕਿ ਉਹ ਮੱਕਾਰ, ਮਹਾਂ ਨੀਚ ਗੱਦਾਰ, ਜਿਸ ਨੇ ਪੰਜਾਬ ਦਾ ਰਾਜ ਤਬਾਹ ਕੀਤਾ ਹੈ, ਤੇਜੂ ਨੂੰ ਕਦਾਚਿਤ ਰਾਜਾ ਨਹੀਂ ਬਣਨ ਦੇਵੇਗੀ। ਅਗਲੇ ਦਿਨ ਜਦੋਂ ਉਹ ਭਰੇ ਦਰਬਾਰ ਵਿਚ ਤਿਲਕ ਲਵਾਉਣ ਲਈ ਮਹਾਰਾਜੇ ਦੇ ਅੱਗੇ ਸਿਰ ਝੁਕਾਉਂਦਾ ਹੈ ਤਾਂ ਮਹਾਰਾਜਾ ਦਲੀਪ ਸਿੰਘ ਉਸ ਨੂੰ ਲੱਤ ਮਾਰਦਾ ਹੈ ਅਤੇ ਇਹ ਕਹਿਕੇ ਕਿ 'ਮੈਂ ਗਦਾਰ ਦੇ ਮੱਥੇ ਤਿਲਕ ਨਹੀਂ ਲਗਾਵਾਂਗਾ।" ਉਥੋਂ ਉਠ ਖੜੋਂਦਾ ਹੈ। ਆਖ਼ਰ! ਰੈਜ਼ੀਡੈਂਟ ਹੈਨਰੀ ਲਾਰੰਸ ਖ਼ੁਦ ਉਸ ਦੇ ਮੱਥੇ 'ਤੇ ਤਿਲਕ ਲਗਾ ਕੇ, ਰਸਮ ਨੂੰ ਪੂਰਿਆਂ ਕਰਦਾ ਹੈ। ਇਸ ਘਟਨਾ ਨਾਲ ਕੰਪਨੀ ਸਰਕਾਰ ਦੀ ਬਹੁਤ ਹੱਤਕ ਹੁੰਦੀ ਹੈ। ਰਾਜਾ ਸ਼ੇਰ ਸਿੰਘ ਬਲਦੀ ਵਿਚ ਤੇਲ ਪਾ ਕੇ, ਲਾਰੰਸ ਨੂੰ ਰਾਣੀ ਜਿੰਦਾਂ ਦੇ ਖ਼ਿਲਾਫ਼ ਖ਼ੂਬ ਭੜਕਾਉਂਦਾ ਹੈ। ਪਰੇਮਾ ਸਾਜਸ਼ੀ ਘਟਨਾ ਦੇ ਪਿੱਛੇ ਵੀ ਉਹ ਰਾਣੀ ਜਿੰਦਾਂ ਦਾ ਹੱਥ ਦਸਦਾ ਹੈ। ਉਹ ਚਾਹੁੰਦਾ ਹੈ ਕਿ ਰਾਣੀ ਜਿੰਦਾਂ ਨੂੰ ਜਲਦੀ ਤੋਂ ਜਲਦੀ ਪੰਜਾਬੋਂ ਬਾਹਰ ਕਢਿਆ ਜਾਵੇ। ਤੇਜ ਸਿੰਘ ਨੂੰ ਲੱਤ ਮਾਰਨ ਦੀ ਘਟਨਾ ਤੋਂ ਨਾਖ਼ੁਸ਼ ਹੋ ਕੇ ਹੈਨਰੀ ਲਾਰੰਸ ਰਾਣੀ ਜਿੰਦਾਂ ਦੇ ਬਾਰੇ ਵਿਚ ਆਪਣਾ ਰਵੱਈਆ ਸਖ਼ਤ ਕਰ ਲੈਂਦਾ ਹੈ ਅਤੇ ਉਸ ਨੂੰ ਸ਼ੇਖ਼ੂਪੁਰੀ ਦੇ ਕਿਲ੍ਹੇ ਵਿਚ ਨਜ਼ਰਬੰਦ ਕਰਨ ਦੀ ਯੋਜਨਾ ਬਣਾਉਂਦਾ ਹੈ। ਲਾਰੰਸ ਇਸ ਸੰਬੰਧੀ ਸ਼ਾਹੀ ਜ਼ੁੰਮੇਵਾਰੀ ਤੇਜ ਸਿੰਘ ਨੂੰ ਸੌਪਦਾ ਹੈ।

ਰਾਜਾ ਤੇਜ ਸਿੰਘ ਜਦੋਂ ਰਾਣੀ ਜਿੰਦਾਂ ਨੂੰ ਲਾਰੰਸ ਦਾ ਹੁਕਮ ਸੁਣਾਉਂਦਾ ਹੈ ਤਾਂ ਉਹ ਭੜਕ ਉਠਦੀ ਹੈ। ਰਾਣੀ ਜਿੰਦਾਂ ਉਸ ਨੂੰ ਬੁੱਕਲ ਵਿਚ ਜ਼ਹਿਰੀਲਾ ਸੱਪ, ਮੱਕਾਰ, ਗੱਦਾਰ ਤੇ ਦੇਸ਼ ਧਰੋਹੀ ਤੱਕ ਕਹਿਕੇ ਦੁਰਕਾਰਦੀ ਹੈ। ਪਰ, ਉਹ ਮਕਾਰ ਬਣਕੇ ਆਪਣੇ ਤਰਕ ਪੇਸ਼ ਕਰਦਾ ਹੈ ਅਤੇ ਉਥੋਂ ਜਾਣ ਲਈ ਪ੍ਰੇਰਦਾ ਹੈ। ਕਿਉਂਕਿ, ਲਾਰੰਸ ਨੇ ਉਸ ਨੂੰ ਇਸ ਸੰਬੰਧ ਵਿਚ ਟੈਕਟ ਤੇ ਨਰਮੀ ਤੋਂ ਕੰਮ ਲੈਣ ਲਈ ਕਿਹਾ ਸੀ। ਜਦੋਂ ਰਾਣੀ ਜਿੰਦਾਂ ਅੱਗੇ ਉਸ ਦੀ ਕੋਈ ਪੇਸ਼ ਨਹੀਂ ਜਾਂਦੀ ਤਾਂ ਉਹ ਸਾਰਜੈਂਟ ਦਾ ਡਰਾਵਾ ਵੀ ਦੇਂਦਾ ਹੈ। ਰਾਣੀ ਜਿੰਦਾਂ ਦੀ ਦੁਰਕਾਰ ਦੇ ਨਾਲ ਨਾਲ ਸਾਰਜੈਂਟ ਕੋਲੋਂ ਵੀ ਉਸ ਨੂੰ ਝਾੜ ਸਹਿਣੀ ਪੈਂਦੀ ਹੈ। ਸਾਰਜੈਂਟ ਉਸ ਨੂੰ ਡਾਂਟਦਾ ਹੋਇਆ ਇਥੋਂ ਤੱਕ ਕਹਿ ਜਾਂਦਾ ਹੈ ਕਿ "ਕੋਈ ਬਾਤ ਕਿਉਂ ਨਹੀਂ, ਤੁਮ ਖ਼ਾਕ ਵਜ਼ੀਰ ਆਜ਼ਮ ਹੈ, ਤੁਮਹਾਰਾ ਕੁਝ ਰੋਅਬ ਨਹੀਂ ਹੈ।"

ਇਥੋਂ ਤੱਕ ਕਿ ਰਾਜਾ ਸ਼ੇਰ ਸਿੰਘ ਅਟਾਰੀ ਵੀ ਉਸ ਨੂੰ ਸਖ਼ਤ ਨਫ਼ਰਤ ਕਰਦਾ ਹੈ। ਉਹ ਹੈਨਰੀ ਲਾਰੰਸ ਨੂੰ ਦਸਦਾ ਹੈ ਕਿ ਸਾਰਾ ਪੰਜਾਬ ਤੇਜ ਸਿੰਘ ਨੂੰ ਨਫ਼ਰਤ ਕਰਦਾ ਹੈ। ਇਸ ਲਈ ਸਭ ਤੋਂ ਪਹਿਲਾਂ ਉਸ ਨੂੰ ਰਾਜ ਤਿਲਕ ਨਹੀਂ ਸੀ ਲਵਾਣਾ ਚਾਹੀਦਾ। ਜਦੋਂ ਲਾਰੰਸ ਉਸ ਦੇ ਖ਼ਾਲਸਾ ਕੌਂਸਿਲ ਦੇ ਪ੍ਰੈਜ਼ੀਡੈਂਟ ਹੋਣ ਦਾ ਤਰਕ ਪੇਸ਼ ਕਰਦਾ ਹੈ ਤਾਂ ਉਹ ਕਹਿਣ ਵਿਚ ਰਤਾ ਸੰਕੋਚ ਨਹੀਂ ਕਰਦਾ ਕਿ ਪ੍ਰੈਜ਼ੀਡੈਂਟ ਵੀ ਤਾਂ ਤੁਸੀਂ ਹੀ ਉਸਨੂੰ ਬਣਾਇਆ ਹੈ। ਇਉਂ ਰਾਜਾ ਤੇਜ ਸਿੰਘ ਦਾ ਕਿਰਦਾਰ ਰੀਦਾ ਤੇ ਨਿੰਦਣੀ ਹੈ। ਉਹ ਅੰਗ੍ਰੇਜ਼ੀ ਹਕੂਮਤ ਦਾ ਜੁੱਤੀ ਚੱਟ ਵਫ਼ਦਾਰ ਮੁਲਾਜ਼ਮ ਹੈ। ਆਪਣੇ ਸਵਾਰਥ ਦੀ ਪੂਰਤੀ ਲਈ ਉਹ ਕੁਝ ਵੀ ਕਰ ਸਕਦਾ ਜਾਂ ਹੇਠਾਂ ਤੋਂ ਹੇਠਾਂ ਤੱਕ ਡਿੱਗ ਸਕਦਾ ਹੈ। ਅੰਗ੍ਰੇਜ਼ ਪੱਖੀ ਬਣਕੇ, ਉਹ ਆਪਣੇ ਸਵਾਰਥਾਂ ਦੀ ਪੂਰਤੀ ਕਰਦਾ ਹੈ। ਪਰ ਉਸ ਨੂੰ ਇਹ ਨਹੀਂ ਪਤਾ ਕਿ ਅੰਗ੍ਰੇਜ਼ ਕਿਸੇ ਦਾ ਵੀ ਸਕਾ ਨਹੀਂ ਹੈ। ਉਹ ਤਾਂ ਰਾਣੀ ਜਿੰਦਾਂ ਨਾਲੋਂ ਤੋੜਣ ਲਈ ਹੀ ਸਰਦਾਰਾਂ ਨੂੰ ਖ਼ਿਤਾਬ ਖ਼ਿਲਤਾਂ ਤੇ ਜਗੀਰਾਂ ਆਦਿ ਬਖਸ਼ ਰਿਹੈ। ਇਉਂ, ਇਹ ਕੋਈ ਦੂਰ-ਅੰਦੇਸ਼ੀ ਜਾਂ ਸੁਘੜ ਸਿਆਣਾ ਪਾਤਰ ਨਹੀਂ ਹੈ। ਬੇਵਫ਼ਾਈ ਤੇ ਧੋਖੇਬਾਜ਼ੀ ਉਸ ਦੇ ਅੰਦਰ ਕੁੱਟ ਕੁੱਟ ਕੇ ਭਰੀ ਹੋਈ ਹੈ। ਕੁਲ ਮਿਲਾਕੇ ਇਹ ਹੀ ਕਿਹਾ ਜਾਏਗਾ ਕਿ ਰਾਜਾ ਤੇਜ ਸਿੰਘ ਮੂਲ ਰੂਪ ਵਿਚ ਇਕ ਨਾਂਹ ਪੱਖੀ (nagative) ਪਾਤਰ ਹੈ ਜੋ ਇਸ ਨਾਟਕ ਵਿਚ ਖ਼ਲਨਾਇਕ ਅੰਗ੍ਰੇਜ਼ਾਂ ਦੀ ਸਹਾਇਕ ਸ਼ਕਤੀ ਬਣਕੇ ਉੱਭਰਦਾ ਹੈ। ਹਰ ਕਿਸਮ ਦੀ ਜ਼ਲਾਲਤ, ਝਾੜ ਖਾਣ ਵਿਚ ਉਹ ਮਾਹਿਰ ਹੈ। ਨਾਟਕ ਵਿਚ ਉਸਨੂੰ ਖ਼ਾਲਸਾ-ਰਾਜ ਦੀ ਤਬਾਹੀ ਦਾ ਇਕ ਮਹੱਤਵਪੂਰਣ ਕਾਰਨ ਦੱਸਿਆ ਗਿਆ ਹੈ।

(ਹ) ਹੈਨਰੀ ਲਾਰੰਸ ਅਤੇ ਫ਼ਰੈਡਰਿਕ ਕਰੀ :- ਰੈਜ਼ੀਡੈਂਟ ਹੈਨਰੀ ਲਾਰੰਸ ਅਤੇ ਫ਼ਰੈਡਰਿਕ ਕਰੀ ਮੂਲ ਰੂਪ ਵਿਚ, ਪੰਜਾਬ ਵਿਚ ਸਥਾਪਤ ਹੋਣ ਵਾਲੀ ਅੰਗ੍ਰੇਜ਼ੀ ਹਕੂਮਤ ਦੇ ਕਾਰਕੁਨ ਹਨ। ਦੋਵੇਂ ਕੰਪਨੀ-ਸਰਕਾਰ ਦੇ ਹਮਦਰਦ ਹਨ ਅਤੇ ਪੰਜਾਬ ਵਿਚ ਖ਼ਾਲਸਾ ਰਾਜ ਖ਼ਤਮ ਕਰਕੇ, ਅੰਗ੍ਰੇਜ਼ੀ ਹਕੂਮਤ ਦੀ ਸਥਾਪਤੀ ਲਈ ਆਪੋ ਆਪਣੇ ਅੰਦਾਜ਼ ਵਿਚ ਕੰਮ ਕਰ ਰਹੇ ਹਨ। ਪਰ, ਦੋਹਾਂ ਦੀ ਸੋਚ ਵਿਚ ਕੁਝ ਫਰਕ ਹੈ। ਹੈਨਰੀ ਲਾਰੰਸ ਰੈਜ਼ੀਡੈਂਟ ਹੈ ਅਤੇ ਮਿਸਟਰ ਕਰੀ ਗਵਰਨਰ ਜਨਰਲ ਹੈਨਰੀ ਹਾਰਡਿੰਗ ਦਾ ਸੈਕਟਰੀ ਹੈ।

ਫ਼ਰੈਡਰਿਕ ਕਰੀ ਦੀ ਨਜ਼ਰ ਵਿਚ ਪੰਜਾਬੀ ਲੋਕ ਜਾਹਲ ਹਨ, ਇਸ ਲਈ ਇਨ੍ਹਾਂ ਕੋਲੋਂ ਫ਼ਾਸਲਾ ਕਾਰਨਾ ਲਾਜ਼ਮੀ ਹੈ। ਪਰ, ਹੈਨਰੀ ਲਾਰੰਸ ਦੀ ਨਜ਼ਰ ਵਿਚ ਪੰਜਾਬੀ ਲੋਕ ਬਹੁਤ ਦਲੇਰ ਤੇ ਬਹਾਦਰ ਹਨ, ਇਨ੍ਹਾਂ ਦਾ ਦਿਲ ਜਿੱਤਣ ਲਈ ਇਨ੍ਹਾਂ ਦੇ ਨਾਲ ਘੁਲਮਿਲ ਕੇ ਰਹਿਣਾ ਜ਼ਰੂਰੀ ਹੈ। ਆਪਣੇ ਇਸ ਵਿਚਾਰ ਦੀ ਪੁਸ਼ਟੀ ਲਈ ਉਹ ਦਸਦਾ ਹੈ ਕਿ ਉਸ ਦੀ ਨਰਮੀ ਵਾਲੀ ਪਾਲਸੀ ਕਰਕੇ ਹੀ ਫ਼ਿਰੋਜ਼ਪੁਰ ਦੇ ਲੋਕ ਉਸ ਉੱਪਰ ਜਾਨ ਕੁਰਬਾਨ ਕਰਨ ਲਈ ਤਿਆਰ ਸਨ। ਮਿਸਟਰ ਕਰੀ ਉਸ ਤੋਂ ਪੁੱਛਦਾ ਹੈ ਕਿ ਫਿਰ ਇਹ ਸਾਜ਼ਿਸ਼ਾਂ ਤੇ ਬਗ਼ਾਵਤਾਂ ਅੱਜ ਤੱਕ ਕਿਉਂ ਜਾਰੀ ਹਨ? ਜਵਾਬ ਵਿਚ ਲਾਰੰਸ ਦਸਦਾ

ਹੈ ਕਿ ਉਸ ਦੀ ਨਜ਼ਰ ਵਿਚ ਪੰਜਾਬੀਆਂ ਨਾਲ ਸਖ਼ਤੀ ਵਾਲਾ ਸਲੂਕ ਕੀਤਾ ਗਿਆ ਹੈ। ਉਨ੍ਹਾਂ ਨਾਲ ਕੀਤੇ ਅਹਿਦਨਾਮੇ ਦੀਆਂ ਸ਼ਰਤਾਂ ਵੀ ਬਹੁਤ ਕਰੜੀਆਂ ਰੱਖੀਆਂ ਗਈਆਂ ਹਨ।

ਹੈਨਰੀ ਲਾਰੰਸ ਦੀ ਸਪੱਸ਼ਟ ਗਲ ਹੈ ਕਿ ਪੰਜਾਬੀ ਲੋਕ ਬਹੁਤ ਬਹਾਦਰ ਦੇ ਅਣਖੀ ਹਨ। ਇਨ੍ਹਾ ਨੂੰ ਪਿਆਰ ਨਾਲ ਹੀ ਜਿੱਤਿਆ ਜਾ ਸਕਦਾ ਹੈ, ਹੈਂਕੜ ਨਾਲ ਨਹੀਂ। ਆਪਣੇ ਇਸ ਵਿਚਾਰ ਦੀ ਪੁਸ਼ਟੀ ਲਈ ਉਹ ਰਾਜਾ ਪੋਰਸ਼ ਦੀ ਮਿਸਾਲ ਦੇਂਦਾ ਹੈ ਜੋ ਹਾਰਨ ਮਗਰੋਂ ਵੀ ਸਿਕੰਦਰ ਆਜ਼ਮ ਦੇ ਅੱਗੇ ਝੁਕਿਆ ਨਹੀਂ ਸੀ। ਇਥੇ ਹੀ ਬਸ ਨਹੀਂ ਮਿਸਟਰ ਕਰੀ ਇਹ ਵੀ ਮੰਨਦਾ ਹੈ ਕਿ ਰਾਣੀ ਜਿੰਦਾਂ ਸਾਰੀਆਂ ਸ਼ਰਾਰਤਾਂ ਦੀ ਜੜ੍ਹ ਹੈ, ਉਹ ਇਕ ਖ਼ਤਰਨਾਕ ਔਰਤ ਹੈ, ਇਸ ਲਈ ਜਿਤਨੀ ਜਲਦੀ ਹੋ ਸਕੇ ਉਸ ਨੂੰ ਪੰਜਾਬੋਂ ਬਾਹਰ ਕੱਢ ਦੇਣਾ ਚਾਹੀਦਾ ਹੈ। ਪਰ, ਲਾਰੰਸ ਕਹਿੰਦਾ ਹੈ ਕਿ ਸਾਰਾ ਪੰਜਾਬ ਰਾਣੀ ਜਿੰਦਾਂ ਦੀ ਇੱਜ਼ਤ ਕਰਦਾ ਹੈ ਇੰਝ ਕੀਤਾ ਤਾਂ ਬਗਾਵਤ ਨੂੰ ਦਬਾਉਣ ਲਈ ਸਾਡੇ ਕੋਲ ਤਾਕਤ ਹੈ। ਇਹ ਲੋਕ ਕਲਮ ਨਾਲ ਨਹੀਂ ਤਲਵਾਰ ਨਾਲ ਕਾਬੂ ਆਉਣਗੇ। ਮਿਸਟਰ ਕਰੀ ਦੀਆਂ ਗੱਲਾਂ ਤੋਂ, ਲਾਰੰਸ ਨੂੰ ਉਹ ਬੜਾ ਸਖ਼ਤ ਤੇ ਸ਼ੱਕੀ ਮਿਜਾਜ਼ ਬੰਦਾ ਨਜ਼ਰ ਆਉਂਦਾ ਹੈ ਜਿਸ ਨੇ ਗਵਰਨਰ ਜਨਰਲ ਹੈਨਰੀ ਹਾਰਡਿੰਗ ਦੇ ਕੰਨ ਭਰੇ ਸਨ। ਦੋਹਾਂ ਦਾ ਨਿਸ਼ਾਨਾ ਤੇ ਟੀਚਾ ਇਕੋ ਹੈ-ਉਹ ਹੈ ਪੰਜਾਬ ਵਿਚ ਅੰਗ੍ਰੇਜ਼ੀ ਰਾਜ ਦੀ ਸਥਾਪਤੀ। ਭਾਵੇਂ, ਸਥਿਤੀਆਂ ਨਾਲ ਨਿਪਟਣ ਦੀਆਂ ਦੋਹਾਂ ਦੀਆਂ ਵਿਧੀਆਂ ਵਿਚ ਕੁਝ ਭਿੰਨਤਾ ਜ਼ਰੂਰ ਹੈ।

ਮੂਲ ਰੂਪ ਵਿਚ ਇਹ ਦੋਵੇਂ ਪਾਤਰ ਸਾਜਿਸ਼ੀ ਹਨ। ਆਪਣੀਆਂ ਸਿਆਸੀ ਚਾਲਾਂ ਨਾਲ ਉਹ ਖ਼ਾਲਸਾ ਰਾਜ ਜਾਂ ਦਰਬਾਰ ਦੀ ਤਬਾਹੀ ਕਰਦੇ ਹਨ। ਸਰਦਾਰਾਂ, ਵਜ਼ੀਰਾਂ ਤੇ ਅਹਿਲਕਾਰਾਂ ਨੂੰ ਆਪਸ ਵਿਚ ਲੜਾਉਂਦੇ ਹਨ ਅਤੇ ਉਨ੍ਹਾਂ ਨੂੰ ਭਿੰਨ ਭਿੰਨ ਲਾਲਚ, ਖ਼ਿਲਤਾਂ, ਖ਼ਿਤਾਬ ਤੇ ਜਗੀਰਾਂ ਦੇ ਕੇ ਉਨ੍ਹਾਂ ਨੂੰ ਰਾਣੀ ਜਿੰਦਾਂ ਨਾਲੋਂ ਤੋੜਣ ਵਿਚ ਸਫ਼ਲ ਹੁੰਦੇ ਹਨ, ਰਾਣੀ ਜਿੰਦਾਂ ਨੂੰ ਸ਼ੇਖੂਪੁਰੇ ਦੇ ਕਿਲ੍ਹੇ ਵਿਚ ਕੈਦ ਕਰਨ, ਉਸ ਨੂੰ ਮਹਾਰਾਜਾ ਦਲੀਪ ਸਿੰਘ ਨਾਲੋਂ ਅਲਹਿਦਾ ਕਰਨ, ਦਲੀਪ ਸਿੰਘ ਨੂੰ ਇਸਾਈ ਬਣਾਕੇ ਵਲਾਇਤ ਭੇਜਣ ਅਤੇ ਮਗਰੋਂ, ਪੰਜਾਬ ਵਿਚ ਆਪਣੀ ਹਕੂਮਤ ਕਾਇਮ ਕਰਨ ਵਿਚ ਇਨ੍ਹਾਂ ਦੋਹਾਂ ਦਾ ਬਹੁਤ ਵੱਡਾ ਹੱਥ ਹੈ। ਅੰਗ੍ਰੇਜ਼ ਗਵਰਨਰ ਜਨਰਲ ਹੈਨਰੀ ਹਾਰਡਿੰਗ ਇਨ੍ਹਾਂ ਦੀਆਂ ਰਿਪੋਰਟਾਂ ਦੇ ਅਨੁਸਾਰ ਹੁਕਮ ਜਾਰੀ ਕਰਦਾ ਹੈ। ਇਉਂ ਇਸ ਨਾਟਕ ਵਿਚ ਇਹ ਦੋਵੇਂ ਪਾਤਰ ਖ਼ਲਨਾਇਕਾਂ ਦੀ ਭੂਮਿਕਾ ਨਿਭਾਉਂਦੇ ਨਜ਼ਰ ਆਉਂਦੇ ਹਨ। ਖ਼ਾਲਸਾ ਕੌਂਸਿਲ ਦੇ ਮੈਂਬਰ, ਵਜ਼ੀਰ ਤੇ ਹੋਰ ਸਰਕਾਰ ਇਨ੍ਹਾਂ ਦੀ ਸਹਾਇਕ ਸ਼ਕਤੀਬਣਦੇ ਹਨ। ਇਉਂ, ਅੰਗ੍ਰੇਜ਼ੀ ਹਕੂਮਤ ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਨੂੰ ਅਮਲੀ ਜਾਮਾ ਪਹਿਨਾਉਣ ਵਿਚ, ਹੋਰ ਪਾਤਰਾਂ ਤੋਂ ਛੁੱਟ, ਇਹ ਦੋਵੇਂ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

(ਕ) ਸਹਾਇਕ ਤੇ ਫੁਟਕਲ ਪਾਤਰ :- 'ਰਾਣੀ ਜਿੰਦਾਂ' ਨਾਟਕ ਨਾਲ ਸੰਬੰਧਤ ਇਨ੍ਹਾਂ ਕੁਝ ਮਹੱਤਵਪੂਰਨ ਪਾਤਰਾਂ ਤੋਂ ਛੁੱਟ ਕੁਝ ਹੋਰ ਸਹਾਇਕ ਤੇ ਗੌਣ ਪਾਤਰ ਵੀ ਹਨ ਜਿਨ੍ਹਾਂ ਦਾ ਇਸ ਨਾਟਕ ਵਿਚ ਕੋਈ ਨਾ ਕੋਈ ਰੋਲ ਰਿਹਾ ਹੈ। ਮਿਸਾਲ ਦੇ ਤੌਰ ਤੇ ਮਿਸ ਬੰਬਾ ਦਲੀਪ ਸਿੰਘ, ਹਰਬੰਸ ਸਿੰਘ ਅਟਾਰੀ, ਰਿਪੋਰਟਰ, ਰੁਲਦੂ ਤੇ ਅਮੀ ਚੰਦ ਨੂੰ ਹੀ ਲਉ। ਇਹ ਸਾਰੇ ਪਾਤਰ ਇਕ ਵਾਰ ਸਿਰਫ ਨਾਟਕ ਦੇ ਮੁੱਢ ਵਿਚ ਦਰਜ ਆਰੰਭਿਕਾ ਵਿਚ ਹੀ ਆਉਂਦੇ ਹਨ। ਮਗਰੋਂ ਨਾਟਕ ਵਿਚ ਕਿਤੇ ਵੀ ਇਨ੍ਹਾਂ ਦੇ ਦਰਸ਼ਨ ਨਹੀਂ ਹੁੰਦੇ। ਅਮੀ ਚੰਦ ਅਧਖੜ ਉਮਰ ਦਾ ਅਤੇ ਰੁਲਦੂ 25 ਕੁ ਸਾਲਾਂ ਦਾ ਜੁਆਨ ਹੈ। ਦੋਵੇਂ ਅਖ਼ਬਾਰਾਂ ਵੇਚਣ ਵਾਲੇ ਹਾਕਰ ਹਨ ਅਤੇ ਪੰਜਾਬ ਵਿਚ ਮਹਾਰਾਜਾ ਦਲੀਪ ਸਿੰਘ ਦੀ ਧੀ ਮਿਸ ਬੰਬਾ ਦਲੀਪ ਸਿੰਘ ਦੇ ਪ੍ਰਵੇਸ਼ ਨੂੰ ਇਕ ਸਨਸਨੀ ਖੇਜ਼ ਖ਼ਬਰ ਬਣਾ ਕੇ, ਆਪਣਾ ਧੰਦਾ ਕਰ ਰਹੇ ਦਿਖਾਈ ਦੇਂਦੇ ਹਨ। ਮਿਸ ਬੰਬਾ, ਆਪਣੀ ਦਾਦੀ ਰਾਣੀ ਜਿੰਦਾਂ ਦੀ ਆਖ਼ਰੀ ਇੱਛਾ ਨੂੰ ਪੂਰਿਆਂ ਕਰਨ ਲਈ, ਉਸ ਦੇ ਮਰਨ ਪਿੱਛੋਂ 61 ਵਰ੍ਹਿਆਂ ਬਾਅਦ (27 ਮਾਰਚ 1924 ਨੂੰ) ਲਾਹੌਰ ਆਈ ਹੈ। ਸ. ਹਰਬੰਸ ਸਿੰਘ ਅਟਾਰੀ ਉਸ ਨੂੰ ਉਹ ਸਾਰੀਆਂ ਇਤਿਹਾਸਕ ਥਾਵਾਂ ਦਿਖਾਉਂਦਾ ਹੈ ਜਿਨ੍ਹਾਂ ਦਾ ਮਹਾਰਾਜੇ ਤੇ ਰਾਣੀ ਜਿੰਦਾਂ ਨਾਲ ਡੂੰਘਾ ਸੰਬੰਧ ਸੀ। ਉਹ ਮਹਾਰਾਜੇ ਦੀ ਸਮਾਧ 'ਤੇ ਉਸ ਦੀ ਅੰਤਮ ਅਰਦਾਸ ਕਰਦੀ ਹੈ। ਪ੍ਰੈਸ ਫੋਟੋਗ੍ਰਾਫਰ ਉਸ ਦੀਆਂ ਤਸਵੀਰਾਂ ਲੈਂਦਾ ਹੈ ਅਤੇ ਰਿਪੋਰਟਰ ਉਸ ਕੋਲੋਂ ਕੁਝ ਪ੍ਰਸ਼ਨ ਪੁੱਛਦਾ ਹੈ।

ਇੰਝ ਹੀ ਮਿਸਰ ਦੀਨਾ ਨਾਥ ਤੇ ਹਕੀਮ ਨੂਰਉਦੀਨ ਦੋ ਵਜ਼ੀਰ ਹਨ ਜੋ ਮਹਾਰਾਜੇ ਦੇ ਦਰਬਾਰੀਆਂ ਵਿਚੋਂ ਵਫ਼ਾਦਾਰ ਦਰਬਾਰੀ ਹਨ। ਉਹ ਸਮੇਂ ਸਮੇਂ ਰਾਣੀ ਜਿੰਦਾਂ ਨੂੰ ਨੇਕ ਸਲਾਹਾਂ ਦੇਂਦੇ ਹਨ ਅਤੇ ਹਾਲਾਤ ਨਾਲ ਨਿਪਟਣ ਲਈ ਰਾਣੀ ਜਿੰਦਾਂ ਦੀ ਮਦਦ ਕਰਦੇ ਹਨ। ਇਹ ਦੋਵੇਂ ਖ਼ਾਲਸਾ ਕੌਂਸਿਲ ਦੇ ਮੈਂਬਰ ਵੀ ਹਨ। ਇਉਂ ਇਹ ਦੋਵੇਂ ਪਾਤਰ ਰਾਣੀ ਜਿੰਦਾਂ ਦੀ ਸਹਾਇਕ ਸ਼ਕਤੀ ਬਣਕੇ ਉੱਭਰਦੇ ਹਨ।

ਇਸੇ ਤਰ੍ਹਾਂ ਬਾਬਾ ਬਾਗ਼ੀ, ਚੇਤ ਸਿੰਘ ਤੇ ਮੀਆਂ ਮੁੱਲਾਂ-ਪੰਜਾਬ ਦੇ ਪ੍ਰਸਿੱਧ ਬਾਗ਼ੀਆਂ ਤੇ ਰਾਣੀ ਜਿੰਦਾਂ ਦੇ ਗੁਪਤਚਰਾਂ ਦੀ ਭੂਮਿਕਾ ਵੀ ਕਾਫੀ ਸਲਾਹੁਣਯੋਗ ਹੈ। ਇਹ ਬਾਗ਼ੀ ਜਨਤਾ ਨੂੰ ਅੰਗ੍ਰੇਜ਼ੀ ਹਕੂਮਤ ਦੇ ਖਿਲਾਫ਼ ਭੜਕਾਂਦੇ ਹਨ, ਗੁਪਤ ਸੂਚਨਾ ਦਾ ਆਦਾਨ-ਪ੍ਰਦਾਨ ਕਰਦੇ ਹਨ ਅਤੇ ਰਾਣੀ ਜਿੰਦਾਂ ਦੀ ਸਹਾਇਕ ਸ਼ਕਤੀ ਬਣਦੇ ਹਨ। ਰਾਣੀ ਜਿੰਦਾਂ ਦੀਆਂ ਦਾਸੀਆਂ ਮੰਗਲਾ, ਹਰਗੋ ਤੇ ਸੁਰਤੂ ਅਤੇ ਲੰਦਨ ਵਿਖੇ ਉਸ ਦੀ ਤਿਮਾਰਦਾਰੀ ਕਰਨ ਵਾਲਾ ਬੰਗਾਲੀ ਡਾਕਟਰ, ਸੰਤਰੀ, ਸਾਰਜੈਂਟ, ਪਹਿਰੇਦਾਰ, ਮੇਜਰ, ਕੈਪਟਨ ਆਦਿ ਕੁਝ ਗੌਣ ਮਹੱਤਵ ਵਾਲੇ ਪਾਤਰ ਹਨ। ਇਨ੍ਹਾਂ ਗੌਣ ਪਾਤਰਾਂ ਦਾ ਵੀ ਇਸ ਨਾਟਕ ਵਿਚ ਕੁਝ ਨਾ ਕੁਝ ਰੋਲ ਜ਼ਰੂਰ ਹੈ।

ਵਿਦਿਆਰਥੀਓ, 'ਰਾਣੀ ਜਿੰਦਾਂ' ਨਾਟਕ ਦੀ ਪਾਤਰ-ਚਿੱਤਰਣ ਕਲਾ ਉੱਪਰ ਚਰਚਾ ਕਰਨ ਵਕਤ ਇਨ੍ਹਾਂ ਸਾਰੇ ਕੇਂਦਰੀ, ਸਹਾਇਕ ਤੇ ਗੌਣ ਪਾਤਰਾਂ ਦੇ ਪਾਤਰ-ਚਿੱਤਰਣ ਨੂੰ ਵੀ ਜ਼ਰੂਰ ਧਿਆਨ ਵਿਚ ਰਖਣਾ। ਠੀਕ ਇਸੇ ਤਰ੍ਹਾਂ ਜਦੋਂ ਤੁਸੀਂ ਕਿਸੇ ਇਕ ਜਾਂ ਇੱਕ ਤੋਂ ਵੱਧ ਪਾਤਰਾਂ ਦਾ ਵੱਖੋ ਵੱਖਰੇ ਤੌਰ 'ਤੇ ਪਾਤਰ-ਚਿੱਤਰਣ ਕਰ ਰਹੇ ਹੋਵੋ ਤਾਂ ਇਸ ਨਾਟਕ ਦੀ ਪਾਤਰ-ਚਿੱਤਰਣ ਕਲਾ ਨੂੰ ਵੀ ਧਿਆਨ ਵਿਚ ਰਖਣਾ ਲਾਜ਼ਮੀ ਹੈ। ਇਉਂ, ਇਸ ਸਾਰੇ ਪਾਠ ਦਾ ਇਕ ਸਮੁੱਚ ਦੇ ਰੂਪ ਵਿਚ ਪਾਠ ਕਰਨ ਨਾਲ, ਤੁਹਾਨੂੰ ਇਸ ਵਿਸ਼ੇ ਉੱਪਰ ਅਧਿਕਾਰ ਪ੍ਰਾਪਤ ਹੋ ਜਾਵੇਗਾ ਅਤੇ ਤੁਸੀਂ ਇਸ ਸਵਾਲ ਦਾ ਜਵਾਬ ਬੜੇ ਸੁਹਣੇ ਤਰੀਕੇ ਨਾਲ ਦੇਣ ਦੇ ਸਮਰੱਥ ਹੋ ਜਾਉਗੇ।

ਪਾਠ-5

'ਰਾਣੀ ਜਿੰਦਾਂ ਨਾਟਕ ਦਾ ਆਲੋਚਨਾਤਮਕ-ਅਧਿਐਨ

ਸਾਹਿਤ ਦੇ ਹੋਰਨਾਂ ਰੂਪਾਂ ਵਾਂਗ 'ਨਾਟਕ' ਵੀ ਇਕ ਕਲਾ ਹੈ-ਇਕ ਸੂਖਮ ਕਲਾ। ਮੂਲ ਰੂਪ ਵਿਚ ਇਹ ਇਕ ਮਿਸ਼ਰਿਤ ਕਲਾ ਹੈ। ਇਕ ਪਾਸੇ ਇਸ ਦਾ ਸੰਬੰਧ ਸਾਹਿਤ ਨਾਲ ਹੈ ਭਾਵ ਦੂਸਰੀਆਂ ਸਾਹਿਤਕ ਕਿਰਤਾਂ ਦੀ ਤਰ੍ਹਾਂ ਨਾਟਕ ਵੀ ਇਕ ਪ੍ਰਕਾਰ ਦੀ ਸ਼ਾਬਦਿਕ-ਕਲਾ ਹੈ। ਦੂਜੇ ਪਾਸੇ ਇਸ ਸਾਹਿਤਕ-ਵੰਨਗੀ ਦਾ ਸੰਬੰਧ ਰੰਗਮੰਚ (ਥੀਏਟਰ) ਨਾਲ ਵੀ ਹੈ। ਰੰਗਮੰਚ ਜਾਂ ਸਟੇਜ 'ਤੇ ਪੇਸ਼ ਹੋ ਕੇ ਕੋਈ ਨਾਟਕੀ-ਕਿਰਤ, ਸੰਪੂਰਣ ਪ੍ਰਭਾਵਸਿਰਜਣ ਦੇ ਸਮਰੱਥ ਹੁੰਦੀ ਹੈ। ਵਾਰਤਾਲਾਪ ਜਾਂ ਸੰਵਾਦ (ਡਾਇਲਾਗ), ਪਾਤਰ-ਚਿੱਤਰਣ, ਕਥਾਨਕ (ਪਲਾਟ), ਦ੍ਰਿਸ਼ ਜਾਂ ਵਾਤਾਵਰਨ ਤਣਾਉ ਤੇ ਸੰਘਰਸ਼, ਵਿਚਾਰ ਜਾਂ ਵਿਸ਼ਾ-ਵਸਤੂ, ਭਾਸ਼ਾ, ਸ਼ੈਲੀ, ਉਦੇਸ਼ ਆਦਿ 'ਨਾਟਕ' ਦੇ ਸੰਗਠਨਕਾਰੀ ਤੱਤ ਹਨ। ਦੂਸਰੇ ਸ਼ਬਦਾਂ ਵਿਚ ਇਨ੍ਹਾਂ ਸਾਰੇ ਤੱਤਾਂ ਦੇ ਕਲਾਤਮਕ-ਸੰਗਠਨ ਨਾਲ ਹੀ ਕੋਈ ਨਾਟਕੀ-ਕਿਰਤ ਹੋਂਦ ਵਿਚ ਆਉਂਦੀ ਹੈ। ਇਨ੍ਹਾਂ ਮੂਲ ਤੱਤਾਂ ਦੇ ਨਾਲ ਰੰਗਮੰਚ ਨੂੰ ਵੀ ਨਾਟਕ ਦਾ ਇਕ ਜ਼ਰੂਰੀ ਤੱਤ ਮੰਨਿਆ ਜਾਣ ਲੱਗ ਪਿਆ ਹੈ। ਇਸ ਸੰਬੰਧ ਵਿਚ ਵੇਖਣਾ ਇਹ ਹੁੰਦਾ ਹੈ ਕਿ ਸੰਬੰਧਤ ਨਾਟਕੀ-ਰਚਨਾ, ਰੰਗਮੰਚ ਦੀ ਦ੍ਰਿਸ਼ਟੀ ਤੋਂ ਲਿਖੀ ਗਈ ਹੈ ਜਾਂ ਨਹੀਂ? ਇਸ ਕਿਸਮ ਦੇ ਸੰਰਚਨਾਤਮਕ ਜਾਂ ਆਲੋਚਨਾਤਮਕ ਅਧਿਐਨ-ਵਿਸ਼ਲੇਸ਼ਣ ਨੂੰ 'ਨਾਟਕ-ਸ਼ਾਸਤਰੀ' ਅਧਿਐਨ (Dramatics) ਦਾ ਨਾਂ ਦਿੱਤਾ ਜਾਂਦਾ ਹੈ। ਇਸ ਦ੍ਰਿਸ਼ਟੀ ਤੋਂ ਜਦੋਂ ਅਸੀਂ ਡਾ. ਹਰਚਰਨ ਸਿੰਘ ਦੇ ਬਹੁ-ਚਰਚਿਤ ਨਾਟਕ 'ਰਾਣੀ ਜਿੰਦਾਂ' ਨੂੰ ਚਰਚਾ ਦਾ ਵਿਸ਼ਾ ਬਣਾਉਂਦੇ ਹਾਂ ਤਾਂ ਕਈ ਮਹੱਤਵਪੂਰਨ ਨੁਕਤੇ ਉਜਾਗਰ ਹੁੰਦੇ ਹਨ। ਇਨ੍ਹਾਂ ਨੁਕਤਿਆਂ ਦੀ ਰੌਸ਼ਨੀ ਵਿਚ ਅਸੀਂ ਇਸ ਨਾਟਕ-ਕਲਾ ਨਾਲ ਆਪਣਾ ਰਾਬਤਾ ਸਥਾਪਤ ਕਰ ਸਕਦੇ ਹਾਂ।

(ii) 'ਰਾਣੀ ਜਿੰਦਾਂ ਨਾਟਕ ਦੀ ਨਾਟਕ-ਕਲਾ :- 'ਰਾਣੀ ਜਿੰਦਾਂ ਡਾ. ਹਰਚਰਨ ਸਿੰਘ ਦਾ ਲਿਖਿਆ ਇਕ ਇਤਿਹਾਸਕ-ਨਾਟਕ ਹੈ। ਇਸ ਵਿਚ, ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਲਾਹੌਰ ਦਰਬਾਰ ਵਿਚ ਹੋਈ ਖ਼ਾਨਾ-ਜੰਗੀ, ਵਜ਼ੀਰਾਂ-ਸਰਦਾਰਾਂ ਤੇ ਅਹਿਲਕਾਰਾਂ ਦੀ ਰਾਣੀ ਜਿੰਦਾਂ ਨਾਲ ਕੀਤੀ ਗਦਾਰੀ, ਪੰਜਾਬ ਦੀ ਅੰਗ੍ਰੇਜ਼ੀ ਹਕੂਮਤ ਹੱਥੋਂ ਹੋਈ ਹਾਰ ਅਤੇ ਅੰਗ੍ਰੇਜ਼ੀ-ਰਾਜ ਦੀ ਸਥਾਪਤੀ ਦੇ ਇਤਿਹਾਸ ਨੂੰ ਆਧਾਰ ਬਣਾਇਆ ਗਿਆ ਹੈ। ਇਸ ਕਰਕੇ ਅਸੀਂ ਇਸ ਨਾਟਕ ਨੂੰ ਇਤਿਹਾਸਕ ਨਾਟਕ ਦੀ ਕੋਟੀ ਵਿਚ ਰਖਕੇ, ਨਿਰਸੰਕੋਚ ਵਿਚਾਰ ਸਕਦੇ ਹਾਂ। ਜਿਥੋਂ ਤੱਕ ਇਸ ਨਾਟਕ ਦੀ ਨਾਟਕ-ਕਲਾ ਦਾ ਸਰੋਕਾਰ ਹੈ ਉਹ ਆਪਣੇ ਆਪ ਵਿਚ ਇਕ ਦਿਲਚਸਪ ਮਸਲਾ ਹੈ। ਇਹ ਤਾਂ ਅਸੀਂ ਜਾਣਦੇ ਹੀ ਹਾਂ ਕਿ ਇਸ ਨਾਟਕ ਦਾ ਲੇਖਕ ਡਾ. ਹਰਚਰਨ ਸਿੰਘ ਪੰਜਾਬੀ ਦਾ ਇਕ ਸਿਰਕੱਢ ਨਾਟਕਕਾਰ ਹੈ। ਹੁਣ ਤੱਕ ਉਸ ਦੇ ਡੇਢ ਦਰਜਨ ਤੋਂ ਵੱਧ ਸੰਪੂਰਨ ਨਾਟਕ ਅਤੇ ਬਹੁਤ ਸਾਰੇ ਇਕਾਂਗੀ-ਨਾਟਕ ਪੰਜਾਬੀ ਵਿਚ ਪ੍ਰਕਾਸ਼ਤ ਹੋ ਚੁੱਕੇ ਹਨ। ਇਨ੍ਹਾਂ ਵਿਚੋਂ ਬਹੁਤ ਸਾਰੇ ਸੰਪੂਰਨ ਨਾਟਕ ਤੇ ਇਕਾਂਗੀ, ਰੰਗਮੰਚ ਉੱਪਰ ਸਫਲਤਾ ਪੂਰਵਕ ਖੇਡੇ ਜਾ ਚੁੱਕੇ ਹਨ। 'ਰਾਣੀ ਜਿੰਦਾਂ' ਨਾਟਕ ਦੇ ਪ੍ਰਕਾਸ਼ਨ ਤੋਂ ਬਹੁਤ ਪਹਿਲਾਂ ਉਹ ਇਕ ਨਾਟਕਕਾਰ ਦੇ ਤੌਰ 'ਤੇ ਸਥਾਪਤ ਹੋ ਚੁੱਕੇ ਹੋਏ ਸਨ। ਅਸੀਂ ਇਹ ਵੀ ਜਾਣਦੇ ਹਾਂ ਕਿ ਡਾ. ਹਰਚਰਨ ਸਿੰਘ ਦੇ ਕੋਲ ਨਾਟਕੀ-ਕਲਾ ਅਤੇ ਰੰਗਮੰਚ ਦੀਆਂ ਤਕਨੀਕੀ-ਬਾਰੀਕੀਆਂ ਸੰਬੰਧੀ ਭਰੋਸੇਯੋਗ ਇਲਮ ਹੈ। ਤਿਖੇ ਤੇ ਚੁਸਤ ਵਾਰਤਾਲਾਪਾਂ ਰਾਹੀਂ ਆਪਣੇ ਨਾਟਕੀ-ਕਾਰਜ ਨੂੰ ਬੜੀ ਖ਼ੂਬਸੂਰਤੀ ਨਾਲ ਪੇਸ਼ ਕਰਨ ਵਿਚ ਉਹ ਮਾਹਿਰ ਹਨ। ਇਸ ਦ੍ਰਿਸ਼ਟੀ ਤੋਂ ਜਦੋਂ ਅਸੀਂ ਉਨ੍ਹਾਂ ਦੇ ਬਹੁਤ ਚਰਚਿਤ ਨਾਟਕ 'ਰਾਣੀ ਜਿੰਦਾਂ' ਨੂੰ ਚਰਚਾ ਦਾ ਵਿਸ਼ਾ ਬਣਾਉਂਦੇ ਹਾਂ ਤਾਂ ਇਸ ਨਾਟਕ ਦੀ ਨਾਟਕ-ਕਲਾ ਦੇ ਗੁਣ, ਸਹਿਜੇ ਹੀ ਉੱਭਰ ਕੇ ਸਾਮ੍ਹਣੇ ਆ ਜਾਂਦੇ ਹਨ। ਇਸ ਨਾਟਕ ਦੀ ਨਾਟਕ-ਕਲਾ ਨਾਲ, ਆਪਣੀ ਨੇੜੇ ਦੀ ਸਾਂਝ ਪਾਉਣ ਲਈ ਜ਼ਰੂਰੀ ਹੈ ਕਿ ਇਸ ਨਾਟਕ ਦੇ ਭਿੰਨ ਭਿੰਨ ਪੱਖਾਂ ਉੱਪਰ, ਵੱਖੋ ਵੱਖਰੇ ਤੌਰ 'ਤੇ ਵਿਸਤਾਰ ਸਹਿਤ ਚਰਚਾ ਕੀਤੀ ਜਾਵੇ। ਸੋ! ਸਭ ਤੋਂ ਪਹਿਲਾਂ ਪੇਸ਼ ਹੈ ਇਸ ਨਾਟਕ ਦੇ ਵਾਰਤਾਲਾਪ ਜਾਂ ਸੰਵਾਦ ਉੱਪਰ ਇਹ ਚਰਚਾ :-

(ੳ) ਨਾਟਕ ਦੇ ਵਾਰਤਾਲਾਪ ਜਾਂ ਸੰਵਾਦ :- ਵਾਰਤਾਲਾਪ ਜਾਂ ਸੰਵਾਦ, ਹਰ ਨਾਟਕੀ-ਕਿਰਤ ਦਾ ਸਭ ਤੋਂ ਮਹੱਤਵਪੂਰਨ ਤੱਤ ਹੁੰਦਾ ਹੈ। ਕਿਉਂਕਿ, ਕਿਸੇ ਸਾਹਿਤਕ-ਕਿਰਤ ਦੇ ਨਾਟਕੀ ਹੋਣ ਜਾਂ ਨਾ ਹੋਣ ਦਾ ਅੰਦਾਜ਼ਾ ਅਕਸਰ ਇਸੇ ਤੱਤ ਤੋਂ ਹੀ ਲਗਾਇਆ ਜਾਂਦਾ ਹੈ। ਭਾਵ, ਨਾਟਕ ਦੀ ਪਛਾਣ ਦਾ ਸਭ ਤੋਂ ਵੱਡਾ ਆਧਾਰ ਉਸ ਦੇ ਵਾਰਤਾਲਾਪ ਜਾਂ ਸੰਵਾਦ ਹੀ ਹੁੰਦੇ ਹਨ। ਅੰਗ੍ਰੇਜ਼ੀ ਵਿਚ ਇਸ ਲਈ ਸਾਡੇ ਕੋਲ ਸ਼ਬਦ 'ਡਾਇਲਾਗ' ਹੈ। ਕਿਸੇ ਨਾਟਕ ਦੀ ਸਫਲਤਾ ਜਾਂ ਅਸਫਲਤਾ ਉਸ ਦੇ ਵਾਰਤਾਲਾਪ ਜਾਂ ਸੰਵਾਦਾਂ ਉੱਪਰ ਬਹੁਤ ਹੱਦ ਤਕ ਨਿਰਭਰ ਕਰਦੀ ਹੈ। ਕਿਉਂਕਿ, ਸਮੁੱਚੇ ਨਾਟਕੀ-ਕਾਰਜ ਨੇ ਇਨ੍ਹਾਂ ਵਾਰਤਾਲਾਪਾਂ-ਸੰਵਾਦਾਂ ਰਾਹੀਂ ਹੀ ਪ੍ਰਗਟ ਹੋਣਾ ਹੁੰਦਾ ਹੈ। ਵਾਰਤਾਲਾਪ ਜਾਂ ਸੰਵਾਦ ਜਿਤਨੇ ਤਿਖੇ ਤੇ ਚੁਸਤ ਹੋਣਗੇ, ਉਤਨਾ ਹੀ ਉਹ ਨਾਟਕ ਵਧੇਰੇ ਪ੍ਰਭਾਵਸ਼ਾਲੀ ਸਾਬਤ ਹੋਵੇਗਾ।

ਇਸ ਦ੍ਰਿਸ਼ਟੀ ਤੋਂ ਵੇਖਿਆਂ 'ਰਾਣੀ ਜਿੰਦਾਂ' ਇਕ ਪ੍ਰਭਾਵਸ਼ਾਲੀ ਨਾਟਕ ਹੈ ਨਿਬੜਦਾ ਹੈ। ਪਾਤਰਾਂ ਦੇ ਵਾਰਤਾਲਾਪ ਤਿਖੇ ਤੇ ਚੁਸਤ ਵੀ ਹਨ ਅਤੇ ਆਕਾਰ ਵਿਚ ਛੋਟੇ ਤੇ ਸਪੱਸ਼ਟ ਵੀ ਹਨ। ਮਿਸਾਲ ਦੇ ਤੌਰ 'ਤੇ ਰਾਣੀ ਜਿੰਦਾਂ ਅਤੇ ਮਿਸਰ ਦੀਨਾ ਨਾਥ ਤੇ ਹਕੀਮ ਨੂਰਉਦੀਨ (ਦੋ ਵਜ਼ੀਰਾਂ) ਵਿਚਾਲੇ ਹੋਈ ਵਾਰਤਾਲਾਪ ਜਾਂ ਸੰਵਾਦ ਦੇ ਕੁਝ ਨਮੂਨੇ ਲਏ ਜਾ ਸਕਦੇ ਹਨ :-

(i) ਨੂਰ : ਰਾਜ ਮਾਤਾ ਜੀ, ਫ਼ਰੰਗੀ ਨੂੰ ਦੇਰ ਤੱਕ ਸੌਣ ਦੀ ਆਦਤ ਹੈ।
ਜਿੰਦਾਂ : ਬੇਈਮਾਨਾਂ ਦੇ ਸੁੱਤੇ ਹੋਏ ਕੰਨ ਵੀ ਸੂਹਾਂ ਲੈਂਦੇ ਹੋਣਗੇ। (ਪੰਨਾ : 17)

(ii) ਦੀਨਾ : ਮਹਾਰਾਣੀ ਜੀ, ਹੁਣ ਤਾਂ ਤੁਹਾਡੇ ਸਾਹਮਣੇ ਇਕੋ ਇਕ ਰਸਤਾ ਬਾਕੀ ਹੈ।
ਜਿੰਦਾਂ : ਉਹ ਕਿਹੜਾ?
ਦੀਨਾ : ਸਰਦਾਰਾਂ ਦੇ ਦਿਲਾਂ 'ਚੋਂ ਸ਼ੰਕੇ ਸ਼ੁਬੇ ਕੱਢੋ, ਉਹਨਾਂ ਨੂੰ ਮੁੜ ਖ਼ਾਲਸਾ ਰਾਜ ਦੇ ਹਿੱਤੂ ਬਣਾਉ।
ਨੂਰ : ਨਾਲ ਰਾਜਮਾਤਾ ਜੀ, ਸਰਦਾਰਾਂ ਨਾਲ ਹੁਣ ਨਰਮੀ ਵਰਤੋ, ਜ਼ਮਾਨਾ ਬਦਲ ਗਿਆ ਹੈ।
ਜਿੰਦਾਂ : (ਘੂਰ ਕੇ ਉਸ ਵਲ ਵੇਖਦੀ ਹੋਈ) ਇਹ ਜੁੱਤੀ ਚੱਟ ਅੱਜੇ ਵੀ ਨਰਮੀ ਦੇ ਯੋਗ ਨੇ, ਛਿੱਤਰਾਂ ਦੇ ਲਾਇਕ ਨੇ। (ਪੰਨਾ : 19)

(iii) ਨੂਰ : ਮਹਾਰਾਣੀ ਜੀ, ਸੋਚ ਸਮਝ ਕੇ ਕਦਮ ਪੁੱਟਣਾ।
ਜਿੰਦਾਂ : ਇਸੇ ਕਰਕੇ ਮੈਂ ਅੱਜ ਰਾਤ ਨੂੰ ਕੋਈ ਕਦਮ ਪੁੱਟਣ ਲੱਗੀ ਆਂ।
ਦੀਨਾ : ਕਾਹਲੀ ਤੇ ਗੁੱਸੇ 'ਚ ਪੁੱਟਿਆ ਕਦਮ ਉਲਟਾ ਵੀ ਹੋ ਸਕਦਾ ਹੈ। ਰਾਜਮਾਤਾ ਜੀ, ਭਾਵੀ ਨੂੰ ਟਾਲੋ।
ਨੂਰ : ਮਹਾਰਾਣੀ ਜੀ, ਦੂਰ-ਅੰਦੇਸ਼ੀ ਤੋਂ ਕੰਮ ਲੈਣ ਦਾ ਵਕਤ ਹੈ।
ਜਿੰਦਾਂ : ਮਲੂਮ ਹੁੰਦਾ ਏ ਤੁਹਾਡੇ ਮਨਾਂ 'ਤੇ ਵੀ ਫ਼ਰੰਗੀ ਦਾ ਭੂਤ ਸਵਾਰ ਹੈ। ਕੀ ਨੀਚ ਤੇਜੂ ਦੀ ਗੱਦਾਰੀ ਕਾਰਨ ਅਸੀਂ ਨਹੀਂ ਹਾਰੇ? ਮੁਲਤਾਨ ਪੁੱਜ ਕੇ ਮੈਂ ਫੌਜਾਂ ਦੀ ਕਮਾਨ ਖ਼ੁਦ ਸੰਭਾਲਾਂਗੀ, ਫ਼ਰੰਗੀ ਨੂੰ ਪੰਜਾਬੋਂ ਕੱਢ ਕੇ ਹੀ ਦਮ ਲਵਾਂਗੀ।
ਦੀਨਾ : ਮੈਂ ਫੇਰ ਅਰਜ਼ ਕਰਦਾਂ.....
ਜਿੰਦਾਂ : ਮੈਂ ਕੋਈ ਕਾਇਰਾਂ ਵਾਲੀ ਅਰਜ਼ ਸੁਣਨ ਲਈ ਤਿਆਰ ਨਹੀਂ। ਨਿਹਾਲੋ, ਇਹਨਾਂ ਨੂੰ ਪਿੱਛਲੇ ਰਸਤੇ ਬਾਹਰ ਛੱਡ ਆ। ਪਹਿਲਾਂ ਝਾਤ ਮਾਰ ਲਈਂ ਆਲੇ-ਦੁਆਲੇ।" (ਪੰਨੇ : 20, 21)

ਇਸ ਤਰ੍ਹਾਂ ਦੇ ਤੇਜ਼ ਤਰਾਰ ਵਾਰਤਾਲਾਪ, ਇਸ ਨਾਟਕ ਦੇ ਪ੍ਰਭਾਵ ਨੂੰ ਡੂੰਘਾ ਕਰਦੇ ਹਨ ਅਤੇ ਨਾਟਕੀ-ਕਾਰਜ ਨੂੰ ਅੱਗੇ ਤੋਰਦੇ ਹਨ। ਇਥੇ ਇਹ ਨਾਟਕੀ-ਕਾਰਜ, ਕਾਰਜ-ਕਾਰਨ ਦੀ ਸੰਘਲੀ ਵਿਚ ਬੱਝ ਕੇ ਪੇਸ਼ ਹੁੰਦਾ ਹੈ। ਭਾਵ, ਨਾਟਕ ਵਿਚਲੀ ਹਰ ਘਟਨਾ, ਕਿਸੇ ਹੋਰ ਘਟਨਾ ਵਿਚੋਂ ਜਨਮ ਲੈਂਦੀ ਹੈ।

ਇੰਝ ਇਹ ਘਟਨਾਵਾਂ ਕਾਰਜ-ਕਾਰਨ ਸੰਬੰਧਾਂ ਵਿਚ ਬੱਝ ਕੇ ਪੇਸ਼ ਹੁੰਦੀਆਂ, ਸਾਫ਼ ਨਜ਼ਰ ਆਉਂਦੀਆਂ ਹਨ। ਇਸ ਗੱਲ ਦੀ ਪੁਸ਼ਟੀ ਲਈ ਇਥੇ ਹੈਨਰੀ ਲਾਰੰਸ ਤੇ ਫ਼ਰੈਡਰਿਕ ਕਰੀ, ਹੈਨਰੀ ਲਾਰੰਸ ਤੇ ਤੇਜ ਸਿੰਘ, ਹੈਨਰੀ ਲਾਰੰਸ ਤੇ ਸ਼ੇਰ ਸਿੰਘ, ਤੇਜ ਸਿੰਘ ਤੇ ਰਾਣੀ ਜਿੰਦਾਂ, ਰਾਣੀ ਜਿੰਦਾਂ ਤੇ ਦੋ ਧਾੜਵੀ ਡਾਕੂਆਂ, ਬੰਗਾਲੀ ਡਾਕਟਰ ਤੇ ਰਾਣੀ ਜਿੰਦਾਂ, ਰਾਣੀ ਜਿੰਦਾਂ ਤੇ ਮਹਾਰਾਜਾ ਦਲੀਪ ਸਿੰਘ ਆਦਿ ਪਾਤਰਾਂ ਵਿਚਕਾਰ ਹੋਏ ਵਾਰਤਾਲਾਪ ਜਾਂ ਸੰਵਾਦ ਨੂੰ ਵੀ ਨਿਰਸੰਕੋਚ ਪੇਸ਼ ਕੀਤਾ ਜਾ ਸਕਦਾ ਹੈ। ਇਹ ਵਾਰਤਾਲਾਪ ਜਾਂ ਸੰਵਾਦ ਤਿਖੇ ਵੀ ਹਨ ਅਤੇ ਚੁਸਤ ਵੀ। ਇਨ੍ਹਾਂ ਵਿਚਲੇ ਭਾਵਾਂ ਜਾਂ ਦ੍ਰਿਸ਼ਟੀਕੋਣਾਂ ਨੂੰ ਸਮਝਣ ਵਿਚ ਸਾਨੂੰ ਕੋਈ ਉਚੇਚ ਨਹੀਂ ਕਰਨਾ ਪੈਂਦਾ। ਇਹ ਡਾਇਲਾਗ ਇਸ ਨਾਟਕ ਦੀ ਜਿੰਦ ਤੇ ਜਾਨ ਹਨ। ਖ਼ਾਸ ਕਰਕੇ, ਰਾਣੀ ਜਿੰਦਾਂ, ਹੈਨਰੀ ਲਾਰੰਸ ਤੇ ਫ਼ਰੈਡਰਿਕ ਕਰੀ ਦੇ ਵਾਰਤਾਲਾਪਾਂ ਵਿਚ ਤਿਖ਼ਾਪਣ ਤੇ ਚੁਸਤੀ ਵਧੇਰੇ ਹੈ। ਨਾਟਕ ਵਿਚਲੇ ਇਹ ਵਾਰਤਾਲਾਪ ਜਾਂ ਡਾਇਲਾਗ, ਤਿਖੇ ਚੁਸਤ ਹੋਣ ਦੇ ਬਾਵਜੂਦ ਵੀ ਕਿਤੇ ਵੀ ਆਪਣਾ ਸੰਤੁਲਨ ਨਹੀਂ ਗਵਾਉਂਦੇ । ਰਾਣੀ ਜਿੰਦਾਂ ਦੇ ਵਾਰਤਾਲਾਪਾਂ ਵਿਚ ਗੁੱਸਾ ਤੇ ਰੋਹ ਕੁੱਟ ਕੇ ਭਰਿਆ ਹੋਇਆ ਹੈ। ਇਹ ਵਾਰਤਾਲਾਪ, ਉਸ ਦੇ ਮਨ ਦੀ ਬੇਚੈਨੀ, ਇਕੱਲਤਾ, ਨਿਰਾਸਤਾ ਤੇ ਦਲੇਰੀ ਦੀ ਤਰਜਮਾਨੀ ਕਰਦੇ ਸਾਫ਼ ਦਿਖਾਈ ਦੇਂਦੇ ਹਨ।

(ਅ) ਪਾਤਰ-ਚਿੱਤਰਣ :- ਵਾਰਤਾਲਾਪ ਜਾਂ ਸੰਵਾਦ ਦੀ ਤਰ੍ਹਾਂ ਪਾਤਰ-ਚਿੱਤਰਣ ਵੀ, ਨਾਟਕ ਦਾ ਇਕ ਜ਼ਰੂਰੀ ਤੱਤ ਮੰਨਿਆ ਗਿਆ ਹੈ। ਨਾਟਕ ਵਿਚ ਇਨ੍ਹਾਂ ਵਾਰਤਾਲਾਪਾਂ ਜਾਂ ਸੰਵਾਦਾਂ ਨੂੰ ਪੇਸ਼ ਕਰਨ ਵਾਲੇ ਇਹ ਪਾਤਰ ਹੀ ਹੁੰਦੇ ਹਨ। ਇਉਂ, ਨਾਟਕਕਾਰ ਨੂੰ ਵਾਰਤਾਲਾਪ ਜਾਂ ਸੰਵਾਦ ਮਗਰੋਂ ਯੋਗ ਪਾਤਰਾਂ ਦੀ ਤਲਾਸ਼ ਵੱਲ ਸਭ ਤੋਂ ਵੱਧ ਧਿਆਨ ਦੇਣਾ ਪੈਂਦਾ ਹੈ। "ਰਾਣੀ ਜਿੰਦਾਂ" ਨਾਟਕ ਦੀ ਪਾਤਰ-ਚਿੱਤਰਣ ਕਲਾ" ਵਾਲੇ ਪਾਠ (ਨੰਬਰ 4) ਵਿਚ ਇਸ ਵਿਸ਼ੇ ਉੱਪਰ ਵਿਸਤਾਰ ਸਹਿਤ ਚਰਚਾ ਕੀਤੀ ਜਾ ਚੁੱਕੀ ਹੈ। ਇਸ ਸਾਰੀ ਚਰਚਾ ਨੂੰ ਇਥੇ ਧਿਆਨ ਵਿਚ ਰਖਣਾ ਜ਼ਰੂਰੀ ਹੈ। ਇਸ ਪਾਠ ਵਿਚ ਬੜੇ ਵਿਸਤਾਰ ਨਾਲ ਦਸਿਆ ਗਿਆ ਸੀ ਕਿ ਰਾਣੀ ਜਿੰਦਾਂ, ਇਸ ਨਾਟਕ ਦੀ ਕੇਂਦਰੀ ਪਾਤਰ ਹੈ ਜਿਸ ਨੂੰ ਇਸ ਨਾਟਕ ਦੀ ਨਾਇਕਾ ਦੇ ਅਰਥਾਂ ਵਿਚ ਵੀ ਗ੍ਰਹਿਣ ਕੀਤਾ ਜਾ ਸਕਦਾ ਹੈ।

ਇਸ ਕੇਂਦਰੀ ਪਾਤਰ (ਨਾਇਕਾ) ਦੇ ਨਾਲ ਨਾਲ ਇਸ ਨਾਟਕ ਵਿਚ ਕੁਝ ਸਹਾਇਕ ਤੇ ਕੁਝ ਗੌਣ ਪਾਤਰ ਵੀ ਹਨ। ਨਾਟਕੀ-ਪ੍ਰਯੋਜਨ ਦੇ ਅਨੁਕੂਲ, ਇਨ੍ਹਾਂ ਸਹਾਇਕ ਤੇ ਗੌਣ ਪਾਤਰਾਂ ਦਾ ਪਾਤਰ-ਚਿੱਤਰਣ ਵੀ ਬਾਖ਼ੂਬੀ ਹੋਇਆ ਇਥੇ ਮਿਲਦਾਹੈ। ਜਿਵੇਂ ਕਿ ਮਹਾਰਾਜਾ ਦਲੀਪ ਸਿੰਘ, ਰਾਜਾ ਸ਼ੇਰ ਸਿੰਘ ਅਟਾਰੀ, ਰਾਜਾ ਤੇਜ ਸਿੰਘ, ਅੰਗ੍ਰੇਜ਼ ਰੈਜ਼ੀਡੈਂਟ ਹੈਨਰੀ ਲਾਰੰਸ, ਫ਼ਰੈਡਰਿਕ

ਕਰੀ, ਬਾਗ਼ੀ ਬਾਬਾ, ਚੇਤ ਸਿੰਘ, ਮੀਆਂ ਮੁੱਲਾਂ, ਦਾਸੀਆਂ (ਮੰਗਲਾ, ਨਿਹਾਲੋ, ਸੁਰਤੂ, ਹਰਗੋ ਆਦਿ), ਸੰਤਰੀ, ਪਹਿਰੇਦਾਰ ਆਦਿ ਪਾਤਰਾਂ ਨੂੰ ਹੀ ਲਉ। ਨਾਟਕਕਾਰ ਨੇ ਲੋੜ ਅਨੁਸਾਰ ਹੀ ਇਨ੍ਹਾਂ ਸਹਿਯੋਗੀ ਤੇ ਗੌਣ ਪਾਤਰਾਂ ਦੇ ਰੋਲ ਨੂੰ ਉਭਾਰਿਆ ਹੈ। ਇਸ ਪਾਤਰ-ਚਿੱਤਰਣ ਵਿਚੋਂ ਇਨ੍ਹਾਂ ਪਾਤਰਾਂ ਦੇ ਸੁਭਾਅ, ਵਫ਼ਾਦਾਰੀ ਜਾਂ ਬੇਵਫ਼ਾਈ ਅਤੇ ਸ਼ਖ਼ਸੀਅਤ ਦੇ ਗੁਣ-ਦੋਸ਼ ਸਹਿਜੇ ਹੀ ਉਭਰ ਕੇ ਸਾਹਮ੍ਹਣੇ ਆ ਜਾਂਦੇ ਹਨ।

ਵਿਦਿਆਰਥੀਓ ! ਜਿਵੇਂ ਕਿ ਪਹਿਲਾਂ ਵੀ ਸੰਕੇਤ ਮਾਤਰ ਜ਼ਿਕਰ ਕੀਤਾ ਗਿਆ ਹੈ ਕਿ ਪਾਠ ਨੰਬਰ : 4 ਵਿਚ ਰਾਣੀ ਜਿੰਦਾਂ ਨਾਟਕ ਦੀ ਪਾਤਰ-ਚਿੱਤਰਣ ਕਲਾ ਦੇ ਵਿਸ਼ੇ ਉੱਪਰ ਪੂਰੇ ਵਿਸਤਾਰ ਨਾਲ ਚਰਚਾ ਕੀਤੀ ਗਈ ਹੈ। ਇਥੇ ਸਭ ਕੁਝ ਨੂੰ ਮੁੜ ਦੁਹਰਾਉਣਾ ਠੀਕ ਨਾ ਸਮਝਦੇ ਹੋਏ ਤੁਹਾਨੂੰ ਬੇਨਤੀ ਹੈ ਕਿ ਨਾਟਕ ਦੇ ਇਸ ਪੱਖ ਉੱਪਰ ਭਰਪੂਰ ਚਰਚਾ ਲਈ ਤੁਸੀਂ ਪਾਠ ਨੰਬਰ 4 ਨੂੰ ਜ਼ਰੂਰ ਧਿਆਨ ਵਿਚ ਰਖੋ। ਇਸ ਨਾਟਕ ਦੀ ਪਾਤਰ-ਚਿੱਤਰਣ ਕਲਾ ਦੇ ਨਾਲ-ਨਾਲ ਇਸ ਨਾਟਕ ਨਾਲ ਸੰਬੰਧਤ ਪ੍ਰਮੁੱਖ, ਸਹਾਇਕ ਤੇ ਗੌਣ ਪਾਤਰਾਂ ਦਾ ਪਾਤਰ-ਚਿੱਤਰਣ ਵੀ ਇਥੇ ਪੇਸ਼ ਕੀਤਾ ਗਿਆ ਹੈ। ਇਸ ਸਭ ਕੁਝ ਨੂੰ ਪੜ੍ਹਨ ਨਾਲ ਤੁਹਾਡਾ ਇਸ ਵਿਸ਼ੇ ਉੱਪਰ ਅਧਿਕਾਰ ਹੋਰ ਵੀ ਵੱਧ ਜਾਵੇਗਾ! ਸੋ! ਹਾਲ ਦੀ ਘੜੀ ਇਥੇ ਇਤਨਾ ਕਹਿ ਦੇਣਾ ਹੀ ਕਾਫੀ ਹੈ ਕਿ ਪਾਤਰ-ਚਿੱਤਰਣ ਦੀ ਦ੍ਰਿਸ਼ਟੀ ਤੋਂ ਵੀ ਇਹ ਇਕ ਸਫਲ ਨਾਟਕ ਕਰਾਰ ਦਿੱਤਾ ਜਾ ਸਕਦਾ ਹੈ। ਇਕ ਇਤਿਹਾਸਕ ਨਾਟਕ ਹੋਣ ਕਰਕੇ, ਇਸ ਨਾਟਕ ਦੇ ਬਹੁਤੇ ਪਾਤਰ ਤਾਂ ਇਤਿਹਾਸਕ ਹਨ। ਇਨ੍ਹਾਂ ਇਤਿਹਾਸਕ ਪਾਤਰਾਂ ਦਾ ਚਿਹਰਾ-ਮੁਹਰਾ ਤਾਂ ਇਤਿਹਾਸ ਵਿਚ ਪਹਿਲਾਂ ਹੀ ਉਲੀਕਿਆ ਹੁੰਦਾ ਹੈ। ਇਸ ਕਰਕੇ, ਅਜਿਹੇ ਪਾਤਰਾਂ ਵਿਚ ਤਬਦੀਲੀ ਦੀ ਬਹੁਤ ਸੰਭਾਵਨਾਂ ਨਹੀਂ ਹੁੰਦੀ, ਪਰ, ਜਦੋਂ ਨਾਟਕਕਾਰ ਨੇ ਪ੍ਰਚਲਤ ਦ੍ਰਿਸ਼ਟੀ-ਬਿੰਦੂ ਤੋਂ ਹੱਟ ਕੇ, ਅਪਣਾ ਕੋਈ ਨਵਾਂ ਦ੍ਰਿਸ਼ਟੀਕੋਣ ਪੇਸ਼ ਕਰਨਾ ਹੁੰਦਾ ਹੈ ਤਾਂ ਉਸ ਨੂੰ, ਉਸ ਪਾਤਰ ਨੂੰ ਮੁੜਕੇ ਘੜਨਾ ਪੈਂਦਾ ਹੈ। ਜਿਵੇਂ ਕਿ ਇਸ ਨਾਟਕ ਵਿਚ ਹੋਇਆ ਹੈ। ਇਥੇ ਡਾ. ਹਰਚਰਨ ਸਿੰਘ ਨੇ ਰਾਣੀ ਜਿੰਦਾਂ ਦੇ ਪ੍ਰਚਲਤ ਬਿੰਬ ਨੂੰ ਤੋੜ ਕੇ ਜਾਂ ਉਸ ਵਿਚ ਆਪਣੀ 'ਵਿਚਾਰਧਾਰਕ ਵਿੱਢ' ਪਾ ਕੇ, ਉਸ ਦਾ ਨਵਾਂ ਬਿੰਬ ਉਸਾਰਣਾ ਪਿਆ ਹੈ। ਇਸੇ ਵਿਚ ਹੀ ਨਾਟਕਕਾਰ ਦੀ ਵਿਸ਼ੇਸ਼ ਯੋਗਤਾ ਤੇ ਨਾਟਕ ਸਮਰੱਥਾ ਦਾ ਸਬੂਤ ਮਿਲਦਾ ਹੈ।

(ਏ) ਕਥਾਨਕ (ਪਲਾਟ) :- 'ਕਥਾਨਕ' (Plot) ਨੂੰ ਕਿਸੇ ਵੀ ਸਾਹਿਤਕ-ਰਚਨਾ ਦੀ ਰੀੜ ਦੀ ਹੱਡੀ ਕਿਹਾ ਜਾਂਦਾ ਹੈ। ਕਿਸੇ ਰਚਨਾ ਵਿਚ ਪੇਸ਼ ਭਿੰਨ ਭਿੰਨ ਘਟਨਾਵਾਂ ਦੀ ਤਰਤੀਬ ਨੂੰ ਹੀ ਸਾਹਿਤਕ-ਭਾਸ਼ਾ ਵਿਚ 'ਕਥਾਨਕ' (ਪਲਾਟ) ਕਿਹਾ ਜਾਂਦਾ ਹੈ। ਵਿਦਵਾਨਾਂ ਦਾ ਇਹ ਵੀ ਕਹਿਣਾ ਹੈ ਕਿ ਹਰ ਲੇਖਕ ਪ੍ਰਾਪਤ ਸਮਗ੍ਰੀ ਨੂੰ ਇਕ ਨਵਾਂ 'ਕਥਾਨਕ' ਜਾਂ 'ਪਲਾਟ' ਹੀ ਤਾਂ ਦੇ ਰਿਹਾ ਹੁੰਦਾ ਹੈ। ਇਤਿਹਾਸਕ-ਮਿਥਿਹਾਸਕ ਪਿੱਠਭੂਮੀ (backgroung) ਵਾਲੇ ਨਾਟਕਾਂ ਜਾਂ ਹੋਰ ਸਾਹਿਤਕ ਰਚਨਾਵਾਂ ਉੱਪਰ ਤਾਂ ਇਹ ਗੱਲ ਹੋਰ ਵੀ ਵਧੇਰੇ ਢੁੱਕਦੀ ਹੈ। ਇਸ ਸਥਿਤੀ ਵਿਚ ਸੰਬੰਧਤ ਕਥਾ ਤਾਂ ਇਤਿਹਾਸ ਜਾਂ ਮਿਥਿਹਾਸ ਵਿਚ ਪ੍ਰਚਲਤ ਹੀ ਹੁੰਦੀ ਹੈ ਲੇਖਕ ਉਸ ਪ੍ਰਚਲਤ ਕਥਾ-ਸਮਗ੍ਰੀ ਨੂੰ ਸਿਰਫ ਨਵਾਂ ਪਲਾਟ ਹੀ ਤਾਂ ਦੇ ਰਿਹਾ ਹੁੰਦਾ ਹੈ। ਇਹ ਕਥਾਨਕ ਜਾਂ ਪਲਾਟ ਸਾਧਾਰਣ ਜਾਂ ਜ਼ਿੰਦਗੀ ਦੀ ਵਿਕਾਸ-ਰੇਖਾ (ਜਨਮ-ਬਚਪਨ-ਜਵਾਨੀ-ਬੁਢਾਪਾ-ਮੌਤ) ਵਰਗਾ ਸਰਲ ਵੀ ਹੋ ਸਕਦਾ ਹੈ ਅਤੇ ਜਟਿਲ (complex) ਵੀ। ਕਈ ਵਾਰ ਲੇਖਕ ਉਚੇਚੇ ਤੌਰ 'ਤੇ 'ਸਸਪੈਂਸ ਦਾ ਪਲਾਟ' ਵੀ ਸਿਰਜਣ ਵੱਲ ਰੁਚਿਤ ਹੁੰਦਾ ਹੈ। ਸਸਪੈਂਸ ਦੇ ਪਲਾਟ ਵਿਚ ਘਟਨਾ ਦੇ ਅੰਤ ਨੂੰ ਪਹਿਲਾਂ ਪੇਸ਼ ਕਰਕੇ, ਆਹਿਸਤਾ ਆਹਿਸਤਾ ਸੱਚ ਦਾ ਰਾਜ਼ ਖੁੱਲਦਾ ਹੈ। ਇਸ ਨਾਲ ਰਚਨਾ ਦੇ ਅੰਦਰ ਰੋਚਕਤਾ ਵੀ ਬਣੀ ਰਹਿੰਦੀ ਹੈ ਅਤੇ 'ਅੱਗੋਂ ਹੋਰ ਕੀ ਹੋਇਆ' ਨੂੰ ਜਾਣਨ ਦੀ ਪਾਠਕਾਂ ਦੀ ਉਤਸੁਕਤਾ ਵੀ ਨਿਰੰਤਰ ਕਾਇਮ ਰਹਿੰਦੀ ਹੈ।

ਇਸ ਦ੍ਰਿਸ਼ਟੀ ਤੋਂ ਜਦੋਂ ਅਸੀਂ ਡਾ. ਹਰਚਰਨ ਸਿੰਘ ਦੇ ਨਾਟਕ 'ਰਾਣੀ ਜਿੰਦਾਂ' ਨੂੰ ਚਰਚਾ ਦਾ ਵਿਸ਼ਾ ਬਣਾਉਂਦੇ ਹਾਂ ਤਾਂ ਇਹ ਗੱਲ ਸਹਿਜੇ ਹੀ ਸਪੱਸ਼ਟ ਹੋ ਜਾਂਦੀ ਹੈ ਕਿ ਇਸ ਨਾਟਕ ਦਾ ਕਥਾਨਕ ਜਾਂ ਪਲਾਟ ਨਾ ਤਾਂ ਬਹੁਤਾ ਜਟਿਲ ਹੈ ਅਤੇ ਨਾ ਹੀ ਪੂਰੀ ਤਰ੍ਹਾਂ ਸਰਲ। ਇਹ ਸਸਪੈਂਸ ਦਾ ਪਲਾਟ ਵੀ ਨਹੀਂ ਹੈ। ਧਿਆਨ ਨਾਲ ਵਾਚਿਆਂ ਪਤਾ ਚਲਦਾ ਹੈ ਕਿ ਇਹ ਜਟਿਲ ਤੇ ਸਾਧਾਰਣ ਦੇ ਵਿਚਕਾਰ ਦਾ ਪਲਾਟ ਹੈ। ਇਕ ਇਤਿਹਾਸਕ ਨਾਟਕ ਹੋਣ ਕਰਕੇ ਸਾਨੂੰ ਰਾਣੀ ਜਿੰਦਾਂ ਤੇ ਖ਼ਾਲਸਾ ਰਾਜ ਦੀ ਹੋਣੀ ਦਾ ਪਹਿਲਾਂ ਹੀ ਪਤਾ ਹੁੰਦਾ ਹੈ। ਡਾ. ਹਰਚਰਨ ਸਿੰਘ ਨੂੰ ਵੀ ਇਹ ਕਥਾ-ਸਾਮੱਗਰੀ ਸਿੱਖ-ਇਤਿਹਾਸ ਵਿਚੋਂ ਪ੍ਰਾਪਤ ਹੋਈ ਹੈ ਜਿਸ ਤੋਂ ਪੰਜਾਬੀ ਪਾਠਕ ਵੀ ਪਹਿਲਾਂ ਹੀ ਜਾਣੂ ਹਨ। ਨਾਟਕਕਾਰ ਦੀ ਵਿਸ਼ੇਸ਼ਤਾ ਇਸ ਗੱਲ ਵਿਚ ਹੈ ਕਿ ਉਸ ਨੇ ਪ੍ਰਾਪਤ ਇਤਿਹਾਸਕ ਸਾਮੱਗਰੀ ਇਕ ਨਵੇਂ ਦ੍ਰਿਸ਼ਟੀ ਬਿੰਦੂ (vantage point) ਤੋਂ ਪੇਸ਼ ਕੀਤਾ ਹੈ। ਭਾਵ, ਉਸਨੂੰ ਨਵੇਂ ਅਰਥ ਪ੍ਰਦਾਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਨਾਟਕਕਾਰ ਦੇ ਕਹਿਣ ਮੁਤਾਬਕ, ਵਿਦੇਸ਼ੀ ਹਵਾਲਿਆਂ ਨੂੰ ਆਧਾਰ ਬਣਾ ਕੇ ਸਾਡੇ ਕੁਝ ਇਤਿਹਾਸਕਾਰਾਂ ਤੇ ਲੇਖਕਾਂ ਨੇ ਰਾਣੀ ਜਿੰਦਾਂ ਦਾ ਬਿੰਬ (image) ਵਿਗਾੜ ਕੇ ਪੇਸ਼ ਕੀਤਾ ਹੋਇਆ ਸੀ। ਗ਼ੁਲਾਮ ਮੁਲਕਾਂ ਦੇ ਇਤਿਹਾਸ, ਸਭਿਆਚਾਰ ਤੇ ਧਰਮਾਂ ਆਦਿ ਵਿਚ ਵਿਦੇਸ਼ੀ ਤਾਕਤਾਂ ਅਜਿਹੇ ਵਿਗਾੜ ਅਕਸਰ ਪੈਦਾ ਕਰ ਦਿਆ ਕਰਦੇ ਹਨ। ਰਾਣੀ ਜਿੰਦਾਂ ਨਾਲ ਸੰਬੰਧਤ ਇਤਿਹਾਸ ਨਾਲ ਵੀ ਕੁਝ ਇੰਝ ਦਾ ਹੀ ਹੋਇਆ। ਉਸ ਨੂੰ ਮੂੜ, ਸਾਜਿਸ਼ੀ, ਉਜੱਡ ਕੇ ਖ਼ਤਰਨਾਕ ਔਰਤ ਦੇ ਰੂਪ ਵਿਚ ਪੇਸ਼ ਕੀਤਾ ਜਾ ਰਿਹਾ ਸੀ। ਇਹ ਵੀ ਕਿਹਾ ਜਾ ਰਿਹਾ ਸੀ ਕਿ ਉਸ ਦੀ ਨਿਕਟ-ਅੰਦੇਸ਼ੀ ਕਾਰਨ ਹੀ ਪੰਜਾਬ ਦੀ ਅੰਗਰੇਜ਼ਾਂ ਹੱਥੋਂ ਹਾਰ ਹੋਈ ਅਤੇ ਅੰਗਰੇਜ਼ਾਂ ਨਾਲ ਲੜਾਈ ਛੇੜਣ ਵਿਚ ਵੀ ਉਸ

ਨੇ ਕਾਹਲ ਕੀਤੀ। ਪਰ, ਰਾਣੀ ਜਿੰਦਾਂ ਬਾਰੇ ਡਾ. ਹਰਚਰਨ ਸਿੰਘ ਦਾ ਨਜ਼ਰੀਆ ਇਸ ਤੋਂ ਬਿਲਕੁਲ ਭਿੰਨ ਹੈ। ਉਹ ਰਾਣੀ ਜਿੰਦਾਂ ਦੀ ਇਕ ਗੁਪਤ ਚਿੱਠੀ ਦੇ ਆਧਾਰ 'ਤੇ ਜੋ ਉਸ ਉਸ ਨੇ ਸ਼ੇਖੂਪੁਰੇ ਦੇ ਕਿਲ੍ਹੇ ਦੀ ਕੈਦ ਵਿਚੋਂ ਰਾਜਾ ਸ਼ੇਰ ਸਿੰਘ ਅਟਾਰੀ ਨੂੰ ਲਿਖੀ ਸੀ, ਰਾਦੀ ਜਿੰਦਾਂ ਨੂੰ ਦ੍ਰਿੜ ਇਰਾਦੇ ਵਾਲੀ, ਨਿਡਰ, ਆਤਮ-ਵਿਸ਼ਵਾਸੀ, ਦਲੇਰ ਤੇ ਬਹਾਦਰ ਔਰਤ ਸਿੱਧ ਕਰਨ ਦੇ ਯਤਨ ਵਿਚ ਹੈ ਜਿਸਨੂੰ ਪੰਜਾਬ ਦੀ ਧਰਤੀ ਨਾਲ ਅੰਤਾਂ ਦਾ ਮੋਹ ਹੈ। ਇਸ ਨਾਟਕ ਦਾ ਪਲਾਟ, ਇਸ ਸਭ ਕੁਝ ਨੂੰ ਸਾਬਤ ਕਰਨ ਲਈ ਹੀ ਯੋਜਨਾ ਬੱਧ ਹੈ।

ਇਥੇ ਇਹ ਵੀ ਵਰਣਨ ਯੋਗ ਹੈ ਕਿ ਨਾਟਕਕਾਰ ਨੇ ਇਥੇ ਰਾਣੀ ਜਿੰਦਾਂ ਦੇ ਰੋਲ ਨੂੰ ਭੈਰੋਵਾਲ ਦੇ ਅਹਿਦਨਾਮੇ ਤੋਂ ਬਾਅਦ ਲਿਆ ਹੈ ਜਦੋਂ ਉਸ ਨੂੰ ਨਿਸ਼ਚਾ ਹੋ ਜਾਂਦਾ ਹੈ ਕਿ ਫ਼ਰੰਗੀਆਂ ਦੀ ਬਦਨੀਤ ਪੰਜਾਬ ਨੂੰ ਹੜੱਪ ਕਰਨ ਦੀ ਹੈ ਅਤੇ ਉਹ ਪੰਜਾਬ ਉੱਪਰ ਮੁਕੰਮਲ ਕਬਜ਼ਾ ਕਰਨ ਲਈ ਸਿਰਫ ਬਹਾਨੇ ਲੱਭ ਰਹੇ ਹਨ। ਇਸ ਭੇਤ ਦੇ ਖੁਲ੍ਹਣ 'ਤੇ ਉਹ ਦੁਨੀਆਂ ਦੀ ਸਭ ਤੋਂ ਸ਼ਕਤੀਸ਼ਾਲੀ ਤਾਕਤ ਨਾਲ ਟੱਕਰ ਲੈਣ ਲਈ ਨਿਰੰਤਰ ਸੰਘਰਸ਼ ਕਰਦਾ ਹੈ ਜੋ ਉਸ ਨੂੰ ਇਕ ਅਦੁੱਤੀ ਵੀਰ-ਨਾਇਕਾ ਦੇ ਰੂਪ ਵਿਚ ਪ੍ਰਗਟ ਕਰਦਾ ਹੈ। ਨਾਟਕਕਾਰ ਇਸੇ ਮੁਤਾਬਕ ਹੀ ਸੰਬੰਧਤ ਘਟਨਾਵਾਂ ਨੂੰ ਤਰਤੀਬ ਦੇਂਦਾ ਹੈ ਅਤੇ ਇਸ ਇਤਿਹਾਸਕ ਸਾਮੱਗਰੀ ਨੂੰ ਨਵੇਂ ਅਰਥ ਪ੍ਰਦਾਨ ਕਰਕੇ, ਨਵਾਂ ਪਲਾਟ ਦੇਣ ਦੀ ਕੋਸ਼ਿਸ਼ ਕਰਦਾ ਹੈ।

(ਸ) ਦ੍ਰਿਸ਼ ਜਾਂ ਵਾਤਾਵਰਣ (ਮਾਹੌਲ) :- ਦ੍ਰਿਸ਼ ਜਾਂ ਵਾਤਾਵਰਣ ਦੀ ਦ੍ਰਿਸ਼ਟੀ ਤੋਂ ਵੀ 'ਰਾਣੀ ਜਿੰਦਾਂ' ਨਾਟਕ, ਸਾਡੇ ਧਿਆਨ ਦਾ ਕੇਂਦਰ ਬਣਦਾ ਹੈ। ਜਿਵੇਂ ਕਿ ਪਹਿਲੇ ਪਾਠ ਵਿਚ ਅਸੀਂ ਦੇਖਿਆ ਸੀ ਕਿ ਕੁਝ ਵਿਦਵਾਨਾਂ ਨੇ ਨਾਟਕ ਨੂੰ 'ਦ੍ਰਿਸ਼-ਕਾਵਿ' ਦਾ ਨਾਂ ਵੀ ਦਿੱਤਾ ਹੈ। ਦ੍ਰਿਸ਼ ਦਾ ਸੰਬੰਧ ਕਿਉਂਕਿ, ਦੇਖਣ ਨਾਲ ਹੁੰਦਾ ਹੈ, ਇਸ ਲਈ ਨਾਟਕ ਨੂੰ 'ਦਰਸ਼ਨੀ-ਕਲਾ' ਦੇ ਅਰਥਾਂ ਵਿਚ ਗ੍ਰਹਿਣ ਕਰਨ ਦੀ ਰੁਚੀ ਵੀ ਕਾਫੀ ਪ੍ਰਬਲ ਰਹੀ ਹੈ।

'ਰਾਣੀ ਜਿੰਦਾਂ' ਨਾਟਕ ਵਿਚ ਉਸ ਸਾਰੇ ਇਤਿਹਾਸਕ ਦ੍ਰਿਸ਼ ਨੂੰ ਪੇਸ਼ ਕੀਤਾ ਗਿਆ ਜੋ ਪੰਜਾਬ 'ਚ ਖ਼ਾਲਸਾ ਰਾਜ ਦੀ ਤਬਾਹੀ, ਰਾਣੀ ਜਿੰਦਾਂ ਦੇ ਨਿਰੰਤਰ ਸੰਘਰਸ਼ ਅਤੇ ਪੰਜਾਬ ਵਿਚ ਅੰਗਰੇਜ਼ੀ-ਰਾਜ ਦੀ ਸਥਾਪਤੀ ਨਾਲ ਸੰਬੰਧਤ ਹੈ। 'ਆਰੰਭਿਕਾਂ' ਤੋਂ ਲੈ ਕੇ ਨਾਟਕ ਦੀ ਆਖਰੀ ਝਾਕੀ ਤੱਕ ਅਸੀਂ ਇਸ ਸਾਰੇ ਇਤਿਹਾਸਕ-ਸਿਆਸੀ ਦ੍ਰਿਸ਼ ਨਾਲ ਸੰਬੰਧਤ ਰਹਿੰਦੇ ਹਾਂ। ਇਸ ਦ੍ਰਿਸ਼ ਦੇ ਨਾਲ ਨਾਲ ਉਸ ਸਾਰੇ ਵਾਤਾਵਰਣ ਨੂੰ ਵੀ ਇਥੇ ਸਿਰਜਿਆ ਗਿਆ ਹੈ ਜੋ ਇਨ੍ਹਾਂ ਇਤਿਹਾਸਕ-ਰਾਜਨੀਤਕ ਸਥਿਤੀਆਂ ਪਰਸਥਿਤੀਆਂ ਦੇ ਨਾਲ ਡੂੰਘਾ ਸਰੋਕਾਰ ਰੱਖਦਾ ਹੈ। ਨਾਟਕ ਦੀ ਹਰ ਝਾਕੀ ਦੇ ਆਰੰਭ ਵਿਚ ਨਾਟਕਕਾਰ ਦੇ ਵੱਲੋਂ ਦਰਜ ਟਿੱਪਣੀ ਸੰਬੰਧਤ ਵਾਤਾਵਰਣ ਦੀ ਹੀ ਸੂਚਕ ਹੁੰਦੀ ਹੈ। ਮਿਸਾਲ ਦੇ ਤੌਰ 'ਤੇ ਇਸ ਨਾਟਕ ਦੇ ਪਹਿਲੇ ਐਕਟ ਦੀ ਤੀਸਰੀ ਝਾਕੀ ਦੇ ਮੁੱਢ ਵਿਚ ਦਿੱਤੀ ਇਸ ਟਿੱਪਣੀ ਨੂੰ ਹੀ ਲਉ :-

(i) ''ਸਮਾਂ : ਉਸੇ ਦਿਨ ਕੁਝ ਚਿਰ ਬਾਅਦ
ਸਥਾਨ : ਲਾਹੌਰ ਵਿਚ ਰੈਜ਼ੀਡੈਂਟ ਹੈਨਰੀ ਲਾਰੰਸ ਦਾ ਦਫ਼ਤਰ। ਪਿੱਛੇ ਕੰਧ 'ਤੇ ਹਿੰਦੁਸਤਾਨ ਦਾ ਵਿਸ਼ਾਲ ਨਕਸ਼ਾ ਲਟਕ ਰਿਹਾ ਹੈ। ਸਵਾਏ ਪੰਜਾਬ ਦੇ ਸਾਰਾ ਹਿੱਸਾ ਲਾਲ ਹੈ। ਇਕ ਕੁਲੀ ਹੱਥ ਨਾਲ ਖਿੱਚਣ ਵਾਲਾ ਪੱਖਾ ਝੱਲ ਰਿਹਾ ਹੈ। ਫ਼ਰੈਡਰਿਕ ਕਰੀ ਕੁਝ ਕਾਗਜ਼ ਹੱਥ ਵਿਚ ਲਈ ਚੁੱਪ-ਚਾਪ ਬੈਠਾ ਹੈ।" (ਪੰਨਾ : 26)

(ii) ਪੰਜਵੀਂ ਝਾਕੀ (ਦੂਜਾ ਐਕਟ)
''ਸਮਾਂ : 1 ਅਗਸਤ 1863
ਸਥਾਨ : ਲੰਦਨ, ਅਬਿੰਗਡਨ ਹਾਊਸ ਦਾ ਇਕ ਕਮਰਾ।
ਦ੍ਰਿਸ਼ : ਰਾਣੀ ਜਿੰਦਾਂ ਦੀਰਘ ਬੀਮਾਰੀ ਦੀ ਹਾਲਤ ਵਿਚ ਪਲੰਘ 'ਤੇ ਪਈ ਹੈ, ਬੇਚੈਨੀ ਕਾਰਨ ਕਿਸੇ ਵਕਤ ਝੱਟ ਉਠ ਕੇ ਬੈਠ ਜਾਂਦੀ ਹੈ। ਇਕ ਬੰਗਾਲੀ ਡਾਕਟਰ ਕੋਲ ਖੜਾ ਹੈ। ਸੁਰਤੂ ਟਹਿਲਣ ਘੜੀ ਮੁੜੀ ਬਾਹਰ ਜਾਂਦੀ ਹੈ।" (ਪੰਨਾ : 70)

ਇਉਂ ਇਸ ਤਰ੍ਹਾਂ ਦੀਆਂ ਟਿੱਪਣੀਆਂ ਸਾਨੂੰ, ਸੰਬੰਧਤ ਘਟਨਾ ਦੇ ਘੱਟਣ ਦੇ ਸਮੇਂ, ਸਥਾਨ ਅਤੇ ਮਾਹੌਲ ਨਾਲ ਜੋੜ ਦੇਂਦੀਆਂ ਹਨ। ਡਾ. ਹਰਚਰਨ ਸਿੰਘ ਇਕ ਪ੍ਰੌਢ ਨਾਟਕਕਾਰ ਹੋਣ ਕਰਕੇ, ਇਸ ਪੱਖੋਂ ਕਾਫੀ ਸੁਚੇਤ ਨਜ਼ਰ ਆਉਂਦਾ ਹੈ। ਆਪਣੇ ਨਾਟਕਾਂ ਵਿਚ ਇਸ ਨਾਟਕੀ-ਜ਼ਰੂਰਤ ਨੂੰ ਉਹ ਕਦੇ ਵੀ ਨਜ਼ਰ-ਅੰਦਾਜ਼ ਨਹੀਂ ਕਰਦਾ। 'ਰਾਣੀ ਜਿੰਦਾਂ' ਨਾਟਕ ਵੀ ਇਸ ਪੱਖੋਂ ਕਾਫ਼ੀ, ਸਲਾਹੁਣਯੋਗ ਹੈ। ਇਸ ਤੱਤ ਦੀ ਮੌਜੂਦਗੀ ਨਾਲ ਉਸ ਦੀ ਨਾਟਕ-ਕਲਾ ਵਿਚ ਨਿਖਾਰ ਆਉਂਦਾ ਹੈ। ਨਾਟਕਕਾਰ, ਇਸ ਨਾਟਕ ਵਿਚ ਇਸ ਵਾਤਾਵਰਣ ਜਾਂ ਮਾਹੌਲ ਦੀ ਸਿਰਜਣਾ ਸਿਰਫ਼ ਅਜਿਹੀਆਂ ਟਿੱਪਣੀਆਂ ਰਾਹੀਂ ਹੀ ਨਹੀਂ ਸਿਰਜਦਾ, ਸਗੋਂ ਪਾਤਰਾਂ ਦੇ ਵਾਰਤਾਲਾਪਾਂ ਜਾਂ ਸੰਵਾਦਾਂ ਦੀ ਮਦਦ ਵੀ ਲੈਂਦਾ ਨਜ਼ਰ ਆਉਂਦਾ ਹੈ। ਪੰਜਾਬ, ਕਾਠਮੰਡੂ, ਕਲਕੱਤਾ ਤੇ ਲੰਡਨ ਆਦਿ ਥਾਵਾਂ ਨਾਲ ਸੰਬੰਧਤ ਮਾਹੌਲ ਦੀ ਇਥੇ ਬਾਖੂਬੀ ਸਿਰਜਣਾ ਹੋਈ ਮਿਲਦੀ ਹੈ।

(ਹ) ਨਾਟਕੀ-ਤਣਾਉ ਤੇ ਸੰਘਰਸ਼ :- 'ਤਣਾਉ' (tension) ਤੇ 'ਸੰਘਰਸ਼' (struggle) ਦੀ ਹੋਂਦ, ਹਰ ਨਾਟਕੀ-ਰਚਨਾ ਵਿਚ ਹੋਣੀ ਲਾਜ਼ਮੀ ਮੰਨੀ ਜਾਂਦੀ ਹੈ। ਉਂਝ ਤਣਾਉ ਸਾਹਿਤ ਦੀ ਪੇਸ਼ਕਾਰੀ ਦੇ ਦੂਸਰੇ ਮਹੱਤਵਪੂਰਨ ਰੂਪਾਂ ਵਿਚ ਵੀ ਕਿਸੇ

ਨਾ ਕਿਸੇ ਰੂਪ ਵਿਚ ਜ਼ਰੂਰ ਮੌਜੂਦ ਹੁੰਦਾ ਹੈ। ਪਰ ਨਾਟਕ ਵਿਚ ਤਣਾਉ ਦੀ ਪੇਸ਼ਕਾਰੀ, ਬਾਕੀ ਦੇ ਸਾਹਿਤ-ਰੂਪਾਂ ਨਾਲੋਂ ਵੱਖਰੇ ਤਰੀਕੇ ਨਾਲ ਕੀਤੀ ਗਈ ਹੁੰਦੀ ਹੈ।

ਇਸ ਦ੍ਰਿਸ਼ਟੀ ਤੋਂ ਜਦੋਂ ਅਸੀਂ 'ਰਾਣੀ ਜਿੰਦਾਂ' ਨਾਟਕ ਨੂੰ ਚਰਚਾ ਦਾ ਵਿਸ਼ਾ ਬਣਾਉਂਦੇ ਹਾਂ ਤਾਂ ਪਤਾ ਚਲਦਾ ਹੈ ਕਿ ਇਸ ਨਾਟਕ ਵਿਚ ਤਣਾਉ ਦਾ ਕਈ ਥਾਂਈਂ ਵਿਸਫੋਟ ਹੁੰਦਾ ਦਿਖਾਇਆ ਗਿਆ ਹੈ ਅਤੇ ਪਾਤਰਾਂ ਦਾ ਸੰਘਰਸ਼ ਨਿਰੰਤਰ ਬਣਿਆ ਰਹਿੰਦਾ ਹੈ। ਇਸ ਨਾਟਕ ਦਾ ਆਰੰਭ ਤਣਾਉ ਪੂਰਨ-ਸਥਿਤੀ ਨਾਲ ਹੁੰਦਾ ਹੈ। ਰਾਣੀ ਜਿੰਦਾਂ, ਇਕ ਨਾਂ-ਕਟੇ ਫੌਜੀ ਦੇ ਮੂੰਹੋਂ ਸ਼ਾਹ ਮੁਹੰਮਦ ਦੇ ਜੰਗਨਾਮੇ ਨਾਲ ਸੰਬੰਧਤ ਇਕ ਬੰਦ ਸੁਣ ਕੇ ਬੇਚੈਨ ਹੋ ਜਾਂਦੀ, ਕਿਉਂਕਿ, ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਲਾਹੌਰ ਦਰਬਾਰ ਵਿਚ ਜੋ ਖ਼ੂਨ ਦੀ ਹੋਲੀ ਖੇਡੀ ਗਈ, ਦਾ ਭਰਪੂਰ ਜ਼ਿਕਰ ਹੈ। ਸਹਿਜੇ ਸਹਿਜੇ ਇਹ ਨਾਟਕੀ-ਤਣਾਉ ਹੋਰ ਵੱਧਦਾ ਹੈ ਅਤੇ ਸ਼ਿਖਰ ਵੱਲ ਨੂੰ ਜਾਂਦਾ ਹੈ। ਜਦੋਂ ਰਾਣੀ ਜਿੰਦਾਂ ਫੌਜੀ ਦੇ ਮੂੰਹੋਂ ਜੰਗਨਾਮੇ ਨਾਲ ਸੰਬੰਧਤ ਇਨ੍ਹਾਂ ਕਾਵਿ-ਸਤਰਾਂ ਨੂੰ ਸੁਣਦੀ ਹੈ ਤਾਂ ਇਹ ਤਣਾਉ ਗੁੱਸੇ ਦਾ ਰੂਪ ਧਾਰ ਜਾਂਦਾ ਹੈ :-

"ਸ਼ਾਹ ਮੁਹੰਮਦਾ ਏਸ ਰਾਣੀ ਜਿੰਦ ਕੌਰਾਂ,
ਤੋੜ ਸੁਟਿਆ ਮੁਲਕ ਉਜਾੜਿਆਂ ਨੇ।"

ਇਹ ਤਣਾਉ ਪਹਿਲੀ ਵਾਰ ਟਕਰਾਉ ਦਾ ਰੂਪ ਉਦੋਂ ਧਾਰਦਾ ਹੈ ਜਦੋਂ ਮਹਾਰਾਜਾ ਦਲੀਪ ਸਿੰਘ, ਭਰੇ ਹੋਏ ਖ਼ਾਲਸਾ ਦਰਬਾਰ ਵਿਚ ਤੇਜ ਸਿੰਘ ਨੂੰ ਇਹ ਕਹਿ ਕੇ "ਮੈਂ ਗ਼ਦਾਰ ਦੇ ਮੱਥੇ ਤਿਲਕ ਨਹੀਂ ਲਾਵਾਂਗਾ।" ਉਸ ਨੂੰ ਰਾਜ ਤਿਲਕ ਲਾਉਣੋਂ ਇਨਕਾਰ ਕਰ ਦਿੰਦਾ ਹੈ ਅਤੇ ਮਗਰੋਂ ਉਸ ਨੂੰ ਲੱਤ ਕੱਢ ਮਾਰਦਾ ਹੈ। ਕੰਪਨੀ ਦੀ ਸਰਕਾਰ ਉਸ ਦੀ ਇਸ ਹਰਕਤ ਤੋਂ ਸਖ਼ਤ ਨਾਰਾਜ਼ ਹੁੰਦੀ ਹੈ ਅਤੇ ਇਸ ਸਭ ਕੁਝ ਦਾ ਕਸੂਰਵਾਰ ਰਾਣੀ ਜਿੰਦਾਂ ਨੂੰ ਮੰਨਿਆ ਜਾਂਦਾ ਹੈ। ਰੈਜ਼ੀਡੈਂਟ ਹੈਨਰੀ ਲਾਰੰਸ, ਰਾਣੀ ਜਿੰਦਾਂ ਨੂੰ ਸ਼ੇਖੂਪੁਰੇ ਦੇ ਕਿਲ੍ਹੇ ਵਿਚ ਨਜ਼ਰਬੰਦ ਕਰਵਾ ਦੇਂਦਾ ਹੈ। ਉਸ ਨੂੰ ਉਸਦੇ ਪੁੱਤਰ ਮਹਾਰਾਜਾ ਦਲੀਪ ਸਿੰਘ ਕੋਲੋਂ ਅਲਹਿਦਾ ਕਰਨ ਦੀ ਯੋਜਨਾ ਬਣਾਈ ਜਾਂਦੀ ਹੈ ਅਤੇ ਉਸ ਉੱਪਰ ਪੂਰੀ ਸੰਜੀਦਗੀ ਨਾਲ ਅਮਲ ਕੀਤਾ ਜਾਂਦਾ ਹੈ। ਰਾਣੀ ਜਿੰਦਾਂ ਦੇ ਉੱਪਰ ਮੁਸੀਬਤਾਂ ਦੇ ਪਹਾੜ ਡਿੱਗ ਪੈਂਦੇ ਹਨ। ਇਥੇ ਨਾਟਕੀ-ਤਣਾਉ ਕਦੇ ਟਕਰਾਉ ਦੇ ਰੂਪ ਵਿਚ ਵਿਸਫੋਟ ਹੁੰਦੀ ਹੈ ਅਤੇ ਕਦੇ 'ਹਾਈਪਰ ਟੈਨਸ਼ਨ' ਦਾ ਰੂਪ ਧਾਰਦਾ ਹੈ। ਉਸ ਦਾ ਇਹ ਸੰਘਰਸ਼, ਉਸ ਦੇ ਅੰਤਮ ਸਮੇਂ ਤੱਕ ਜਾਰੀ ਰਹਿੰਦਾ ਹੈ। ਭਾਵੇਂ ਉਹ ਇਸ ਕਾਰਜ ਵਿਚ ਸਫ਼ਲ ਨਹੀਂ ਹੋ ਪਾਂਦੀ, ਪਰ ਫਿਰ ਵੀ ਉਸ ਦੀ ਦਲੇਰੀ, ਦ੍ਰਿੜਤਾ, ਸਵੈਮਾਣ, ਆਤਮ-ਵਿਸ਼ਵਾਸ ਕਿਤੇ ਵੀ ਡੋਲਦਾ ਨਜ਼ਰ ਨਹੀਂ ਆਉਂਦਾ। ਇਸੇ ਤਰ੍ਹਾਂ ਬਾਕੀ ਦੇ ਸਹਾਇਕ ਤੇ ਗੌਣ ਪਾਤਰ ਵੀ ਤਣਾਉ ਭੋਗਦੇ ਤੇ ਆਪੋ ਆਪਣੇ ਸੰਘਰਸ਼ ਵਿਚ ਰੁਝੇ ਨਜ਼ਰ ਆਉਂਦੇ ਹਨ। ਇਹ ਸਭ ਕੁਝ ਇਸ ਨਾਟਕ ਦੀ ਰੋਚਕਤਾ ਨੂੰ ਵਧਾਉਣ ਵਾਲਾ ਤੱਤ ਹੋ ਨਿਬੜਦਾ ਹੈ। ਇਉਂ ਅਸੀਂ ਨਿਰਸੰਕੋਚ ਕਹਿ ਸਕਦੇ ਹਾਂ ਕਿ ਨਾਟਕੀ-ਤਣਾਉ ਤੇ ਸੰਘਰਸ਼ ਇਸ ਨਾਟਕ ਵਿਚ ਆਪਣੇ ਪ੍ਰਚੰਡ ਰੂਪ ਵਿਚ ਪੇਸ਼ ਹੋਇਆ ਹੈ।

(ਕ) ਵਿਚਾਰ ਜਾਂ ਵਿਸ਼ਾ-ਵਸਤੂ :- ਬਾਕੀ ਦੇ ਤੱਤਾਂ ਵਾਂਗ ਹਰ ਨਾਟਕੀ-ਕਿਰਤ ਵਿਚ 'ਵਿਚਾਰ' ਤੱਤ ਦੀ ਹੋਂਦ ਵੀ ਲਾਜ਼ਮੀ ਮੰਨੀ ਗਈ ਹੈ। ਨਾਟਕ ਜਾਂ ਹੋਰ ਸਾਹਿਤਕ-ਕਿਰਤਾਂ ਵਿਚ ਇਹ 'ਵਿਚਾਰ' ਤੱਤ, 'ਵਿਸ਼ੇ ਵਸਤੂ' ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਇਸ ਤੱਤ ਦੀ ਅਣਹੋਂਦ ਵਿਚ ਨਾਟਕੀ-ਕਿਰਤ ਕੋਈ ਅਹਿਮੀਅਤ ਨਹੀਂ ਰਖਦੀ। ਜਿਥੋਂ ਤੱਕ ਇਸ ਨਾਟਕ (ਰਾਣੀ ਜਿੰਦਾਂ) ਵਿਚ ਪੇਸ਼ ਵਿਚਾਰ ਜਾਂ ਇਸਦੇ ਵਿਸ਼ੇ-ਵਸਤੂ ਦਾ ਸਰੋਕਾਰ ਹੈ, ਉਸ ਸੰਬੰਧੀ ਅਸੀਂ ਪਾਠ ਨੰਬਰ : 3 ("ਰਾਣੀ ਜਿੰਦਾਂ' ਨਾਟਕ ਦਾ ਵਿਸ਼ਾ-ਸੰਗਠਨ ਅਤੇ ਮੂਲ ਸਮੱਸਿਆ") ਵਿਚ ਪੂਰੀ ਤਫ਼ਸੀਲ (detail) ਨਾਲ ਚਰਚਾ ਕੀਤੀ ਹੈ। ਦੁਹਰਾਉ ਦੇ ਦੋਸ਼ ਤੋਂ ਬਚਣ ਲਈ ਤੁਹਾਨੂੰ ਹਿਦਾਇਤ ਹੈ ਕਿ ਤੁਸੀਂ ਇਸ ਤੱਤ ਉਪਰ ਗੱਲ ਕਰਨ ਲਈ, ਪਾਠ ਨੰਬਰ : 3 ਨੂੰ ਪੂਰੀ ਤਰ੍ਹਾਂ ਧਿਆਨ ਵਿਚ ਰੱਖੋ।

(ਖ) ਭਾਸ਼ਾ-ਸ਼ੈਲੀ :- ਵਿਦਿਆਰਥੀਓ ! ਜਿਵੇਂ ਕਿ ਪਹਿਲਾਂ ਵੀ ਦਸਿਆ ਗਿਆ ਸੀ ਕਿ ਨਾਟਕ ਦੀ ਦੂਸਰੇ ਸਾਹਿਤ-ਰੂਪਾਂ ਨਾਲੋਂ ਵਖਰਤਾ ਇਸ ਗੱਲ ਵਿਚ ਹੈ ਕਿ ਇਹ ਇਕ ਮਿਸ਼ਰਿਤ ਸਾਹਿਤ-ਰੂਪ ਹੈ। ਇਕ ਤਰਫ਼ ਇਹ ਦੂਸਰੇ ਸਾਹਿਤ-ਰੂਪਾਂ ਵਾਂਗ ਇਕ ਸ਼ਾਬਦਿਕ-ਕਲਾ ਹੈ ਅਤੇ ਦੂਸਰੀ ਤਰਫ਼ ਇਹ ਦੂਸਰੇ ਸਾਹਿਤ-ਰੂਪਾਂ ਵਾਂਗ ਇਕ ਦਰਸ਼ਨੀ ਕਲਾ ਹੈ ਜਿਸ ਦਾ ਸੰਬੰਧ ਰੰਗਮੰਚ (ਥੀਏਟਰ) ਨਾਲ ਹੈ। ਇਸੇ ਕਰਕੇ, ਅੰਗ੍ਰੇਜ਼ੀ ਵਿਚ ਇਸ ਨੂੰ 'Performing Art' ਕਿਹਾ ਜਾਂਦਾ ਹੈ। ਸ਼ਾਬਦਿਕ-ਕਲਾ ਹੋਣ ਦੇ ਨਾਤੇ ਨਾਟਕ ਦਾ ਸਿੱਧਾ ਸੰਬੰਧ ਭਾਸ਼ਾ-ਸ਼ੈਲੀ ਨਾਲ ਹੋ ਨਿਬੜਦਾ ਹੈ। ਦੂਸਰੇ ਸਾਹਿਤ-ਰੂਪਾਂ ਦੀ ਤਰ੍ਹਾਂ ਨਾਟਕ ਵੀ ਭਾਸ਼ਾ ਦੇ ਮਾਧਿਅਮ ਨਾਲ ਰੂਪ ਧਾਰ ਕੇ, ਭਾਸ਼ਾ ਤੋਂ ਪਾਰ ਜਾਣ ਦੀ ਸਮਰੱਥਾ ਰਖਦਾ ਹੈ। ਅਸੀਂ ਇਹ ਵੀ ਜਾਣਦੇ ਹਾਂ ਕਿ ਸਾਹਿਤਕ-ਭਾਸ਼ਾ ਆਮ ਬੋਲਚਾਲ ਵਰਗੀ ਭਾਸ਼ਾ ਹੋ ਕੇ ਵੀ ਉਸ ਤੋਂ ਵੱਖਰੀ ਹੁੰਦੀ ਹੈ। ਸਾਹਿਤਕ-ਭਾਸ਼ਾ ਨੂੰ ਆਮ ਬੋਲਚਾਲ ਦੀ ਭਾਸ਼ਾ ਨਾਲੋਂ ਨਿਖੇੜਣ ਦਾ ਸਭ ਤੋਂ ਵੱਡਾ ਆਧਾਰ ਹੈ ਕਿ ਸਾਹਿਤਕ-ਭਾਸ਼ਾ ਸ਼ੈਲੀਕ੍ਰਿਤ ਹੁੰਦੀ ਹੈ, ਪਰ ਆਮ ਬੋਲ-ਚਾਲ ਦੀ ਭਾਸ਼ਾ ਸ਼ੈਲੀਕ੍ਰਿਤ ਨਹੀਂ ਹੁੰਦੀ। ਭਾਸ਼ਾ, ਨੂੰ ਲਿਖਣ ਦੇ ਢੰਗ ਨੂੰ ਹੀ ਸਾਹਿਤਕ-ਭਾਸ਼ਾ ਵਿਚ 'ਸ਼ੈਲੀ' (style) ਕਿਹਾ ਜਾਂਦਾ ਹੈ।

ਇਸ ਸੰਬੰਧ ਵਿਚ ਯਾਦ ਰੱਖਣ ਵਾਲੀ ਗੱਲ ਇਹ ਵੀ ਹੈ ਕਿ ਜਦੋਂ ਅਸੀਂ ਦੋ ਜਾਂ ਦੋ ਤੋਂ ਵੱਧ ਜਣੇ ਆਪਸ ਵਿਚ

ਗੱਲਬਾਤ ਕਰ ਰਹੇ ਹੁੰਦੇ ਹਾਂ ਤਾਂ ਅਸੀਂ ਉਸਨੂੰ ਬਾਤਚੀਤ ਜਾਂ ਗੱਲਬਾਤ ਕਹਿੰਦੇ ਹਾਂ, 'ਵਾਰਤਾਲਾਪ' ਜਾਂ 'ਸੰਵਾਦ' (ਡਾਇਲਾਗ) ਨਹੀਂ। ਪਰ, ਨਾਟਕ ਵਿਚ ਜਦੋਂ ਪਾਤਰ ਆਪਸ ਵਿਚ ਗੱਲਬਾਤ ਕਰਦੇ ਵਿਖਾਏ ਜਾਂਦੇ ਹਨ ਤਾਂ ਉਸ ਗੱਲਬਾਤ ਨੂੰ ਅਸੀਂ ਨਾਟਕੀ-ਭਾਸ਼ਾ ਵਿਚ 'ਵਾਰਤਾਲਾਪ' ਜਾਂ 'ਸੰਵਾਦ' (ਡਾਇਲਾਗ) ਕਹਿੰਦੇ ਹਾਂ। ਇਹ ਨਾਟਕੀ ਵਾਰਤਾਲਾਪ ਜਾਂ ਸੰਵਾਦ ਜਾਂ ਡਾਇਲਾਗਜ਼ ਮੂਲ ਰੂਪ ਵਿਚ ਸ਼ੈਲੀਕ੍ਰਿਤ ਹੁੰਦੇ ਹਨ। ਇਨ੍ਹਾਂ ਨਾਟਕੀ-ਵਾਰਤਾਲਾਪਾਂ ਜਾਂ ਸੰਵਾਦਾਂ (ਡਾਇਲਾਗਜ਼) ਦੀ ਸਿਰਜਣਾ ਬੜੀ ਸੁਚੇਤ ਪੱਧਰ 'ਤੇ ਕੀਤੀ ਜਾਂਦੀ ਹੈ। ਹਰ ਨਾਟਕਕਾਰ ਦੀ ਕੋਸ਼ਿਸ਼ ਹੁੰਦੀ ਹੈ ਕਿ ਉਸ ਦੇ ਵਾਰਤਾਲਾਪ ਜਾਂ ਸੰਵਾਦ ਵੱਧ ਤੋਂ ਵੱਧ ਤਿਖੇ ਤੇ ਚੁਸਤ ਹੋਣ। ਡਾ. ਹਰਚਰਨ ਸਿੰਘ ਨੇ ਵੀ ਇਥੇ ਆਪਣੇ ਨਾਟਕ ਦੇ ਸੰਵਾਦਾਂ ਜਾਂ ਵਾਰਤਾਲਾਪਾਂ ਨੂੰ ਚੁਸਤ ਬਣਾਉਣ ਅਤੇ ਉਨ੍ਹਾਂ ਨੂੰ ਤਿਖਿਆਂ ਕਰਨ ਵਿਚ ਕਾਫ਼ੀ ਉਚੇਚ ਕੀਤੀ ਹੈ ਮਿਸਾਲ ਦੇ ਤੌਰ 'ਤੇ ਇਨ੍ਹਾਂ ਸੰਵਾਦਾਂ ਜਾਂ ਵਾਰਤਾਲਾਪਾਂ ਨੂੰ ਹੀ ਲਉ :-

"ਜਿੰਦਾਂ : ਸ਼ੇਰ ਨੂੰ ਡਰਾਉਣ ਦਾ ਪਤਾ ਕੀ ਢੰਗ ਐ?
ਹਰਗੋ : ਕੀ ਐ ਜੀ?
ਜਿੰਦਾਂ : ਆਪ ਸ਼ੇਰ ਬਣ ਜਾਉ।" (ਪੰਨਾ : 55)

"ਆਜੜੀ : ਸੰਤਣੀਓ, ਕਿਧਰ ਜਾ ਰਹੀਆਂ ਓ?
ਜਿੰਦਾਂ : ਭਗਤਾ, ਸ਼ੀਹ, ਸੱਪ, ਫ਼ਕੀਰ ਦਾ ਕੋਈ ਦੇਸ਼ ਨਹੀਂ ਹੁੰਦਾ" (ਪੰਨਾ :57)
ਜਾਂ
"ਲਾਰੰਸ : ਮਹਾਰਾਜ ਤਿਲਕ ਲਗਾਉ।
ਰਾਮ ਸਿੰਘ : ਮਹਾਰਾਜ, ਉਂਗਲ ਲਬੇੜ ਕੇ ਮੱਥੇ 'ਤੇ ਲਾ ਦਿਉ।
ਦਲੀਪ : ਮੈਂ ਗ਼ਦਾਰ ਦੇ ਮੱਥੇ ਤਿਲਕ ਨਹੀਂ ਲਾਵਾਂਗਾ।" (ਪੰਨਾ : 24)

"ਤੇਜ : ਮਹਾਰਾਣੀ ਜੀ, ਯਕੀਨ ਕਰੋ, ਮੈਂ ਮਹਿਲਾਂ ਵੀ ਤੁਹਾਡਾ ਵਫ਼ਾਦਾਰ ਰਿਹਾਂ, ਹੁਣ ਵੀ ਤੁਹਾਡਾ ਖ਼ਾਦਮ ਹਾਂ।
ਜਿੰਦਾਂ : ਤੂੰ ਬੁੱਕਲ ਦਾ ਸੱਪ ਹੈਂ, ਜ਼ਹਿਰੀਲਾ ਵਿਸ ਭਰਿਆ! ਜੀਅ ਕਰਦੈ ਤੇਰੀ ਸਿਰੀ ਫੇਹ ਦਿਆਂ। (ਤਲਵਾਰ ਨੂੰ ਹੱਥ ਪਾ ਕੇ) ਦਲੀਪ ਦਾ ਭਵਿੱਖ ਮੇਰੇ ਹੱਥ ਰੋਕ ਰਿਹੈ, ਵਰਨਾ ਤੈਨੂੰ ਵਫ਼ਦਾਰੀ ਦਾ ਸਬਦ ਸਿਖਾ ਦਿੰਦੀ।" (ਪੰਨਾ : 34)

ਇਸ ਤਰ੍ਹਾਂ ਦੇ ਤਿਖੇ ਤੇ ਚੁਸਤ ਸੰਵਾਦ, ਸਾਨੂੰ ਇਸ ਨਾਟਕ ਵਿਚ ਆਮ ਵੇਖਣ ਨੂੰ ਮਿਲਦੇ ਹਨ। ਇਨ੍ਹਾਂ ਸੰਵਾਦਾਂ ਦੀ ਭਾਸ਼ਾ ਸ਼ੈਲੀਕ੍ਰਿਤ ਤਾਂ ਹੈ ਹੀ ਨਾਲ ਹੀ ਢੁਕਵੀਂ ਤੇ ਫੱਬਵੀਂ ਵੀ ਹੈ। ਕਿਤੇ ਕਿਤੇ ਇਸ ਨਾਟਕ ਵਿਚ ਅਲੰਕ੍ਰਿਤ ਭਾਸ਼ਾ-ਸ਼ੈਲੀ ਦੀ ਵਰਤੋਂ ਹੋਈ ਵੀ ਮਿਲਦੀ ਹੈ।

(ਗ) ਉਦੇਸ਼ :- ਵਿਦਿਆਰਥੀਓ ! ਅਸੀਂ ਇਹ ਤਾਂ ਜਾਣਦੇ ਹੀ ਹਾਂ ਕਿ ਜਦੋਂ ਵੀ ਕੋਈ ਸਾਹਿਤਕ-ਕਿਰਤ ਰਚੀ ਜਾਂਦੀ ਹੈ ਤਾਂ ਉਸ ਦਾ ਕੋਈ ਨਾ ਕੋਈ ਉਦੇਸ਼ ਜ਼ਰੂਰੀ ਹੁੰਦਾ ਹੈ। ਭਾਵ, ਹਰ ਰਚਨਾ ਕਿਸੇ ਨਾ ਕਿਸੇ ਉਦੇਸ਼ ਨੂੰ ਮੁੱਖ ਰੱਖਕੇ ਹੀ ਰਚੀ ਜਾਂਦੀ ਹੈ। ਅਸੀਂ ਵੇਖਣਾ ਇਹ ਹੁੰਦਾ ਹੈ ਕਿ ਲੇਖਕ ਦਾ ਉਦੇਸ਼, ਸਾਹਿਤਕ ਹੈ ਜਾਂ ਗ਼ੈਰ-ਸਾਹਿਤਕ। ਕਈ ਵਾਰ ਕਿਸੇ ਧਾਰਮਕ ਸਿਆਸੀ ਵਿਚਾਰਧਾਰਾ ਦੇ ਪ੍ਰਚਾਰ ਦੇ ਉਦੇਸ਼ ਦੀ ਪੂਰਤੀ ਲਈ ਰਚਨਾ ਰਚੀ ਜਾਂਦੀ ਹੈ ਤਾਂ ਅਸੀਂ ਸਹਿਜ ਹੀ ਕਹਿ ਉਠਦੇ ਹਾਂ ਕਿ ਇਹ ਰਚਨਾ ਗ਼ੈਰ-ਸਾਹਿਤਕ ਉਦੇਸ਼ ਦੀ ਪੂਰਤੀ ਲਈ ਲਿਖੀ ਗਈ ਹੈ। ਸੋ! ਉਤਮ ਰਚਨਾ ਉਹੀ ਮੰਨੀ ਜਾਂਦੀ ਹੈ ਜਿਹੜੀ 'ਮਾਧਿਅਮ' ਤੇ 'ਉਦੇਸ਼' ਦੀ ਦਵੈਤ ਉੱਪਰ ਨਹੀਂ ਲਿਖੀ ਜਾਂਦੀ। ਭਾਵ, ਜਿਥੇ ਸਾਹਿਤ ਮਾਧਿਅਮ ਬਣਦਾ ਹੈ ਅਤੇ ਉਸ ਸਾਹਿਤ ਰਚਨਾ ਦੇ ਪਿਛੋਕੜ ਵਿਚ ਕੰਮ ਕਰ ਰਿਹਾ ਉਦੇਸ਼ ਕਿਸੇ ਧਾਰਮਕ ਜਾਂ ਸਿਆਸੀ ਵਿਚਾਰਧਾਰਾ ਦੇ ਪ੍ਰਚਾਰ ਨਾਲ ਜੁੜਿਆ ਹੁੰਦਾ ਹੈ।

ਇਸ ਦ੍ਰਿਸ਼ਟੀ ਤੋਂ ਜਦੋਂ ਅਸੀਂ 'ਰਾਣੀ ਜਿੰਦਾਂ' ਨਾਟਕ ਨੂੰ ਚਰਚਾ ਦਾ ਵਿਸ਼ਾ ਬਣਾਉਂਦੇ ਹਾਂ ਤਾਂ ਕਈ ਮਹੱਤਵਪੂਰਨ ਨੁਕਤੇ ਉਜਾਗਰ ਹੁੰਦੇ ਹਨ। ਸਭ ਤੋਂ ਮਹੱਤਵਪੂਰਨ ਤੇ ਅਹਿਮ ਨੁਕਤਾ ਇਹ ਹੈ ਕਿ ਇਸ ਨਾਟਕ ਦੀ ਭੂਮਿਕਾ "ਨਾਟਕ ਬਾਰੇ : ਦੋ ਸ਼ਬਦ" ਵਿਚ ਜਿਥੇ ਇਸ ਨਾਟਕ ਨੂੰ ਲਿਖਣ ਦੇ 'ਪ੍ਰੇਰਣਾ ਸਰੋਤ' ਬਾਰੇ ਜ਼ਿਕਰ ਕੀਤਾ ਹੈ ਉਥੇ ਇਸ ਨਾਟਕ ਨੂੰ ਲਿਖਣ ਦੇ। 'ਉਦੇਸ਼' ਬਾਰੇ ਵੀ ਸੰਕੇਤ ਦਿੱਤੇ ਹਨ। ਨਾਟਕ ਨੂੰ ਲਿਖਣ ਦਾ ਮੂਲ 'ਪ੍ਰੇਰਣਾ ਸਰੋਤ' ਰਾਣੀ ਜਿੰਦਾਂ ਦੀ ਲਿਖ਼ੀ ਉਹ ਗੁਪਤ ਚਿੱਠੀ ਹੈ ਜੋ ਉਸ ਨੇ ਰਾਜਾ ਸ਼ੇਰ ਸਿੰਘ ਨੂੰ ਆਪਣੀ ਸ਼ੇਖੂਪੁਰਾ ਕਿਲ੍ਹੇ ਦੀ ਕੈਦ ਵਿਚੋਂ ਲਿਖੀ ਸੀ। ਇਸ ਚਿੱਠੀ ਵਿਚੋਂ ਨਾਟਕਕਾਰ ਨੂੰ ਰਾਣੀ ਜਿੰਦਾਂ ਦੇ ਚਰਿੱਤਰ ਤੇ ਸੁਭਾਅ ਦੇ ਗੁਣਾਂ ਬਾਰੇ ਕੁਝ ਨਵੀਂ ਜਾਣਕਾਰੀ ਮਿਲਦੀ ਹੈ। ਇਹ ਚਿੱਠੀ ਇਸ ਤਰ੍ਹਾਂ ਆਰੰਭ ਹੁੰਦੀ ਹੈ :

"ਲਿਖਤੁਮ ਬੀਬੀ ਸਾਹਿਬ ਜੋਗ ਸ਼ੇਰ ਸਿੰਘ ਅਟਾਰੀ। ਤੇਰੀ ਸੂਰਮਗਤੀ ਤੋਂ ਸੌ ਸੌ ਵਾਰ ਬਲਿਹਾਰ। ਜਦੋਂ ਤੱਕ ਧਰਤੀ ਤੇ ਆਕਾਸ਼ ਕਾਇਮ ਹਨ ਲੋਕ ਤੇਰੀ ਪਰਸਿੱਧੀ ਦਾ ਚਰਚਾ ਕਰਦੇ ਰਹਿਣਗੇ। ਇਹਨਾਂ ਮਲੇਛਾਂ ਦੇ ਵਿਰੁੱਧ ਉਹ ਚਾਲਬਾਜ਼ੀਆਂ ਤੇ ਫਰੇਬ ਵਰਤੋਂ ਜੋ ਉਹ ਸਾਡੇ ਵਿਰੁੱਧ ਵਰਤਦੇ ਰਹੇ ਹਨ। ਸਭ ਤੋਂ ਵੱਡੀ ਗੱਲ ਨਿਸ਼ਚੇ ਤੇ ਪੱਕੇ ਰਹੋ.... ਮੇਰਾ ਸਾਰਾ ਧਿਆਨ ਦਿਨ-ਰਾਤ ਪੰਜਾਬ ਵਲ ਰਹਿੰਦਾ ਹੈ।" (ਪੰਨਾ : 7)

ਇਸ ਚਿੱਠੀ ਵਿਚੋਂ ਰਾਣੀ ਜਿੰਦਾਂ ਦੀ ਸ਼ਖ਼ਸੀਅਤ ਦੇ ਜੋ ਗੁਣ ਉੱਭਰਕੇ ਸਾਮ੍ਹਣੇ ਆਉਂਦੇ ਹਨ ਉਹ ਇਸ ਪ੍ਰਕਾਰ ਹਨ-ਦ੍ਰਿੜਤਾ, ਨਿਡਰਤਾ, ਸੈਮਾਨ, ਆਤਮ-ਵਿਸ਼ਵਾਸ ਅਤੇ ਪੰਜਾਬ ਦੀ ਮਿੱਟੀ ਨਾਲ ਅੰਤਾਂ ਦਾ ਮੋਹ। ਇਹ ਚਿੱਠੀ, ਅੰਗ੍ਰੇਜ਼ਾਂ ਦੀ ਕੁਟਲ-ਨੀਤੀ ਨੂੰ ਵੀ ਨੰਗਾ ਕਰਦੀ ਹੈ। ਇਸ ਚਿੱਠੀ ਨੂੰ ਪੜ੍ਹਕੇ ਨਾਟਕਕਾਰ ਨੂੰ ਲੱਗਦਾ ਹੈ ਕਿ ਇਕ ਨਿਪੁੰਨ ਨੀਤੀਵਾਨ ਅਤੇ ਕਲਮ ਦਾ ਧਨੀ, ਆਪਣੇ ਕਿਸੇ ਜਰਨੈਲ ਦੇ ਕਾਰਨਾਮਿਆਂ ਨੂੰ ਸਲਾਹ ਵੀ ਰਿਹਾ ਹੈ ਅਤੇ ਦ੍ਰਿੜਤਾ ਤੇ ਦੇਸ਼-ਭਗਤੀ ਦਾ ਸਬਕ ਵੀ ਸਿਖਾ ਰਿਹਾ ਹੈ। ਨਾਟਕਕਾਰ, ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਲਾਰਡ ਲਡਹੋਜ਼ੀ, ਲੇਡੀ ਲੋਗਨ ਆਦਿ ਵਿਦੇਸ਼ੀ ਸ਼ਾਸਕਾਂ, ਕੁਝ ਵਿਦਵਾਨਾਂ ਦਾ ਜ਼ਿਕਰ ਕਰਦਾ ਹੈ ਜਿਨ੍ਹਾਂ ਦੀ ਰਾਣੀ ਜਿੰਦਾਂ ਬਾਰੇ ਗੁਪਤ ਜਾਂ ਜ਼ਾਹਿਰਾ ਰਾਏ, ਇਸ ਚਿੱਠੀ ਦੇ ਮਜ਼ਮੂਨ ਨਾਲ, ਮੇਲ ਖਾਂਦੀ ਨਜ਼ਰ ਆਉਂਦੀ ਹੈ। ਰਾਣੀ ਜਿੰਦਾਂ ਦੇ ਬਾਰੇ, ਵਿਚ ਸਭ ਦੀ ਸਾਂਝੀ ਰਾਏ ਇਹ ਹੈ ਕਿ ਉਹ ਪੰਜਾਬ ਵਿਚ ਸਭ ਤੋਂ ਵੱਧ ਸਿਆਸੀ ਸੂਝ ਰੱਖਣ ਵਾਲੀ ਦਲੇਰ, ਸਿਰੜੀ ਪਰ ਖ਼ਤਰਨਾਕ ਤੇ ਸਾਜ਼ਿਸ਼ੀ ਔਰਤ ਸੀ। ਨਾਟਕਕਾਰ ਨੂੰ ਇਸ ਗੱਲ ਦਾ ਅਫ਼ਸੋਸ ਹੈ ਕਿ ਸਾਡੇ ਕੁਝ ਇਤਿਹਾਸਕਾਰਾਂ ਤੇ ਲੇਖਕਾਂ ਦੇ ਵਿਦੇਸ਼ੀ-ਹਵਾਲਿਆਂ ਨੂੰ ਧਿਆਨ ਵਿਚ ਰੱਖਕੇ, ਰਾਣੀ ਜਿੰਦਾਂ ਨੂੰ ਮੁੜ, ਉਜੱਡ, ਸਾਜ਼ਿਸ਼ੀ, ਨਿਕਟ-ਅੰਦੇਸ਼ੀ, ਸਵਾਰਥੀ ਤੇ ਪੰਜਾਬ ਦੀ ਅੰਗ੍ਰੇਜ਼ਾਂ ਹੱਥੋਂ ਹੋਈ ਹਾਰ ਦਾ ਜ਼ਿੰਮੇਵਾਰ ਠਹਿਰਾਇਆ ਹੈ। ਇਸ ਨਾਟਕ ਦਾ ਮੁੱਖ ਉਦੇਸ਼ ਰਾਣੀ ਜਿੰਦਾਂ ਦੇ ਇਸ ਵਿਗਾੜੇ ਗਏ ਬਿੰਬ ਨੂੰ ਸੁਧਾਰ ਕੇ, ਉਸ ਨੂੰ ਦੇਸ਼ ਭਗਤ ਤੇ ਭਾਰਤ ਦੀ ਪਹਿਲੀ ਸੁਤੰਤਰਤਾ ਸੰਗਰਾਮੀ ਸਿੱਧ ਕਰਨਾ ਹੈ। ਭਾਵੇਂ, ਲੇਖਕ ਦਾ ਇਹ ਉਦੇਸ਼ ਸਪੱਸ਼ਟ ਹੈ, ਪਰ ਨਾਟਕ ਵਿਚ 'ਉਦੇਸ਼' ਤੇ 'ਮਾਧਿਅਮ' ਇਕਮਿਕ ਹੋਏ ਨਜ਼ਰ ਆਉਂਦੇ ਹਨ। ਇਸ ਦ੍ਰਿਸ਼ਟੀ ਤੋਂ ਇਹ ਇਕ ਸਫ਼ਲ ਨਾਟਕ ਹੋ ਨਿਬੜਦਾ ਹੈ।

(ਘ) ਸਿਰਲੇਖ :- ਵਿਦਿਆਰਥੀਓ! ਇਮਤਿਹਾਨ ਵਿਚ ਕਈ ਵਾਰ ਇਹ ਸਵਾਲ ਵੀ ਪੁੱਛ ਲਿਆ ਜਾਂਦਾ ਹੈ ਕਿ ਇਸ ਨਾਟਕ ਦਾ ਸਿਰਲੇਖ 'ਰਾਣੀ ਜਿੰਦਾਂ' ਕਿਥੋਂ ਤੱਕ ਢੁੱਕਵਾਂ ਹੈ? ਇਹ ਆਪਣੇ ਆਪ ਵਿਚ ਇਕ ਅਹਿਮ ਸਵਾਲ ਹੈ। ਇਸ ਨਾਟਕ ਦਾ ਡੂੰਘਾ ਅਧਿਐਨ ਸਾਨੂੰ ਇਹ ਦਸਦਾ ਹੈ ਕਿ ਇਹ ਇਕ ਪਾਤਰ-ਪ੍ਰਧਾਨ ਨਾਟਕ ਹੈ। ਉਹ ਵੀ ਨਾਇਕਾ ਜਾਂ ਮੁੱਖ ਪਾਤਰ-ਪ੍ਰਧਾਨ ਨਾਟਕ। ਇਸ ਨਾਟਕ ਦੀ ਹਰ ਘਟਨਾ, ਸਥਿਤੀ-ਪਰਸਥਿਤੀ ਤੇ ਸਮੱਸਿਆ, ਸਿੱਧੇ ਤੇ ਅਸਿੱਧੇ ਦੋਹਾਂ ਤਰੀਕਿਆਂ ਨਾਲ ਰਾਣੀ ਜਿੰਦਾਂ ਦੀ ਸ਼ਖ਼ਸੀਅਤ, ਸੋਚ ਤੇ ਕਾਰਜ ਨਾਲ ਡੂੰਘਾ ਸਰੋਕਾਰ ਰਖਦੀ ਹੈ। ਇਉਂ ਰਾਣੀ ਜਿੰਦਾਂ, ਇਸ ਨਾਟਕ ਦੇ ਆਰ-ਪਾਰ ਫੈਲੀ ਹੋਈ ਨਜ਼ਰ ਆਉਂਦੀ ਹੈ। ਇਸ ਦ੍ਰਿਸ਼ਟੀ ਤੋਂ ਵੇਖਿਆਂ ਇਸ ਨਾਟਕ ਦਾ ਸਿਰਲੇਖ 'ਰਾਣੀ ਜਿੰਦਾਂ' ਕਾਫ਼ੀ ਢੁੱਕਵਾਂ ਪ੍ਰਤੀਤ ਹੁੰਦਾ ਹੈ। ਨਾਟਕਕਾਰ ਨੇ, ਇਸ ਨਾਟਕ ਦੇ ਸਿਰਲੇਖ 'ਰਾਣੀ ਜਿੰਦਾਂ' ਦੇ ਉੱਪਰ ਛੋਟੇ ਅੱਖਰਾਂ ਵਿਚ "ਪੰਜਾਬ ਵਿਚ ਇਕੋ ਮਰਦ" ਵੀ ਅੰਕਿਤ ਕੀਤਾ ਹੋਇਆ ਹੈ। ਇਹ ਗੱਲ ਵੀ ਨਾਟਕ ਦੇ ਮੂਲ ਉਦੇਸ਼ ਨਾਲ ਜੁੜੀ ਹੋਈ ਹੈ ਕਿ ਨਾਟਕਕਾਰ ਨੇ ਇਸ ਨਾਟਕ ਵਿਚ ਰਾਣੀ ਜਿੰਦਾਂ ਨੂੰ ਉਸ ਵਕਤ ਦੇ 'ਪੰਜਾਬ 'ਚ ਇਕੋ ਮਰਦ' ਦੇ ਰੂਪ ਵਿਚ ਉਭਾਰਿਆ ਹੈ। ਉਸ ਦਾ ਸਾਰਾ ਸੰਘਰਸ਼, ਇਕ ਦਲੇਰ ਬਹਾਦਰ ਔਰਤ ਦਾ ਸੂਚਕ ਹੈ। ਉਸ ਵਿਚ ਮਰਦਾਂ ਵਾਲੀ ਦਲੇਰੀ ਹੈ ਅਤੇ ਸਿਆਸੀ ਸੂਝ ਵੀ। ਇਉਂ, ਇਸ ਨਾਟਕ ਦਾ ਸਮੁੱਚਾ ਸਿਰਲੇਖ ਕਾਫੀ ਢੁੱਕਵਾਂ ਪ੍ਰਤੀਤ ਹੁੰਦਾ ਹੈ।

(iii) ਰੰਗਮੰਚ ਦੀ ਦ੍ਰਿਸ਼ਟੀ ਤੋਂ 'ਰਾਣੀ ਜਿੰਦਾਂ'

'ਰਾਣੀ ਜਿੰਦਾਂ' ਡਾ. ਹਰਚਰਨ ਸਿੰਘ ਦਾ ਰੰਗਮੰਚ ਦੀ ਦ੍ਰਿਸ਼ਟੀ ਤੋਂ 'ਲਿਖਿਆ ਗਿਆ ਇਕ ਸਫ਼ਲ ਨਾਟਕ ਹੈ। ਜਿਵੇਂ ਕਿ ਅਸੀਂ ਪਹਿਲਾਂ ਵੀ ਜ਼ਿਕਰ ਕੀਤਾ ਸੀ ਕਿ 'ਨਾਟਕ' ਮੂਲ ਰੂਪ ਵਿਚ ਇਕ ਮਿਸ਼ਰਿਤ ਸਾਹਿਤ-ਰੂਪ ਹੈ। ਇਕ ਤਰਫ਼, ਇਹ ਇਕ ਸ਼ਾਬਦਿਕ-ਕਲਾ ਦੇ ਰੂਪ ਵਿਚ ਪਰਗਟ ਹੁੰਦਾ ਹੈ ਅਤੇ ਦੂਸਰੀ ਤਰਫ਼, ਇਸ ਦਾ ਰੰਗਮੰਚ ਨਾਲ ਡੂੰਘਾ ਸੰਬੰਧ ਹੋਣ ਕਰਕੇ, ਇਹ ਇਕ 'ਦਰਸ਼ਨੀ ਕਲਾ' (Performing Art) ਵੀ ਹੋ ਨਿਬੜਦੀ ਹੈ। ਕਿਸੇ ਨਾਟਕੀ-ਕਿਰਤ ਦੀ ਸੰਪੂਰਣਤਾ, ਉਸ ਦੇ ਰੰਗਮੰਚ ਉੱਪਰ ਪੇਸ਼ ਹੋਣ ਮਗਰੋਂ ਵੀ ਜ਼ਾਹਿਰ ਹੁੰਦੀ ਹੈ। ਇਸ ਕਰਕੇ, ਆਮ ਤੌਰ 'ਤੇ ਇਸ ਸੰਬੰਧ ਵਿਚ ਕਿਹਾ ਜਾਂਦਾ ਹੈ ਕਿ ਰੰਗਮੰਚ ਦੀ ਦ੍ਰਿਸ਼ਟੀ ਤੋਂ ਲਿਖੀ ਹੋਈ ਨਾਟਕੀ-ਕਿਰਤ ਹੀ ਉਤਮ ਨਾਟਕੀ-ਰਚਨਾ ਹੈ।

ਪ੍ਰਸਿੱਧ ਪੰਜਾਬੀ ਨਾਟਕਕਾਰ ਡਾ. ਆਤਮਜੀਤ ਨੇ ਆਪਣੇ ਇਕ ਲੇਖ 'ਰੰਗਮੰਚੀ ਹਾਲਾਤਾਂ ਅਤੇ ਪੰਜਾਬੀ ਨਾਟਕ' ਵਿਚ ਸਪੱਸ਼ਟ ਕੀਤਾ ਹੈ ਕਿ ਨਾਟਕ ਦਾ ਰੰਗਮੰਚ ਨਾਲ ਸਿਰਫ ਸੰਬੰਧ ਹੀ ਨਹੀਂ ਹੁੰਦਾ, ਸਗੋਂ ਇਹ ਉਸ ਦੀ ਮੂਲ ਪ੍ਰੇਰਣਾ ਵੀ ਹੈ। ਉਸ ਦੇ ਕਹਿਣ ਮੁਤਾਬਕ, ਰੰਗਮੰਚ ਇਕ ਭੌਤਿਕ ਸੱਚਾਈ ਹੈ। ਇਹ ਨਿਰੀ-ਪੁਰੀ ਸ਼ਬਦ-ਰਚਨਾ ਹੀ ਨਹੀਂ ਹੈ। ਇਸ ਦੀਆਂ ਬਹੁਤ ਸਾਰੀਆਂ ਵਸਤੂਗਤ ਲੋੜਾਂ ਵੀ ਹਨ। ਨਾਟਕ ਖੇਡਣ ਲਈ ਇਕ ਸਥਾਨ ਦੀ ਲੋੜ ਹੁੰਦੀ ਹੈ। ਉਸ ਨੂੰ ਪੇਸ਼ ਕਰਨ ਲਈ ਲੋੜੀਂਦੇ ਕਲਾਕਾਰਾਂ, ਰੋਸ਼ਨੀਆਂ, ਸਾਮਾਨ ਅਤੇ ਵੇਸ਼ਭੂਸ਼ਾ ਦੀ ਲੋੜ ਹੁੰਦੀ ਹੈ। ਇਥੇ ਹੀ ਬਸ ਨਹੀਂ, ਇਕ

ਦਰਸ਼ਕ-ਮੰਡਲੀ ਦੀ ਵੀ ਲੋੜ ਹੈ। ਉਸ ਤੋਂ ਬਿਨਾ ਥੀਏਟਰ ਸਿਰਫ ਰੀਹਸਲ ਮਾਤਰ ਹੀ ਹੈ। ਇਹ ਸਾਰੇ, ਅਜਿਹੇ ਪੱਖ ਹਨ ਜਿਹੜੇ ਥੀਏਟਰ ਤੇ ਨਾਟਕ ਨੂੰ ਵੀ ਪ੍ਰਭਾਵਿਤ ਕਰਦੇ ਹਨ। ਡਾ. ਆਤਮਜੀਤ ਦਾ ਇਹ ਕਹਿਣਾ ਵੀ ਦਰੁਸਤ ਹੈ ਕਿ ਪੰਜਾਬੀ ਰੰਗਮੰਚ ਵੱਡੇ ਅਤੇ ਵਿਸਤ੍ਰਿਤ ਸੈਟ, ਆਰਥਕ ਪੱਖੋਂ ਅੱਜੇ ਨਹੀਂ ਝੱਲ ਸਕਦਾ। ਇਸੇ ਲਈ ਬਹੁਤੇ ਅਜੋਕੇ ਨਾਟਕਾਂ ਨੇ ਖੁਲ੍ਹੇ ਤੇ ਖ਼ਾਲੀ ਰੰਗਮੰਚ ਦੀ ਕਲਪਨਾ ਕੀਤੀ ਹੈ।

ਕਈ ਵਾਰ ਇਹ ਵੀ ਵੇਖਿਆ ਜਾਂਦਾ ਹੈ ਕਿ ਕੋਈ ਨਾਟਕੀ-ਕਿਰਤ ਪੜ੍ਹਣ ਲੱਗਿਆਂ ਤਾਂ ਕਮਜ਼ੋਰ ਨਜ਼ਰ ਆਉਂਦੀ ਹੈ, ਪਰ ਰੰਗਮੰਚ ਉੱਪਰ ਉਸ ਦੀ ਪੇਸ਼ਕਾਰੀ ਨਾਲ ਉਹੀ ਕਮਜ਼ੋਰ ਨਾਟਕੀ-ਕਿਰਤ ਵੀ ਸ਼ਕਤੀਸ਼ਾਲੀ ਹੋ ਨਿਬੜਦੀ ਹੈ। ਕਈ ਵਾਰ ਇਸ ਦੇ ਐਨ ਉਲਟ ਵੀ ਹੁੰਦਾ ਵੇਖਿਆ ਜਾਂਦਾ ਹੈ। ਕੋਈ ਸ਼ਕਤੀਸ਼ਾਲੀ ਨਾਟਕੀ-ਸਕਰਿਪਟ, ਕਮਜ਼ੋਰ ਕਲਾਕਾਰਾਂ ਦੁਆਰਾ ਰੰਗਮੰਚ 'ਤੇ ਖੇਡੇ ਜਾਣ ਮਗਰੋਂ, ਕਮਜ਼ੋਰ ਜਿਹੀ ਪ੍ਰਤੀਤ ਹੋਣ ਲੱਗ ਪੈਂਦੀ ਹੈ। ਇਕੋ ਨਾਟਕੀ-ਸਕਰਿਪਟ ਦੀਆਂ ਭਿੰਨ ਭਿੰਨ ਰੰਗਮੰਚੀ-ਪੇਸ਼ਕਾਰੀਆਂ ਵੀ ਵਖਰੀਆਂ ਨਜ਼ਰ ਆਉਣ ਲੱਗ ਪੈਂਦੀਆਂ ਹਨ। ਕਈ ਵਾਰ ਕਲਾਕਾਰ ਬਦਲਣ ਨਾਲ ਇਹ ਫਰਕ ਪੈ ਜਾਂਦਾ ਹੈ ਅਤੇ ਕਈ ਉਹੀ ਕਲਾਕਾਰ ਉਸ ਸ਼ਿੱਦਤ ਨਾਲ ਨਾਟਕ ਨੂੰ ਰੰਗਮੰਚ 'ਤੇ ਹੀ ਨਹੀਂ ਖੇਡ ਪਾਂਦੇ। ਇਉਂ : ਨਾਟਕ ਦਾ ਰੰਗਮੰਚ ਨਾਲ ਡੂੰਘਾ ਸੰਬੰਧ ਤਾਂ ਹੈ ਹੀ, ਨਾਲ ਹੀ ਇਹ ਉਸਦੀ ਜ਼ਰੂਰਤ ਵੀ ਹੈ।

ਇਸ ਦ੍ਰਿਸ਼ਟੀ ਤੋਂ ਜਦੋਂ ਅਸੀਂ 'ਰਾਣੀ ਜਿੰਦਾਂ' ਨਾਟਕ ਨੂੰ ਚਰਚਾ ਦਾ ਵਿਸ਼ਾ ਬਣਾਉਂਦੇ ਹਾਂ ਤਾਂ ਇਹ ਗੱਲ ਸਾਫ਼ ਤੌਰ 'ਤੇ ਜ਼ਾਹਿਰ ਹੈ ਕਿ ਡਾ. ਹਰਚਰਨ ਸਿੰਘ ਨੇ ਇਸ ਨਾਟਕ ਨੂੰ, ਰੰਗਮੰਚ ਦੀਆਂ ਤਕਨੀਕੀ-ਜ਼ਰੂਰਤਾਂ ਤੇ ਬਰੀਕੀਆਂ ਨੂੰ ਧਿਆਨ ਵਿਚ ਰੱਖਕੇ ਲਿਖਿਆ ਹੈ। ਇਸ ਦਾ ਜ਼ਿਕਰ, ਉਨ੍ਹਾਂ ਨੇ ਇਸ ਨਾਟਕ ਦੀ ਭੂਮਿਕਾ 'ਨਾਟਕ ਬਾਰੇ : ਦੋ ਸ਼ਬਦ' ਵਿਚ ਕੀਤਾ ਹੈ। ਇਸ ਸੰਬੰਧੀ ਨਾਟਕਕਾਰ ਦੀ ਇਹ ਟਿੱਪਣੀ ਇਥੇ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹੈ :-

> "ਆਪਣੇ ਬਾਕੀ ਨਾਟਕਾਂ ਵਾਂਗ ਰਾਣੀ ਜਿੰਦਾਂ ਨੂੰ ਵੀ ਮੈਂ ਰੰਗਮੰਚ ਉਤੇ ਖੇਡਣ ਖਾਤਰ ਹੀ ਲਿਖਿਆ ਹੈ। ਪੰਜਾਬ ਦੇ ਸਿੱਖ ਇਤਿਹਾਸ ਵਿਚੋਂ ਮੈਂ ਅੱਗੇ ਵੀ ਕਈ ਨਾਟਕ ਲਿਖੇ ਹਨ ਪਰ ਪਹਿਲੀ ਦਫਾ ਅਦੁੱਤੀ ਵੀਰ-ਨਾਇਕਾ ਰਾਣੀ ਜਿੰਦਾਂ ਨੂੰ ਮੁੱਖ ਪਾਤਰ ਵਜੋਂ ਪੇਸ਼ ਕਰਕੇ, ਨਾਟਕਕਾਰ ਦੇ ਤੌਰ 'ਤੇ ਮੇਰੀ ਪੂਰੀ ਤਸੱਲੀ ਹੋਈ ਹੈ। ਮੁਖ-ਪਾਤਰ ਜਾਂ ਨਾਇਕ ਦੇ ਮੰਚ ਤੋਂ ਗ਼ੈਰ-ਹਾਜ਼ਰ ਹੋਣ ਨਾਲ, ਨਾਟਕ ਪੂਰਾ ਜ਼ੋਰ ਨਹੀਂ ਫੜਦਾ।"
> (ਪੰਨੇ : 9-10)

ਇਸ ਤੋਂ ਛੁੱਟ ਇਥੇ ਇਹ ਵੀ ਜ਼ਿਕਰ ਕੀਤਾ ਗਿਆ ਹੈ ਕਿ ਇਸ ਨਾਟਕ ਦੇ ਨਿਰਮਾਤਾ ਸ੍ਰੀ ਐਚ. ਐਸ. ਭੱਟੀ ਨੇ ਪੰਜਾਬ ਕਲਾ ਕੇਂਦਰ ਦੇ ਕਲਾਕਾਰਾਂ ਰਾਹੀਂ ਇਸ ਨਾਟਕ ਨੂੰ ਤਿਆਰ ਕਰਵਾ ਕੇ, ਦੇਸ਼-ਪ੍ਰਦੇਸ਼ ਵਿਚ ਖੇਡਣ ਦਾ ਸਫਲ ਉਪਰਾਲਾ ਵੀ ਕੀਤਾ। ਭਾਰਤ ਦੇ ਪ੍ਰਸਿੱਧ ਨਾਟਕ ਨਿਰਦੇਸ਼ਕ ਸ੍ਰੀ ਇਬਰਾਹੀਮ ਅਲਕਾਜ਼ੀ ਦੇ ਕਹਿਣ 'ਤੇ ਪ੍ਰੋਫੈਸਰ ਮੋਹਨ ਮਹਾਂਰਿਸ਼ੀ ਨੂੰ ਇਸ ਨਾਟਕ ਦੇ ਨਿਰਦੇਸ਼ਕ ਦਾ ਕਾਰਜ ਸਪੁੱਰਦ ਕੀਤਾ ਗਿਆ ਸੀ। ਉਨ੍ਹਾਂ ਨੇ ਇਸ ਨਾਟਕ ਨੂੰ ਰੰਗਮੰਚ 'ਤੇ ਪੇਸ਼ ਕਰਨ ਦਾ ਚੈਲੰਜ ਕਬੂਲ ਕੀਤਾ। ਇਸ ਕਾਰਜ ਲਈ ਉਹ ਸਮੇਂ ਸਮੇਂ ਇਸ ਨਾਟਕ ਦੇ ਲੇਖਕ ਕੋਲੋਂ ਵੀ ਯੋਗ ਤੇ ਲੋੜੀਂਦੀ ਸਲਾਹ ਲੈਂਦੇ ਰਹੇ।

ਸਪੱਸ਼ਟ ਹੈ ਕਿ ਡਾ. ਹਰਚਰਨ ਸਿੰਘ ਨੇ ਸੁਚੇਤ ਪੱਧਰ 'ਤੇ ਇਸ ਨਾਟਕ ਨੂੰ ਰੰਗਮੰਚ (ਥੀਏਟਰ) ਦੀ ਸਟੇਜ 'ਤੇ ਖੇਡਣ ਲਈ ਲਿਖਿਆ ਹੈ। ਸਿਰਫ ਖੇਡਣ ਲਈ ਲਿਖਿਆ ਹੀ ਨਹੀਂ ਸਗੋਂ ਇਸ ਖੇਤਰ ਦੇ ਮਾਹਿਰ (ਨਿਰਦੇਸ਼ਕ) ਸ੍ਰੀ ਇਬਰਾਹੀਮ ਅਲਕਾਜ਼ੀ ਦੀ ਸਲਾਹ 'ਤੇ ਪ੍ਰੋ. ਮੋਹਨ ਮਹਾਰਿਸ਼ੀ ਤੋਂ ਇਸ ਨਾਟਕ ਦਾ ਨਿਰਦੇਸ਼ਨ ਵੀ ਕਰਵਾਇਆ। ਇਹ ਨਾਟਕ ਦੇਸ਼-ਪ੍ਰਦੇਸ਼ ਵਿਚ ਕਈ ਵਾਰ ਖੇਡਿਆ ਜਾ ਚੁੱਕਾ ਹੈ।

ਇਸ ਨਾਟਕ ਵਿਚ ਵੀ ਕੋਈ ਘਟਨਾ ਜਾਂ ਸਥਿਤੀ ਅਜਿਹੀ ਨਹੀਂ ਜਿਸ ਨੂੰ ਰੰਗਮੰਚ (ਥੀਏਟਰ) 'ਤੇ ਵਿਖਾਇਆ ਨਾ ਜਾ ਸਕੇ। ਇਹ ਗੱਲ ਵਖਰੀ ਹੈ ਕਿ ਥਾਂ ਥਾਂ 'ਤੇ ਇਸ ਕਾਰਜ ਲਈ ਧੁਨੀ ਤੇ ਸੰਗੀਤ ਦਾ ਸਹਾਰਾ ਲੈਣਾ ਪਵੇਗਾ। ਸੰਗੀਤ ਤੇ ਧੁਨੀ ਦੀ ਮਦਦ ਨਾਲ, ਸੰਕੇਤਕ-ਸ਼ੈਲੀ ਵਿਚ ਕਿਲ੍ਹੇ ਦੇ ਦ੍ਰਿਸ਼ਾਂ ਨੂੰ ਵੀ ਬਾਖ਼ੂਬੀ ਵਿਖਾਇਆ ਜਾ ਸਕਦਾ ਹੈ। ਰੰਗਮੰਚ ਦੀ ਦ੍ਰਿਸ਼ਟੀ ਤੋਂ ਵੀ ਇਹ ਇਕ ਸਫਲ ਨਾਟਕ ਕਿਹਾ ਜਾ ਸਕਦਾ ਹੈ। ਨਾਟਕ ਵਿਚ ਲੋੜੀਂਦੇ ਵਰਤਾਵਰਨ ਜਾਂ ਮਾਹੌਲ ਦੀ ਸਿਰਜਣਾ ਅਕਸਰ ਧੁਨੀ ਤੇ ਸੰਗੀਤ ਦੀ ਮਦਦ ਨਾਲ ਕੀਤੀ ਜਾਂਦੀ ਹੈ। ਇਤਿਹਾਸਕ ਤਿੱਥਾਂ ਜਾਂ ਸਾਲਾਂ, ਕਿਲ੍ਹਿਆਂ ਜਾਂ ਬੀਆਬਾਨ ਜੰਗਲਾਂ ਆਦਿ ਸਭ ਕੁਝ ਦੀ ਪੇਸ਼ਕਾਰੀ ਰੰਗਮੰਚ 'ਤੇ ਨਿਰਸੰਕੋਚ ਕੀਤੀ ਜਾ ਸਕਦੀ ਹੈ।

ਆਲੋਚਨਾਤਮਕ ਟਿੱਪਣੀ :- ਡਾ. ਹਰਚਰਨ ਸਿੰਘ ਦੇ ਨਾਟਕ ਰਾਣੀ ਜਿੰਦਾਂ ਨੂੰ ਜਦੋਂ ਅਸੀਂ ਵਿਸ਼ੇ-ਵਸਤੂ ਤੇ ਸਮੱਸਿਆ ਚਰਿੱਤਰ ਚਿੱਤਰਣ ਦੀ ਕਲਾ, ਵਾਰਤਾਲਾਪ ਜਾਂ ਸੰਵਾਦ, ਪਾਤਰ-ਚਿੱਤਰਣ, ਕਥਾਨਕ (ਪਲਾਟ) ਦ੍ਰਿਸ਼ ਦਾ ਵਾਤਾਵਰਣ (ਮਾਹੌਲ) ਸਿਰਜਣਾ ਤਣਾਉ ਤੇ ਸੰਘਰਸ਼, ਵਿਚਾਰ ਤੱਤ, ਭਾਸ਼ਾ-ਸ਼ੈਲੀ, ਉਦੇਸ਼ ਸਿਰਲੇਖ ਅਤੇ ਰੰਗਮੰਚ ਆਦਿ ਦੀ ਦ੍ਰਿਸ਼ਟੀ ਤੋਂ ਚਰਚਾ ਦਾ ਵਿਸ਼ਾ ਬਣਾਇਆ ਹੈ ਤਾਂ ਇਹ ਗੱਲ ਸਾਫ ਤੌਰ 'ਤੇ ਉਚਾਗਰ ਹੋ ਜਾਂਦੀ ਹੈ ਕਿ ਨਾਟਕ-ਕਲਾ ਤੇ ਰੰਗਮੰਚ ਦੀ ਦ੍ਰਿਸ਼ਟੀ ਤੋਂ ਇਹ ਇਕ ਸਫਲ ਨਾਟਕ ਹੈ। ਨਾਟਕ ਦਾ ਆਰੰਭ ਨਾਟਕੀ ਤੇ ਪ੍ਰਭਾਵਸ਼ਾਲੀ ਹੈ। ਨਾਟਕ ਦੀ ਮੂਲ-ਟੈਕਸਟ ਦੇ ਸ਼ੁਰੂ

ਹੋਣ ਤੋਂ ਪਹਿਲਾਂ ਇਸ ਨਾਟਕ ਦੇ ਮੁੱਢ ਵਿਚ ਨਾਟਕਕਾਰ ਦੇ ਆਰੰਭਿਕਾ ਦਿੱਤੀ ਹੈ। ਇਸ ਆਰੰਭਿਕਾ ਦੀ ਮਦਦ ਨਾਲ ਨਾਟਕਕਾਰ ਆਪਣੇ ਨਾਟਕ ਦੀ ਮੂਲ-ਟੈਕਸਟ ਨੂੰ ਪੇਸ਼ ਕਰਦਾ ਹੈ। ਇਹ ਗੱਲ 27 ਮਾਰਚ 1924 ਦੀ ਹੈ। 61 ਸਾਲਾਂ ਮਗਰੋਂ ਮਹਾਰਾਜਾ ਦਲੀਪ ਸਿੰਘ ਦੀ ਪੁੱਤਰੀ ਮਿਸ ਬੰਬਾ ਦਲੀਪ ਸਿੰਘ, ਅੰਗ੍ਰੇਜ਼ੀ ਲਿਬਾਸ ਵਿਚ ਆਪਣੀ ਦਾਦੀ ਰਾਣੀ ਜਿੰਦਾਂ ਦੀ ਅੰਤਿਮ ਇੱਛਾ ਨੂੰ ਪੂਰਨ ਕਰਨ ਲਈ ਲਾਹੌਰ ਆਈ ਹੋਈ ਹੈ। ਅਖਬਾਰਾਂ ਨੂੰ ਵੇਚਣ ਵਾਲੇ ਇਸ ਖ਼ਬਰ ਨੂੰ ਪੰਜਾਬ ਵਿਚ ਰਾਣੀ ਜਿੰਦਾਂ ਦੀ ਮੁੜ ਵਾਪਸੀ ਦਸ ਕੇ ਸਨਸਨੀਖੇਜ਼ ਬਣਾਉਂਦੇ ਹਨ ਅਤੇ ਆਪਣੀਆਂ ਅਖ਼ਬਾਰਾਂ ਦੀ ਖੂਬ ਵਿਕਰੀ ਕਰਦੇ ਹਨ। ਇਤਨੇ ਨੂੰ ਮਿਸ ਬੰਬਾ ਸਟੇਜ 'ਤੇ ਆਉਂਦੀ ਹੈ। ਸਰਦਾਰ ਹਰਬੰਸ ਸਿੰਘ ਅਟਾਰੀ ਉਸ ਦੀ ਅਗਵਾਈ ਕਰਨ ਲਈ ਉਸ ਦੇ ਨਾਲ ਹੈ। ਪ੍ਰੈਸ ਰਿਪੋਰਟਰ ਉਸ ਕੋਲੋਂ ਸਵਾਲ ਪੁੱਛਦਾ ਹੈ ਅਤੇ ਉਹ ਉਨ੍ਹਾਂ ਸਵਾਲਾਂ ਦੇ ਜਵਾਬ ਦਿੰਦੀ ਹੈ। ਫੋਟੋਗ੍ਰਾਫਰ ਉਸ ਦੀ ਤਸਵੀਰਾਂ ਖਿੱਚਦਾ ਹੈ। ਗੱਲਬਾਤ ਤੋਂ ਪਤਾ ਚਲਦਾ ਹੈ ਕਿ ਉਹ 61 ਵਰ੍ਹਿਆਂ ਮਗਰੋਂ ਆਪਣੀ ਦਾਦੀ ਦੀ ਅੰਤਮ ਇੱਛਾ ਨੂੰ ਪੂਰਿਆਂ ਲਈ ਲਾਹੌਰ ਆਈ ਹੈ ਜਿਸ ਨੂੰ ਉਸ ਦਾ ਪਿਤਾ ਮਹਾਰਾਜਾ ਦਲੀਪ ਸਿੰਘ ਇਜਾਜ਼ਤ ਨਾ ਮਿਲੀ ਹੋਣ ਕਾਰਨ, ਪੂਰਨ ਨਹੀਂ ਸੀ ਕਰ ਸਕਿਆ। ਉਹ ਮਹਾਰਾਜਾ ਰਣਜੀਤ ਸਿੰਘ ਦੀ ਸਮਾਧੀ ਦੇ ਕੋਲ ਜਾ ਕੇ ਰਾਣੀ ਜਿੰਦਾਂ ਦੀ ਅੰਤਮ ਅਰਦਾਸ ਕਰਦੀ ਹੈ ਅਤੇ ਹਰਬੰਸ ਸਿੰਘ ਅਟਾਰੀ ਦੀ ਯੋਗ ਅਗਵਾਈ ਵਿਚ ਉਨ੍ਹਾਂ ਸਾਰੀਆਂ ਥਾਵਾਂ ਨੂੰ ਵੇਖਣ ਦੀ ਇੱਛਾ ਪਰਗਟ ਕਰਦੀ ਹੈ ਜਿਨ੍ਹਾਂ ਦੇ ਨਾਲ ਰਾਣੀ ਜਿੰਦਾਂ ਜਾਂ ਮਹਾਰਾਜਾ ਦਲੀਪ ਸਿੰਘ ਦਾ ਸੰਬੰਧ ਰਿਹਾ ਹੈ। ਬਸ ਇਥੋਂ ਹੀ ਨਾਟਕ ਦਾ ਆਰੰਭ ਬੜੇ ਨਾਟਕੀ-ਢੰਗ ਨਾਲ ਹੋ ਜਾਂਦਾ ਹੈ। ਇਸ ਮਗਰੋਂ ਝਟ ਹੀ ਨਾਟਕੀ-ਦ੍ਰਿਸ਼ 16 ਅਗਸਤ 1847 ਦਾ ਪੇਸ਼ ਹੁੰਦਾ ਹੈ। ਰਾਣੀ ਜਿੰਦਾਂ ਆਪਣੇ ਸ਼ਾਹੀ ਕਿਲ੍ਹੇ ਦੇ ਨਿਜੀ ਕਮਰੇ ਵਿਚ ਬੈਠੀ ਵਿਖਾਈ ਦੇਂਦੀ ਹੈ ਜੋ ਕੁਝ ਚਿਰ ਪਹਿਲਾਂ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਨਿਜੀ ਕਮਰਾ ਹੋਇਆ ਕਰਦਾ ਸੀ। ਇਸ ਮਗਰੋਂ ਨਾਟਕੀ-ਕਾਰਜ ਪਹਿਲਾਂ ਆਹਿਸਤਾ ਆਹਿਸਤਾ ਅਤੇ ਫਿਰ ਤੇਜ਼ ਗਤੀ ਨਾਲ ਆਪਣੀ ਸਿਖਰ ਵੱਲ ਵਧਦਾ ਹੈ। ਇਉਂ ਨਾਟਕੀ-ਕਾਰਜ ਲਾਹੌਰ (ਪੰਜਾਬ) ਤੇ ਕਾਠਮੰਡੂ ਅਤੇ ਫਿਰ ਕਲਕੱਤੇ ਦੇ ਹੋਟਲ ਅਤੇ ਅਖ਼ੀਰ 'ਤੇ ਲੰਡਨ ਦੀ ਧਰਤੀ 'ਤੇ ਰਾਣੀ ਜਿੰਦਾਂ ਦੀ ਮੌਤ ਨਾਲ ਸਿਖਰ ਤੇ ਪਹੁੰਚਦਾ ਹੈ। ਇਸ ਨਾਟਕ ਵਿਚ ਨਾਇਕਾ ਰਾਣੀ ਜਿੰਦਾਂ ਨੂੰ ਤਾਂ ਬਾਖ਼ੂਬੀ ਪੇਸ਼ੀ ਕੀਤਾ ਗਿਆ ਹੈ ਅਤੇ ਉਸ ਦੀ ਸ਼ਖ਼ਸੀਅਤ ਤੇ ਚਰਿੱਤਰ ਦੇ ਗੁਣਾਂ ਨੂੰ ਵਾਰਤਾਲਾਪਾਂ-ਸੰਵਾਦਾਂ ਅਤੇ ਨਾਟਕੀ-ਕਾਰਜਾਂ ਰਾਹੀਂ ਉਭਾਰਿਆ ਗਿਆ ਹੈ ਪਰ ਇਥੇ ਨਾਇਕ (ਮਹਾਰਾਜਾ ਰਣਜੀਤ ਸਿੰਘ) ਦੀ ਗ਼ੈਰ-ਹਾਜ਼ਰੀ ਸਾਨੂੰ ਕਈ ਵਾਰ ਜ਼ਰੂਰ ਅਖਰਦੀ ਹੈ। ਨਾਇਕ ਜਾਂ ਮੁੱਖ ਪਾਤਰ ਦੇ ਸਟੇਜ ਤੋਂ ਗ਼ੈਰ ਹਾਜ਼ਰ ਹੋਣ ਨਾਲ ਇਹ ਨਾਟਕ ਪੂਰਾ ਜ਼ੋਰ ਨਹੀਂ ਫੜ ਪਾਂਦਾ। ਨਾਲੇ ਰਾਣੀ ਜਿੰਦਾਂ ਨੂੰ ਇਥੇ ਲੋੜੋਂ ਵੱਧ ਜਜ਼ਬਾਤੀ ਅਤੇ ਹਕੀਕਤ ਨੂੰ ਨਾਂਹ ਭਾਪਣ ਵਾਲੀ ਨਾਇਕਾ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਸ ਤਰ੍ਹਾਂ ਦੀਆਂ ਕੁਝ ਇਕ ਕਮਜ਼ੋਰੀਆਂ ਤੇ ਸੀਮਾਵਾਂ ਦੇ ਬਾਵਜੂਦ ਇਹ ਇਕ ਸਫ਼ਲ ਨਾਟਕ ਹੋ ਨਿਬੜਦਾ ਹੈ।

ਵਿਦਿਅਕ ਵਰ੍ਹਾ - 2008-09

ਪ੍ਰਸ਼ਨ - ਪੱਤਰ

ਪਾਠ ਨੰਬਰ-1

1. ਭਾਰਤੀ ਨਾਟਕ ਪਰੰਪਰਾ ਬਾਰੇ ਸੰਖੇਪ ਵਿਚ ਲਿਖੋ।
2. ਭਾਰਤੀ ਨਾਟਕ ਉੱਪਰ ਪਏ ਇਸਲਾਮੀ ਪ੍ਰਭਾਵਾਂ ਨਾਲ ਜਾਣ-ਪਛਾਣ ਕਰਾਓ।
3. "ਪੰਜਾਬੀ ਨਾਟਕ, ਪੱਛਮੀ ਪ੍ਰਭਾਵਾਂ ਅਧੀਨ ਪੈਦਾ ਹੋਇਆ"-ਇਸ ਕਥਨ ਦੀ ਪੁਸ਼ਟੀ ਕਰੋ।
4. ਆਧੁਨਿਕ ਪੰਜਾਬੀ ਨਾਟਕ ਦੇ ਨਿਕਾਸ ਬਾਰੇ ਸੰਖੇਪ 'ਚ ਨੋਟ ਲਿਖੋ।
5. ਡਾ. ਹਰਚਰਨ ਸਿੰਘ ਦੀ ਨਾਟਕ-ਕਲਾ ਬਾਰੇ ਜਾਣ-ਪਛਾਣ ਕਰਾਉਂਦਿਆਂ, 'ਰਾਣੀ ਜਿੰਦਾਂ ਨਾਟਕ ਦਾ ਥਾਂ ਨਿਸ਼ਚਿਤ ਕਰੋ।

ਪਾਠ ਨੰਬਰ-2

1. 'ਰਾਣੀ ਜਿੰਦਾਂ ਨਾਟਕ ਦਾ ਕਥਾ ਸਾਰ ਆਪਣੇ ਸ਼ਬਦਾਂ ਵਿਚ ਪੇਸ਼ ਕਰੋ।
2. 'ਰਾਣੀ ਜਿੰਦਾਂ ਨਾਟਕ ਦੇ ਪਮੁੱਖ ਦ੍ਰਿਸ਼ਾਂ ਨਾਲ ਜਾਣ-ਪਛਾਣ ਕਰਾਉ।

ਪਾਠ ਨੰਬਰ-3

1. 'ਰਾਣੀ ਜਿੰਦਾਂ ਨਾਟਕ ਦੇ ਵਿਸ਼ੇ-ਵਸਤੂ ਬਾਰੇ ਚਰਚਾ ਕਰੋ।
2. 'ਰਾਣੀ ਜਿੰਦਾਂ ਨਾਟਕ ਦੀ ਮੂਲ ਸਮੱਸਿਆ ਕੀ ਹੈ? ਚਰਚਾ ਕਰੋ।

ਪਾਠ ਨੰਬਰ-4

1. ਨਾਟਕ ਵਿਚ ਚਰਿੱਤਰ-ਚਿਤਰਣ ਦਾ ਕੀ ਮਹੱਤਵ ਹੁੰਦਾ ਹੈ? ਸੰਖੇਪ ਵਿਚ ਲਿਖੋ।
2. 'ਰਾਣੀ ਜਿੰਦਾਂ ਨਾਟਕ ਦੀ ਪਾਤਰ-ਚਿੱਤਰਣ ਕਲਾ ਉਪਰ ਇਕ ਸੰਖੇਪ ਨੋਟ ਲਿਖੋ।
3. 'ਰਾਣੀ ਜਿੰਦਾਂ ਵਿਚਲੇ ਹੇਠ ਲਿਖੇ ਪਾਤਰਾਂ ਦਾ ਪਾਤਰ-ਚਿਤਰਣ ਕਰੋ:-
   ਰਾਣੀ ਜਿੰਦਾਂ, ਮਹਾਰਾਜਾ ਦਲੀਪ ਸਿੰਘ, ਰਾਜਾ ਸ਼ੇਰ ਸਿੰਘ ਅਟਾਰੀ, ਰਾਜਾ ਤੇਜ ਸਿੰਘ, ਹੈਨਰੀ ਲਾਰੰਸ ਤੇ ਫਰੈਡਰਿਕ ਕਰੀ ਆਦਿ।

ਪਾਠ ਨੰਬਰ-5

1. 'ਰਾਣੀ ਜਿੰਦਾਂ ਨਾਟਕ ਦੀ ਨਾਟਕ ਕਲਾ ਬਾਰੇ ਚਰਚਾ ਕਰੋ।
2. ਰੰਗਮੰਚ ਦੀ ਦ੍ਰਿਸ਼ਟੀ ਤੋਂ ਰਾਣੀ ਜਿੰਦਾਂ ਦਾ ਅਧਿਐਨ ਕਰੋ।
3. 'ਰਾਣੀ ਜਿੰਦਾਂ ਨਾਟਕ ਦਾ ਇਕ ਸਰਬਪੱਖੀ ਆਲੋਚਨਾਤਮਕ ਅਧਿਐਲ ਪੇਸ਼ ਕਰੋ।